ਜੂਨ 2025

# ਗੁਰਮਤਿ ਵਿਰਸਾ

GURMAT VIRSA ਗੁਰਮਤਿ ਵਿਰਸਾ

Year-6, Issue-11, June 2025, Ludhiana gurmatvirsa@gmail.com Multilingual Price 25/-



## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਇਕ ਸੁਹਿਰਦ ਉਪਰਾਲਾ

# ਅੰਤਰਰਾਸ਼ਟਰੀ ਸਿੱਖ ਯੂਥ ਅਸੈਂਬਲੀ 2025

## 18 ਰਾਜਾਂ ਅਤੇ ਤਿੰਨ ਦੇਸ਼ਾਂ ਦੇ 150 ਗੁਰਸਿੱਖ ਨੌਜਵਾਨ ਬਣੇ ਵਿਚਾਰ ਗੋਸ਼ਟੀ ਦਾ ਹਿੱਸਾ



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਨਵਾਂਸ਼ਹਿਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਵਿਖੇ ਗੁਰਮਤਿ ਸਿਖਲਾਈ ਕੈਂਪ ਲਾਇਆ ਗਿਆ।



ਕੇਂਦਰ ਨਵਾਂਸ਼ਹਿਰ ਦੇ ਬੱਬਰ ਕਰਮ ਸਿੰਘ ਮੈਮੋਰੀਅਲ ਸਕੂਲ ਦੌਲਤਪੁਰ ਵਿਖੇ ਗੁਰਮਤਿ ਸਿਖਲਾਈ ਕੈਂਪ ਲਾਇਆ ਗਿਆ।



ਕੇਂਦਰ ਨਵਾਂਸ਼ਹਿਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਾਡਲਾ ਵਿਖੇ ਗੁਰਮਤਿ ਸਿਖਲਾਈ ਕੈਂਪ ਲਾਇਆ ਗਿਆ।




ਕੇਂਦਰ ਤਰਨਤਾਰਨ ਦੇ ਬਾਬਾ ਦੀਪ ਸਿੰਘ ਸਕੂਲ ਬੇਗੋਪੁਰ ਵਿਖੇ ਗੁਰਮਤਿ ਸਿਖਲਾਈ ਕੈਂਪ ਲਾਇਆ ਗਿਆ।



ਕੇਂਦਰ ਅੱਪਰਾ ਵਲੋਂ ਐਵਰਸ਼ਾਈਨ ਪਬਲਿਕ ਸਕੂਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਅੱਪਰਾ ਵਲੋਂ ਦਸਮੇਸ਼ ਕਾਨਵੈਂਟ ਸਕੂਲ ਪਿੰਡ ਅੱਟੀ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਕਾਲੇਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਦੇ ਪਿੰਡ ਪਲਾਸੌਰ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।

# ਗੁਰਮਤਿ ਵਿਰਸਾ

ਜੂਨ 2025 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

## ਜੇਠ-ਹਾੜ੍ਹ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ 1984 — 21 ਜੇਠ (4 ਜੂਨ)
- ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — 28 ਜੇਠ (11 ਜੂਨ)
- ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਸਾਹਿਬ ਜੀ — 2 ਹਾੜ੍ਹ (16 ਜੂਨ)
- ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ — 10 ਹਾੜ੍ਹ (24 ਜੂਨ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਰਿਪੋਰਟ: ਅੰਤਰਰਾਸ਼ਟਰੀ ਸਿੱਖ ਯੂਥ ਅਸੈਂਬਲੀ ਦਾ ਦੂਜਾ ਇਜਲਾਸ | 11 |
| ਜੂਨ 84 ਸਾਕੇ ਪ੍ਰਤੀ ਸੁਹਿਰਦ ਪਹੁੰਚ ਅਪਣਾਉਣ ਦੀ ਲੋੜ | 12 |
| ਪਹਿਲਾ ਸਿੱਖ ਹੁਕਮਰਾਨ ਬੰਦਾ ਸਿੰਘ ਬਹਾਦਰ | 14 |
| ਬਾਬਾ ਬੰਦਾ ਸਿੰਘ ਬਹਾਦਰ ਦੀਆਂ ਧਰਮ ਪਤਨੀਆਂ... | 18 |
| ਦਿੱਲੀ ਨਸਲਕੁਸ਼ੀ, ਹੋਂਦ ਚਿੱਲੜ, ਪਟੌਦੀ, ਚਿੱਠੀ ਸਿੰਘਪੁਰਾ ਤੇ... | 19 |
| ਆਓ ਸਿੱਖ ਕੌਮ ਦੇ ਪਹਿਲੇ ਸ਼ਹੀਦ ਸ੍ਰੀ ਗੁਰੂ ਅਰਜਨ ਸਾਹਿਬ... | 21 |
| ਨੰਨੇ ਵਾਰਸ | 22 |
| ਮਜੀਠਾ ਸ਼ਰਾਬ ਕਾਂਡ | 25 |
| ਤਪਸ਼ ਅਤੇ ਲੂਅ ਦਾ ਮਹੀਨਾ ਜੇਠ | 27 |
| ਪੰਜਾਬ ਦੇ ਦੋਆਬੇ | 28 |
| ਜੰਗਲਾਂ ਦਾ ਸਫਾਇਆ | 30 |
| ਕਾਵਿ ਕਿਆਰੀ | 31 |
| **ਬਾਬਾ ਬੰਦਾ ਸਿੰਘ ਬਹਾਦਰ** | **32** |
| Guru Arjan Sahib Ji: The Crown of Martyrs | 35 |
| ਸਾਡੀ ਖੇਤੀ | 37 |
| ਸਿਹਤ ਸੰਭਾਲ | 38 |
| ਗੁਰਮਤਿ ਸੰਜੋਗ | 40 |
| ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ | 41 |




## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# 1984 ਦੇ ਦੁਖਾਂਤ ਅਤੇ ਪਹਿਲਗਾਮ ਦੇ ਦੁਖਾਂਤ ਵਿਚ ਪੀੜ ਦਾ ਫਰਕ

ਜਦੋਂ ਵੀ ਕਿਸੇ ਵੀ ਸਮੇਂ ਅਤੇ ਕਿਸੇ ਵੀ ਜਗ੍ਹਾ ਤੇ ਕੋਈ ਦਰਦਨਾਕ ਹਾਦਸਾ ਵਾਪਰਦਾ ਹੈ ਤਾਂ ਹਰ ਮਨੁੱਖ ਪੀੜਾ ਮਹਿਸੂਸ ਕਰਦਾ ਹੈ ਪਰ ਇਸ ਪੀੜਾ ਦਾ ਅਸਰ ਇਲਾਕੇ ਅਤੇ ਨੇੜਤਾ ਦੇ ਮੱਦੇ ਨਜ਼ਰ ਆਪਣਾ ਪ੍ਰਭਾਵ ਜਰੂਰ ਪਾਉਂਦਾ ਹੈ। ਧਰਮ ਵੀ ਇਸ ਪੀੜਾ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਇਹ ਸਾਰਾ ਕੁਝ ਇਨਸਾਨੀ ਨਾਤੇ ਆਪਣੇ ਆਪਣੇ ਪੱਧਰ ਤੇ ਕੀਤਾ ਜਾਂਦਾ ਹੈ। ਪਰ ਜਦੋ ਉਸ ਪ੍ਰਾਂਤ ਦੀ ਸਰਕਾਰ ਜਾਂ ਕੇਂਦਰ ਸਰਕਾਰ ਇਹਨਾਂ ਵੱਡੇ ਹਾਦਸਿਆਂ ਨਾਲ ਸੰਬੰਧਿਤ ਹੁੰਦੀਆਂ ਹਨ ਅਤੇ ਉਹ ਅਲੱਗ ਅਲੱਗ ਤਰ੍ਹਾਂ ਉਸ ਦਰਦ ਨੂੰ ਮਹਿਸੂਸ ਕਰਨ, ਫਿਰ ਫਰਕ ਤਾਂ ਪੈਂਦਾ ਹੈ। ਜਿਵੇਂ ਦਿੱਲੀ ਨਸਲਕੁਸ਼ੀ, ਹੋਂਦ ਚਿੱਲੜ, ਚਿੱਠੀ ਸਿੰਘਪੁਰਾ, ਗੁਜਰਾਤ ਅਤੇ ਪਹਿਲਗਾਮ ਦਾ ਦਰਦ ਇੱਕੋ ਜਿਹਾ ਸੀ, ਪਰ ਮੌਕੇ ਦੀਆਂ ਸਰਕਾਰਾਂ ਨੇ ਉਸ ਨੂੰ ਵਿਤਕਰੇ ਵਾਲਾ ਅੰਜਾਮ ਦੇ ਦਿੱਤਾ। ਮਨੁੱਖ ਦਾ ਇੱਕ ਸੁਭਾਅ ਬਣ ਗਿਆ ਹੈ ਕਿ ਆਪਣਾ ਜਿੱਡਾ ਮਰਜ਼ੀ ਨੁਕਸਾਨ ਹੋ ਜਾਵੇ ਪਰ ਬਦਲੇ ਵਿੱਚ ਕੀਤੇ ਦੂਜੇ ਦੇ ਨੁਕਸਾਨ ਤੇ ਐਨਾ ਖੁਸ਼ ਹੁੰਦਾ ਹੈ ਕਿ ਉਹ ਆਪਣਾ ਦਰਦ ਹੀ ਭੁੱਲ ਜਾਂਦਾ ਹੈ। ਇਸੇ ਤਰ੍ਹਾਂ ਸਰਕਾਰਾਂ ਮਾਹੌਲ ਸਿਰਜ ਦਿੰਦੀਆਂ ਹਨ, ਜਿਸ ਨਾਲ ਆਮ ਲੋਕ ਦੁਖਾਂਤ ਭੁੱਲ ਕੇ ਸਰਕਾਰ ਦੀ ਵਾਹ ਵਾਹ ਕਰਨ ਲੱਗ ਪੈਂਦੇ ਹਨ।




**ਕੈਪਟਨ ਅਵਤਾਰ ਸਿੰਘ**
**97819-90206**


ਬੀਤੇ ਸਮੇਂ ਵਿੱਚ ਬਹੁਤਾਤ ਵਿੱਚ ਬੇਕਸੂਰ, ਸ਼ਾਂਤੀ ਪਸੰਦ ਅਤੇ ਆਮ ਲੋਕਾਂ ਦੀ ਮਾਰ-ਕੁੱਟ, ਕਤਲੋਗਾਰਤ ਅਤੇ ਲੁੱਟਮਾਰ ਕੀਤੀ ਗਈ। ਜਦੋਂ ਕਿ ਕਰਨ ਵਾਲੇ ਅਤੇ ਮਰਨ ਵਾਲੇ ਇੱਕ ਦੂਜੇ ਨੂੰ ਜਾਣਦੇ ਤੱਕ ਨਹੀਂ ਸੀ ਅਤੇ ਉਹਨਾਂ ਨੂੰ ਇਹ ਵੀ ਨਹੀਂ ਪਤਾ ਲੱਗਦਾ ਕਿ ਉਹਨਾਂ ਦਾ ਕੀ ਕਸੂਰ ਸੀ ਜੋ ਉਹਨਾਂ ਤੇ ਵਾਪਰ



ਗਿਆ। ਭਾਵੇਂ ਉਹ ਯੁਕਰੇਨ 'ਚ ਹੋਵੇ, ਰੂਸ ਵਿੱਚ, ਇਜਰਾਈਲ 'ਚ ਹੋਵੇ, ਬਲੋਚਿਸਤਾਨ, ਮਨੀਪੁਰ, ਦਿੱਲੀ ਕਤਲੋਗਾਰਤ ਅਤੇ ਗੁਆਂਢੀ ਦੇਸ਼ ਵੱਲੋਂ ਜਾਂ ਸਾਡੀਆਂ ਰਾਜਨੀਤਿਕ ਪਾਰਟੀਆਂ ਵਲੋਂ ਕਿੜਾਂ ਕੱਢਣ ਦੇ ਫਲਸਰੂਪ ਵਾਪਰੇ ਸਾਰੇ ਦੁਖਾਂਤ ਦਾ ਦਰਦ ਇੱਕੋ ਜਿਹਾ ਹੀ ਹੈ।

ਪਹਿਲਗਾਮ ਵਿੱਚ ਹੋਏ ਆਤੰਕੀ ਹਮਲੇ ਵਿੱਚ ਮਾਰੇ ਗਏ ਸਾਰੇ ਹੀ ਬੇਕਸੂਰ ਅਤੇ ਸਮੇਂ ਤੋਂ ਅਣਜਾਨ ਲੋਕ ਸਨ, ਇਹਨਾਂ ਨਾਲ ਜੋ ਵਾਪਰਿਆ ਅਤੀ ਨਿੰਦਣ ਯੋਗ ਅਤੇ ਬਹੁਤ ਹੀ ਦੁੱਖ ਦੇਣ ਵਾਲਾ ਹਾਦਸਾ ਸੀ। ਗੁਰਬਾਣੀ ਦਾ ਕਥਨ ਹੈ-

**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥**
**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥ (1383)**

ਇਹ ਸੈਲਾਨੀ ਆਪਣੇ ਰੁਝੇਵਿਆਂ ਵਿੱਚੋਂ ਫੁਰਸਤ ਕੱਢ ਕੇ ਮੌਜ ਮਸਤੀ ਕਰਨ ਗਏ, ਉੱਥੇ ਭਾਣਾ ਵਰਤ ਗਿਆ। ਸੁਰੱਖਿਆ ਵਿੱਚ ਕੁਤਾਹੀ ਸਰਕਾਰ ਦੀ ਗਲਤੀ ਸੀ ਪਰ ਭੁਗਤਨਾ ਉਹਨਾਂ ਪਰਿਵਾਰਾਂ ਨੂੰ ਪਿਆ, ਉਸ ਦਾ ਘਾਟਾ ਤਾ ਉਮਰ ਪੂਰਾ ਨਹੀਂ ਹੋਣਾ, ਪਰ ਸਰਕਾਰ ਨੇ ਆਪਣੀ ਕਿਰਕਰੀ ਹੁੰਦੀ ਅਤੇ ਸੁਰੱਖਿਆ ਵਿੱਚ ਹੋਈ ਕੁਤਾਹੀ ਤੋਂ ਜਨਤਾ ਦਾ ਧਿਆਨ ਪਰ੍ਹੇ ਕਰਨ ਵਾਸਤੇ ਜੰਗ ਦਾ ਮਾਹੌਲ ਖੜਾ ਕਰ ਦਿੱਤਾ ਜੋ ਸਹੀ ਨਹੀਂ ਸੀ।

ਮੈਂ ਕਿਸੇ ਵੀ ਹਾਦਸੇ ਨੂੰ ਵੱਖਰਾ ਕਰਕੇ ਨਹੀਂ ਵੇਖਦਾ ਪਰ ਕੀ ਪਹਿਲਗਾਮ ਵਿੱਚ ਹੋਈਆਂ ਮੌਤਾਂ ਦਾ ਬਦਲਾ ਹੋਰ ਬੇਕਸੂਰ ਲੋਕਾਂ ਨੂੰ ਮਾਰ ਕੇ ਹੀ ਲਿਆ ਜਾ ਸਕਦਾ ਸੀ। ਸਾਡੀ ਉਹਨਾਂ ਮਾਰੇ ਗਏ ਬੇਕਸੂਰ ਲੋਕਾਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਹੈ। ਪਰ ਜੋ ਕਦਮ ਸਾਡੀ ਭਾਰਤ ਸਰਕਾਰ ਨੇ ਚੁੱਕਿਆ ਉਸ ਦੀ ਬਹੁਤੇ ਲੋਕ ਕਦੇ ਵੀ ਹਮਾਇਤ ਨਹੀਂ ਕਰਦੇ। ਗੋਦੀ ਮੀਡੀਆ ਨੇ ਇੰਨਾ ਕੁ ਰੌਲਾ ਟੀ.ਵੀ. ਉੱਤੇ ਪਾਇਆ ਕਿ ਦੇਸ਼ ਦੀ ਬਹੁਤਾਤ ਅਬਾਦੀ ਸਦਮੇ ਵਿੱਚ ਆ ਗਈ। ਹਰ ਉਹ ਇਲਾਕਾ ਜਿੱਥੇ ਜੰਗ ਲੜੀ ਜਾਣੀ ਸੀ ਅਤੇ ਫੌਜ ਦੇ ਜਵਾਨਾਂ ਦੇ ਸਾਰੇ ਪਰਿਵਾਰ ਸਹਿਮ ਦੀ ਜਿੰਦਗੀ ਜੀ ਰਹੇ ਸਨ। ਪਹਿਲਗਾਮ ਵਿਚ ਸ਼ਹੀਦ ਹੋਏ ਕੈਪਟਨ ਨਰਵਾਲ ਦੇ ਪਰਿਵਾਰ ਵੱਲੋਂ ਸਵਾਲ ਕੀਤਾ ਗਿਆ ਕਿ ਗੋਲੀ ਚੱਲਣ ਤੋਂ ਬਾਅਦ ਡੇਢ ਘੰਟਾ ਕੋਈ ਵੀ ਪ੍ਰਸ਼ਾਸਨ ਜਾਂ



ਪੁਲਿਸ ਉਥੇ ਨਹੀਂ ਪਹੁੰਚੀ, ਇਹ ਗਲਤੀ ਕਰਨ ਵਾਲੇ ਨੂੰ ਕੀ ਸਜ਼ਾ ਦਿੱਤੀ ਗਈ ਹੈ? ਸਾਡਾ ਖੁਫ਼ੀਆ ਤੰਤਰ ਕਿੱਥੇ ਸੀ, ਜਿਸਨੇ ਹਾਦਸਾ ਹੋਣ ਤੋਂ ਬਾਅਦ ਇਕ ਦਮ ਕਹਿ ਦਿੱਤਾ ਕਿ ਪਾਕਿਸਤਾਨ ਨੇ ਸਭ ਕੁਝ ਕਰਵਾਇਆ ਹੈ, ਪਰ ਇਹ ਖਬਰ ਪਹਿਲਾਂ ਕਿਉਂ ਨਹੀਂ ਸਾਡੇ ਕੋਲ ਆਈ। ਭਾਰਤ ਸਰਕਾਰ ਦੀ ਏਅਰ ਫੋਰਸ ਨੇ ਪਾਕਿਸਤਾਨੀ ਅੱਤਵਾਦੀਆਂ ਦੇ ਠਿਕਾਣਿਆਂ 'ਤੇ ਹਮਲਾ ਕਰਕੇ ਤਬਾਹੀ ਮਚਾਈ, ਚੰਗਾ ਜਵਾਬ ਹੈ ਪਰ ਪਹਿਲਗਾਮ ਦੇ ਕਤਲੋਗਾਰਤ ਕਰਨ

ਵਾਲੇ ਅਜੇ ਤੱਕ ਨਹੀਂ ਪਹਿਚਾਣੇ ਗਏ। ਬੇਸ਼ਕ ਕਾਫੀ ਗਿਣਤੀ ਵਿੱਚ ਸ਼ੱਕੀ ਆਦਮੀ ਗ੍ਰਿਫਤਾਰ ਕੀਤੇ ਗਏ ਅਤੇ ਅਸਲਾ ਵੀ ਬਰਾਮਦ ਕੀਤਾ। ਪਰ ਦੇਸ਼ ਨੂੰ ਜੰਗ ਵਰਗੀ ਹਾਲਾਤ ਤੱਕ ਲਿਜਾਣ ਦਾ ਰੁਝਾਨ ਦੇਸ਼ ਵਾਸਤੇ ਘਾਟੇ ਦਾ ਸੌਦਾ ਸੀ।

ਭਾਵੇਂ ਜੰਗ ਲੱਗਣ ਤੋਂ ਟੱਲ ਗਈ ਹੈ ਪਰ ਜੋ ਤਰਥੱਲੀ ਮੀਡੀਏ ਨੇ ਟੀ.ਵੀ. ਚੈਨਲਾਂ ਤੇ ਮਚਾਈ ਸੀ ਉਸ ਨਾਲ ਪ੍ਰਾਪੇਗੰਡੇ ਵਾਸਤੇ ਵਰਤੇ ਗਏ ਤਰੀਕਿਆਂ ਨਾਲ ਦੇਸ਼ ਖਾਸ ਕਰਕੇ ਜੰਮੂ ਕਸ਼ਮੀਰ ਅਤੇ ਪੰਜਾਬ ਵਿੱਚ ਕਈ ਮੁਸ਼ਕਲਾਂ ਆ ਗਈਆਂ। ਜਿਨਾਂ ਨੂੰ ਆਮ ਵਰਗੇ ਹਾਲਾਤ ਬਣਾਉਂਦਿਆਂ ਸਮਾਂ ਲੱਗੇਗਾ। ਸਕੂਲ ਬੰਦ ਹੋਣ ਨਾਲ ਇਮਤਿਹਾਨ ਰੋਕੇ ਗਏ, ਦੁਬਾਰਾ ਤਰੀਕਾਂ ਤਹਿ ਕਰਨੀਆਂ, ਹਵਾਈ ਜਹਾਜ ਬੰਦ ਹੋਣ ਤੇ ਰੱਦ ਹੋਈਆਂ ਟਿਕਟਾਂ ਅਤੇ ਹੋਰ ਅਜਿਹੇ ਮਸਲੇ ਲਟਕ ਗਏ। ਵਪਾਰ ਬੰਦ ਹੋ ਗਿਆ। ਜਿਸ ਨਾਲ ਆਮ ਲੋਕਾਂ ਨੂੰ ਆਰਥਿਕ ਤੌਰ 'ਤੇ ਨੁਕਸਾਨ ਉਠਾਣਾ ਪਿਆ। 26 ਮਨੁੱਖਾਂ ਦੇ ਕਤਲ ਹੋਏ ਪਰਿਵਾਰਾਂ ਨਾਲ ਹਮਦਰਦੀ ਦਿਖਾਉਂਦਿਆਂ ਹੋਇਆ ਆਰਥਿਕ ਤੌਰ ਤੇ ਵੱਡੀ ਮਦਦ ਕਰਨੀ ਚਾਹੀਦੀ ਹੈ। ਪਰ ਬਦਲਾ ਲਊ ਕਾਰਵਾਈ ਕਰਨ ਲਈ ਜੰਗ ਵਰਗੇ ਹਾਲਾਤ ਪੈਦਾ ਕਰ ਦੇਣੇ ਬਿਲਕੁਲ ਉਚਿਤ ਨਹੀਂ ਸੀ। ਜਿਨ੍ਹਾਂ ਨੇ 1947, 1965 ਤੇ 1971 ਦੀ ਜੰਗ ਵੇਖੀ ਜਾਂ ਉਸਦਾ ਦੁਖਾਂਤ ਆਪਣੇ ਪਿੰਡੇ ਤੇ ਹੰਢਾਇਆ ਉਹਨਾਂ ਨੂੰ ਹੀ ਪਤਾ ਹੈ ਕਿ ਜੰਗ ਕੀ ਹੁੰਦੀ ਹੈ। ਟੀ.ਵੀ. ਜਾਂ ਸੋਸ਼ਲ ਮੀਡੀਆ ਤੇ ਫੜ੍ਹਾਂ ਮਾਰਨੀਆਂ ਬਲਦੀ ਤੇ ਘਿਓ ਪਾਉਣ ਵਾਲੀ ਗੱਲ ਹੈ। ਜਿਹੜੀ ਫੌਜ ਨੂੰ ਮਰਨ ਵਾਸਤੇ ਹੱਲਾਸ਼ੇਰੀ ਦੇ ਰਹੇ ਹਨ ਅਤੇ ਸਾਡਾ ਪ੍ਰਧਾਨ ਮੰਤਰੀ ਖੁੱਲੀ ਛੁੱਟੀ ਦੇ ਰਿਹਾ ਹੈ, ਉਸਨੇ ਇਹ ਭੁਲਾ ਦਿੱਤਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਇਹ ਫੌਜੀ ਆਪਣੇ ਹੱਕਾਂ ਦੀ ਖਾਤਰ ਦਿੱਲੀ ਧਰਨਾ ਲਾ ਕੇ ਬੈਠੇ ਰਹੇ ਪਰ ਕੋਈ ਵੱਡਾ ਨੇਤਾ ਤੱਕ ਵੀ ਉਹਨਾਂ ਦੀ ਗੱਲ ਸੁਣਨ ਲਈ ਨਹੀਂ ਗਿਆ। ਕਰੋਨਾ ਕਾਲ ਦੌਰਾਨ ਮਹਿੰਗਾਈ ਭੱਤੇ ਨੂੰ ਰੋਕ ਲਿਆ ਗਿਆ, ਜੋ ਅਨੇਕਾਂ ਧਰਨਿਆਂ ਤੇ ਬੈਠਣ ਤੋਂ ਬਾਅਦ ਵੀ ਨਹੀਂ ਦਿੱਤਾ ਗਿਆ। ਕਿਸੇ ਅਖੌਤੀ ਲੀਡਰ ਨੇ ਫੌਜੀਆਂ ਦੇ ਹੱਕ ਵਿੱਚ ਕੋਈ ਬਿਆਨ ਨਹੀਂ ਦਿੱਤਾ, ਸਗੋਂ ਉਹਨਾਂ ਨੂੰ ਮਰਨ ਵਾਸਤੇ ਬਾਰਡਰ ਖੋਲਣ ਦਾ ਜ਼ੋਰਦਾਰ ਪ੍ਰਚਾਰ ਕੀਤਾ।



ਕਮਾਲ ਦੀ ਗੱਲ ਹੈ ਕਿ 1984 ਵਿਚ ਆਪਣੇ ਹੀ ਦੇਸ਼ ਦੇ ਲੋਕਾਂ ਨੇ ਆਪਣੇ ਹੀ ਦੇਸ਼ ਦੇ ਬੇਕਸੂਰ ਲੋਕਾਂ ਨੂੰ ਬੇਰਹਿਮੀ ਨਾਲ ਤਸੀਹੇ ਤੇ ਦਰਦਨਾਕ ਮੌਤ ਦੇ ਦਿੱਤੀ। ਜਦੋਂ ਕਿ ਪ੍ਰਧਾਨ ਮੰਤਰੀ ਨੂੰ ਮਾਰਨ ਵਾਲਿਆਂ ਵਿੱਚੋਂ ਇੱਕ ਨੂੰ ਉਥੇ ਹੀ ਮਾਰ ਦਿੱਤਾ ਗਿਆ, ਦੂਜੇ ਨੂੰ ਫੜ ਲਿਆ ਗਿਆ ਸੀ ਅਤੇ ਬਾਅਦ ਵਿੱਚ ਦੋ ਸਿੱਖਾਂ ਨੂੰ ਫਾਂਸੀ ਦੇ ਦਿੱਤੀ ਗਈ। ਪਰ ਬੇਕਸੂਰ ਲੋਕਾਂ ਦਾ ਅੱਜ ਤੱਕ ਕੋਈ ਠੋਸ ਬਦਲਾ ਨਹੀਂ ਲਿਆ। ਚਿੱਠੀ ਸਿੰਘ ਪੁਰਾ ਵਿਖੇ ਵੀ 2000 ਈਸਵੀ ਦੀ ਰਾਤ ਨੂੰ 36 ਬੇਕਸੂਰ ਭੋਲੇ-ਭਾਲੇ ਸਿੱਖ ਕਤਲ ਕਰ ਦਿੱਤੇ ਗਏ ਸਨ। ਇਸੇ ਹੀ ਤਰ੍ਹਾਂ ਬੱਚਿਆਂ, ਮਾਵਾਂ-ਭੈਣਾਂ ਦੇ ਸਾਹਮਣੇ ਮਰਦ ਮੈਂਬਰ ਖਤਮ ਕਰ ਦਿੱਤੇ ਗਏ। ਉਨ੍ਹਾਂ ਦਾ ਕਸੂਰ ਇਹ ਸੀ ਕਿ ਉਹ ਇਸ ਦੇਸ਼ ਦੀ ਇੱਜ਼ਤ-ਆਬਰੂ ਬਚਾਉਣ ਵਾਲੇ ਗੁਰੂ ਸਾਹਿਬਾਨ ਦੇ ਸਿੱਖ ਸਨ। ਉਸ ਸਮੇਂ ਕੋਈ ਹਾਲ ਪਾਹਰਿਆ ਨਹੀਂ ਹੋਇਆ, ਕੋਈ ਮਾਤਮ ਨਹੀਂ ਮਨਾਇਆ ਗਿਆ। ਕਿਸੇ ਨੇ ਪਰਿਵਾਰਾਂ ਨੂੰ ਰੱਜ ਕੇ ਧਰਵਾਸ ਵੀ ਨਹੀਂ ਦਿੱਤਾ ਕਿਉਂਕਿ ਉਹ ਘੱਟ-ਗਿਣਤੀਆਂ ਨਾਲ ਸਬੰਧ ਰੱਖਦੇ ਸਨ। 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਗਿਣੀ-ਮਿੱਥੀ ਸਾਜਿਸ਼ ਤਹਿਤ ਕੀਤਾ ਗਿਆ। ਰਿਹਰਸਲਾਂ ਲੰਬਾਂ ਸਮਾਂ ਪਹਿਲਾਂ ਕੀਤੀਆਂ ਗਈਆਂ ਅਤੇ ਦਿਨ ਚੁਣਿਆ ਗਿਆ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਗੁਰਪੁਰਬ ਦਾ। ਪਰ ਇਹ ਕੌਮ ਫਿਰ ਉਠੀ ਤੇ ਕਾਮਯਾਬੀ ਨਾਲ ਉਹ ਵਾਕ ਯਾਦ ਕਰਾਉਂਦੇ ਹੋਏ ਅੱਗੇ ਵਧੇ "ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।" ਪਰ ਪਹਿਲਗਾਮ ਹਾਦਸੇ ਦਾ ਬਦਲਾ ਲੈਣ ਲਈ ਏਨਾ ਵੱਡਾ ਐਕਸ਼ਨ ਲੈਣ ਲਈ ਸਰਕਾਰ ਤਿਆਰ ਕਿਵੇਂ ਹੋ ਗਈ। ਪਰ ਜੋ ਵੇਖਣ ਵਿੱਚ ਆਇਆ ਕਿ ਜੋ ਸਰਕਾਰ ਚਾਹੁੰਦੀ ਸੀ, ਉਹ ਸਹਿਜੇ ਹੀ ਹੋ ਗਿਆ। ਆਮ ਜਨਤਾ ਪਹਿਲਗਾਮ ਦੇ ਸ਼ਹੀਦਾਂ ਨੂੰ ਭੁੱਲ ਕੇ ਮੋਦੀ ਸਰਕਾਰ ਦੇ ਗੁਣ ਗਾਉਂਦੀ ਹੋਈ ਨਜ਼ਰ ਆ ਰਹੀ ਹੈ। ਪਰ ਪੁੱਛੋ ਉਹਨਾਂ ਮਾਵਾਂ, ਭੈਣਾਂ, ਪਤਨੀ ਅਤੇ ਬੱਚਿਆਂ ਨੂੰ ਜਿਨਾਂ ਦੇ ਦੁਨੀਆਂ ਤੋਂ ਤੁਰ ਗਏ ਕੀ ਉਹ ਹੋਰ ਮਾਰੇ ਗਏ ਬੇਕਸੂਰ ਲੋਕਾਂ ਦੇ ਕਰਕੇ ਉਜੜੇ ਸੰਧੂਰ ਬਦਲੇ ਆਪਣਾ ਸੰਧੂਰ ਵਾਪਸ ਲੈ ਸਕਣਗੇ।

ਹੁਣ ਕੁਝ ਫੌਜੀ ਐਕਸ਼ਨ ਬਾਰੇ 1965 ਅਤੇ 1971 ਦੀ ਜੰਗ ਵੇਲੇ ਬਲੈਕ ਆਊਟ ਸਮਝ ਆਉਂਦਾ ਹੈ ਜਾਂ ਬਿਲਕੁਲ ਸੀਮਾ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਬਲੈਕ ਆਊਟ ਦੀ ਅਹਿਮੀਅਤ ਹੋ ਸਕਦੀ ਹੈ। ਦੂਰ ਦੁਰਾਡੇ ਇਲਾਕਿਆਂ ਵਿੱਚ ਬਲੈਕ ਆਊਟ ਕਰਾਉਣਾ ਅੱਜ ਕੱਲ ਦੇ ਯੁੱਗ ਵਿੱਚ ਕੋਈ ਖਾਸ ਮਾਇਨਾ ਨਹੀਂ ਰੱਖਦਾ। ਮੈਂ ਅੱਜ ਤੋਂ 32 ਸਾਲ ਪਹਿਲਾਂ ਦੀ ਗੱਲ ਕਰਦਾ ਹਾਂ ਜਦੋਂ ਸਾਡੇ ਕੋਲ ਰਾਤ ਨੂੰ ਹਨੇਰੇ ਵਿੱਚ ਵੇਖਣ ਵਾਲੀਆਂ ਦੂਰਬੀਨਾਂ ਦੀ ਵਰਤੋਂ ਆਮ ਹੋ ਗਈ ਸੀ। ਗਨ ਪੁਜੀਸ਼ਨ ਆਫਿਸਰ ਦੀ ਡਿਊਟੀ ਸਮੇਂ ਰਾਤ ਨੂੰ ਗਨ ਏਰੀਆ ਦੀ ਰੈਕੀ ਕਰਦੇ ਸਮੇਂ ਮੈਂ ਆਪ ਉਸ ਦੂਰਬੀਨ ਨੂੰ ਵਰਤਿਆ ਹੈ। ਉਹ ਲਾਈਟ ਨੂੰ ਬਹੁਤ ਜਿਆਦਾ ਦੂਰ ਤੋਂ ਵੇਖਦੀ ਸੀ। ਉਸ ਸਮੇਂ ਬਾਰਡਰ ਤੇ ਲੜਾਈ ਲੜਦੇ



ਸਮੇਂ ਬਲੈਕ ਆਊਟ ਬਹੁਤ ਅਹਿਮੀਅਤ ਰੱਖਦਾ ਸੀ। ਪਰ ਪੱਕੇ (Prominet) ਸਥਾਨ ਨੂੰ ਹਿੱਟ ਕਰਨ ਲਈ ਚਾਨਣ ਜਾਂ ਹਨੇਰਾ ਕੋਈ ਮਾਇਨਾ ਨਹੀਂ ਰੱਖਦਾ ਸੀ। ਅੱਜ ਦੇ ਹਾਲਾਤ ਬਦਲੇ ਹੋਏ ਹਨ। ਤਕਨੀਕ ਐਨੀ ਵੱਧ ਗਈ ਹੈ ਕਿ ਅੱਖਾਂ ਮੀਟ ਕੇ ਵੀ ਵੱਡੇ ਵੱਡੇ ਟਾਰਗੇਟ ਭਾਵ ਫੌਜੀ ਟਿਕਾਣੇ ਬਿਨਾ ਵੇਖਿਆਂ ਹਿੱਟ ਕੀਤੇ ਜਾ ਸਕਦੇ ਹਨ। ਫਿਰ ਇਹਨਾਂ ਦੂਰ ਦੁਰਾਡੇ ਸ਼ਹਿਰਾਂ ਵਿੱਚ ਬਲੈਕ ਆਊਟ ਕਰਨ ਦੀ ਕੋਈ ਤੁੱਕ ਨਹੀਂ ਬਣਦੀ। ਹਾਂ ਅਸਥਾਈ ਤੌਰ ਤੇ ਬਣੇ ਮੋਰਚੇ ਜਾਂ ਫੌਜੀ ਟਿਕਾਣਿਆਂ ਤੇ ਬਲੈਕ ਆਊਟ ਦੀ ਬਹੁਤ ਮਹੱਤਤਾ ਹੈ।

ਇਹ ਤਾਂ ਆਮ ਜਨਤਾ ਵਿੱਚ ਸਹਿਮ ਫੈਲਾਉਣ ਲਈ ਮੀਡੀਏ ਦਾ ਵੱਡਾ

ਰੋਲ ਰਿਹਾ ਹੈ। ਮੇਰੇ ਵਿਚਾਰ ਮੁਤਾਬਿਕ ਇਹ ਕੇਵਲ ਸਾਰੇ ਦੇਸ਼ ਨੂੰ ਯੁੱਧ ਨਾਲ ਜੋੜਨ ਦਾ ਤਰੀਕਾ ਹੀ ਸੀ, ਜਿਵੇਂ ਕਰੋਨਾ ਬਿਮਾਰੀ ਨੂੰ ਭਜਾਉਣ ਵਾਸਤੇ ਥਾਲੀਆਂ ਖੜਕਾਈਆਂ ਗਈਆਂ ਸਨ। ਕਿਤੇ ਨਾ ਕਿਤੇ ਅਸਲ ਨਾਲੋਂ ਕੋਹਾਂ ਦੂਰ ਦੀਆਂ ਗੱਲਾਂ ਕੀਤੀਆਂ ਗਈਆਂ, ਜਿਸ ਨਾਲ ਲੋਕ ਪਹਿਲਗਾਮ ਦੇ ਹਾਦਸੇ ਨੂੰ ਭੁੱਲ ਕੇ ਪਾਕਿਸਤਾਨ ਦੇ ਮਾਰੇ ਗਏ ਅੱਤਵਾਦੀਆਂ ਦੇ ਪਰਿਵਾਰਾਂ ਦੀ ਖੁਸ਼ੀ ਮਨਾ ਰਹੇ ਹਨ। ਪੁੰਛ ਖੇਤਰ ਵਿੱਚ ਹੋਈਆਂ ਮੌਤਾਂ ਅਤੇ ਨੁਕਸਾਨ ਨੂੰ ਪ੍ਰਚਾਰਿਆ ਹੀ ਨਹੀਂ ਗਿਆ, ਕਿਉਂਕਿ ਉੱਥੇ ਵੀ ਸ਼ਹੀਦ ਹੋਣ ਵਾਲੇ ਕੋਈ ਹੋਰ ਹੀ ਦੇਸ਼ ਦੇ ਲੱਗਦੇ ਹਨ।

ਜੋ ਵੀ ਭਾਰਤ ਦੇ ਵਾਸੀ ਹਨ, ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ ਦੇਸ਼ ਧਰੋਹੀ ਨਹੀਂ ਹੋ ਸਕਦੇ। ਸਾਰੇ ਹੀ ਦੇਸ਼ ਨੂੰ ਪਿਆਰ ਕਰਦੇ ਹਨ, ਤਕਰੀਬਨ ਸਾਰਿਆਂ ਦੀ ਹੀ ਜਨਮ ਭੂਮੀ ਭਾਰਤ ਹੈ। ਫਿਰ ਹਰੇਕ ਨਾਲ ਇੱਕੋ ਜਿਹਾ ਸਲੂਕ ਕਿਉਂ ਨਹੀਂ, ਕਾਨੂੰਨ ਅਤੇ ਸਜ਼ਾ ਵੱਖਰੀ ਵੱਖਰੀ ਕਿਉਂ ? ਇਹ ਸਰਕਾਰਾਂ ਆਪ ਹੀ ਅਜਿਹਾ ਕੁਝ ਸਿਰਜ ਦਿੰਦੀਆਂ ਹਨ ਕਿ ਘੱਟ ਗਿਣਤੀਆਂ ਨੂੰ ਬੇਗਾਨੇਪਣ ਦਾ ਅਹਿਸਾਸ ਹੋਣਾ ਕੁਦਰਤੀ ਹੀ ਹੈ। ਨਿਆਂਪਾਲਿਕਾ ਦੀ ਸ਼ਕਤੀਆਂ ਸੀਮਤ ਕਰ ਦਿੱਤੀਆਂ ਗਈਆਂ ਹਨ। ਭਾਰਤ ਦੇ ਬਣੇ ਕਾਨੂੰਨਾਂ ਮੁਤਾਬਕ ਦੋਸ਼ੀ ਕਰਾਰ ਦਿੱਤੇ ਗਏ ਮਨੁੱਖਾਂ ਨੂੰ ਸਜ਼ਾ ਦੇ ਦਿੱਤੀ ਗਈ ਪਰ ਸਜ਼ਾ ਪੂਰੀ ਹੋਣ ਤੋਂ ਬਾਅਦ ਰਿਹਾਅ ਨਾ ਕਰਨਾ ਅਤੇ ਕੁਝ ਗੰਭੀਰ ਜੁਰਮਾਂ ਅੰਦਰ ਸਜਾ ਯਾਫਤਾ ਸੌਦੇ ਸਾਧ ਵਰਗੇ ਲੋਕਾਂ ਨੂੰ ਹਰ ਆਏ ਦਿਨ ਛੁੱਟੀ ਅਤੇ ਫਰਲੋ ਦੇਣਾ ਕੀ ਇਹ ਬਰਾਬਰਤਾ ਹੈ? ਭਾਰਤ ਦੀ ਫੌਜ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀ ਬੀਬੀ ਕਰਨਲ ਸੋਫੀਆ ਕੁਰੈਸ਼ੀ ਨੂੰ ਸਰਕਾਰ ਦੇ ਮੰਤਰੀ ਨੇ 'ਅੱਤਵਾਦੀਆਂ ਦੀ ਭੈਣ' ਕਹਿ ਕੇ ਕੀ ਸੁਨੇਹਾ ਦਿੱਤਾ ਹੈ? ਅੱਜ ਦੇ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਸਰਕਾਰਾਂ ਉੱਤੇ ਭਾਈ ਗੁਰਦਾਸ ਜੀ ਦੀ ਵਾਰ ਬਹੁਤ ਢੁੱਕਦੀ ਹੈ-

**ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥**

**(ਵਾਰ-1, ਪਉੜੀ-30)**

ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਖੇਤ ਕਿਵੇਂ ਬਚੇਗਾ। ਪੰਜਾਬ ਨੂੰ ਹਰ ਹਾਲਾਤ ਵਿੱਚ ਦਬਾਉਣ ਅਤੇ ਉਸ ਦੇ ਵਸਨੀਕਾਂ ਦਾ ਨੁਕਸਾਨ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ। ਜੋ ਆਮ ਸਧਾਰਨ ਮਨੁੱਖ ਦੀ ਸਮਝ ਵਿੱਚ ਆਉਂਦਾ ਹੈ। ਜਦੋਂ ਵੀ ਜੰਗ ਲੱਗੀ ਭਾਵੇਂ ਉਹ 1947 ਦੀ ਵੰਡ ਹੋਵੇ, ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ ਹੈ। ਜੰਮੂ ਕਸ਼ਮੀਰ ਦਾ ਹੋਇਆ ਹੈ। ਵੰਡ ਵੇਲੇ ਬੰਗਾਲ ਨੂੰ ਭਾਰੀ ਕੀਮਤ ਚੁਕਾਉਣੀ ਪਈ ਹੈ। ਬਾਕੀ ਕੀ ਜਾਨਣ ਕਿ ਦੇਸ਼ਾਂ ਦੀ ਲੜਾਈ ਨਾਲ ਕੀ ਫਰਕ ਪੈਂਦਾ ਹੈ। ਕੇਵਲ ਟੀ.ਵੀ. ਚੈਨਲਾਂ ਤੇ ਫੋਕੀਆਂ ਫੜਾਂ ਮਾਰਨ ਨਾਲ ਜੰਗਾਂ ਨਹੀਂ ਜਿੱਤੀਆਂ ਜਾਂਦੀਆਂ। ਬ੍ਰਿਗੇਡੀਅਰ ਹਰਬਖਸ਼ ਸਿੰਘ ਵਰਗਿਆਂ ਨੇ ਦੇਸ਼ ਦੀ ਖਾਤਰ ਆਪਣੇ ਸੀਨੀਅਰ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਮੋਰਚੇ ਤੋਂ ਪਿੱਛੇ ਨਾ ਹੱਟਣ ਦਾ ਫੈਸਲਾ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ।

ਗੁਰਬਾਣੀ ਦੇ ਕਥਨ ਦੇ ਪੂਰੇ ਉਤਰਦੇ ਸਨ-

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (1105)**

ਕੇਵਲ ਕੇਂਦਰ ਸਰਕਾਰ ਹੀ ਨਹੀਂ ਸੂਬੇ ਦੀਆਂ ਸਰਕਾਰਾਂ ਵੱਲੋਂ ਵੀ ਫੈਸਲੇ ਲੈਂਦਿਆਂ ਕੋਈ ਬਰਾਬਰਤਾ ਨਹੀਂ ਦਿਖਾਈ ਗਈ। ਹੁਣੇ ਹੁਣੇ ਤਾਜ਼ਾ ਘਟਨਾ ਮਜੀਠਾ ਸ਼ਰਾਬ ਕਾਂਡ ਵਰਤ ਗਿਆ। 28 ਬੰਦੇ ਜ਼ਹਿਰੀਲੀ ਸ਼ਰਾਬ ਪੀ ਕੇ ਮਰ ਗਏ ਜੋ ਕਿ ਮਰਨ ਵਾਲਿਆਂ ਦੀ ਗਲਤੀ ਵੀ ਬਰਾਬਰ ਦੀ ਹੈ, ਵੇਚਣ ਵਾਲਿਆਂ ਦੇ ਨਾਲ ਨਾਲ। ਗੈਰ ਕਾਨੂੰਨੀ ਸ਼ਰਾਬ ਖਰੀਦਣਾ ਵੀ ਜ਼ੁਰਮ ਹੈ। ਪਰ ਮੁੱਖ ਮੰਤਰੀ ਸਾਹਿਬ ਨੇ ਫਟਾਫਟ 10 ਲੱਖ ਰੁਪਏ ਹਰ ਮ੍ਰਿਤਕ ਨੂੰ ਦੇਣ ਦਾ ਐਲਾਨ ਕਰ ਦਿੱਤਾ ਜੋ ਜਨਤਾ ਵੱਲੋਂ ਦਿੱਤੇ ਟੈਕਸਾਂ ਵਿੱਚੋਂ ਜਾਣਾ ਹੈ। ਦੂਸਰੇ ਪਾਸੇ ਪਾਕਿਸਤਾਨ ਦੇ ਡਰੋਨ ਹਮਲੇ ਦੌਰਾਨ ਮਾਰੀ ਗਈ ਬੀਬੀ (ਫਿਰੋਜਪੁਰ ਖੇਤਰ ਤੋਂ) ਨੂੰ 5 ਲੱਖ ਦੀ ਸਹਾਇਤਾ ਦਾ ਐਲਾਨ ਹੋਇਆ, ਉਸ ਸਮੇਂ ਪਟਿਆਲਾ ਜਿਲ੍ਹੇ ਦੇ ਸਮਾਨੇ ਕਸਬੇ ਲਾਗੇ ਸਕੂਲੀ ਬੱਚਿਆਂ ਦੀ ਐਕਸੀਡੈਂਟ ਰਾਹੀ ਹੋਈ ਮੌਤ ਤੇ 2 ਲੱਖ ਦਾ ਮੁਆਵਜਾ ਦਿੱਤਾ ਗਿਆ। ਇਹ ਕਿਹੜਾ ਮਾਪਦੰਡ ਹੈ ਸਮਝ ਵਿੱਚ ਨਹੀਂ ਆਉਂਦਾ। ਨਾ ਐਕਸੀਡੈਂਟ ਬੱਚਿਆਂ ਦੀ ਗਲਤੀ ਅਤੇ ਨਾ ਡਰੋਨ ਹਮਲੇ ਵਿੱਚ ਮਾਰੀ ਗਈ ਬੀਬੀ ਦੀ ਕੋਈ ਗਲਤੀ ਪਰ ਸਰਕਾਰੀ ਸ਼ਰਾਬ ਛੱਡ ਕੇ ਅਣ ਅਧਿਕਾਰਤ ਵੇਚੀ ਗਈ ਸ਼ਰਾਬ ਪੀਣ ਵਾਲਿਆਂ ਦੀ ਗਲਤੀ ਹੋਣ 'ਤੇ ਵੀ ਸਰਕਾਰ ਏਨੀ ਮਿਹਰਬਾਨ ਕਿਉਂ ਹੋਈ, ਕੋਈ ਦੱਸਣ ਦੀ ਖੇਚਲ ਕਰੇਗਾ? ਇਹ ਦੇਖ ਕੇ ਲੱਗਦਾ ਹੈ ਕਿ "ਅੰਨ੍ਹੀ ਪੀਹ ਰਹੀ, ਕੁੱਤਾ ਚੱਟ ਰਿਹਾ।" ਕਿਸੇ ਵੀ ਮਨੁੱਖ ਦੀ ਜਾਨ ਜਾਣੀ ਮਾੜੀ ਅਤੇ ਦੁਖਦਾਈ ਘਟਨਾ ਹੈ। ਪਰ ਉਹ ਮਰਿਆ ਕਿਵੇਂ, ਉਸ ਦਾ ਫਰਕ ਤਾਂ ਪੈਂਦਾ ਹੈ।

ਮੈਂ ਅਖੀਰ ਵਿੱਚ ਇਹੀ ਕਹਾਂਗਾ ਕਿ ਸਰਕਾਰ ਜਨਤਾ ਦੀ ਮਾਲਕ ਨਹੀਂ ਸਗੋਂ ਰਾਖੀ ਕਰਨ ਵਾਸਤੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ, ਉਹਨਾਂ ਨੂੰ ਆਪਣੇ ਦੇਸ਼, ਸੂਬੇ ਦੇ ਵਾਸੀਆਂ ਦੀ ਰਾਖੀ ਕਰਨੀ ਅਤੇ ਮੁਸੀਬਤ ਸਮੇਂ ਉਹਨਾਂ ਦੀ ਬਰਾਬਰ ਸਹਾਇਤਾ ਕਰਨੀ ਚਾਹੀਦੀ ਹੈ ਨਾ ਕਿ ਆਪਣੀਆਂ ਖਾਮੀਆਂ ਨੂੰ ਲੁਕਾਉਣ ਖਾਤਰ ਹੋਰ ਵੱਡਾ ਨੁਕਸਾਨ ਕਰਨ ਦੀ ਤਿਆਰੀ ਕਰ ਲੈਣ। ਭਾਵੇਂ ਇਹ ਘਟਨਾ ਬਹੁਤ ਦੁਖਦਾਈ ਸੀ ਪਰ ਦੂਜੇ ਦੇਸ਼ ਨਾਲ ਜੰਗ ਲਾ ਦੇਣੀ ਕੋਈ ਸਿਆਣਪ ਵਾਲੀ ਗੱਲ ਨਹੀਂ ਸੀ। ਲੜਾਈ ਕਦੇ ਵੀ ਕਿਸੇ ਗੱਲ ਦਾ ਹੱਲ ਨਹੀਂ ਹੁੰਦੀ, ਸਗੋਂ ਦੇਸ਼ ਬਹੁਤ ਪਿੱਛੇ ਚਲਾ ਜਾਂਦਾ ਹੈ। ਚੰਗੇ ਭਾਗਾਂ ਨਾਲ ਲੜਾਈ ਟੱਲ ਗਈ, ਇਸ ਵਿੱਚ ਦੋਵਾਂ ਦੇਸ਼ਾਂ ਦੀ ਆਮ ਜਨਤਾ ਦਾ ਵੱਡਾ ਭਲਾ ਹੋਇਆ ਹੈ।

ਸੰਧੂਰ ਬਹੁਤ ਹੀ ਮਾੜੀ ਗੱਲ
ਬਿਨਾਂ ਕਸੂਰ ਕਈਆਂ ਦੇ ਸੰਧੂਰ
ਉਜਾੜਨ ਦਾ, ਸੰਧੂਰ ਦਾ ਬਦਲਾ ਲੈਂਦੇ
ਕਈਆਂ ਦੇ ਸੰਧੂਰ ਉੱਜੜ ਗਏ,
ਹੁਣ ਉਹਨਾਂ ਦੇ ਸੰਧੂਰ ਦਾ ਬਦਲਾ
ਓਮ, ਸ਼ਾਤੀ, ਵਾਹਿਗੁਰੂ, ਜੈ ਹਿੰਦ, ਲਿਖ ਕੇ ਪੂਰਾ ਹੋ ਜੂ
ਜਾਂ ਕੋਈ ਹੋਰ ਤਰੀਕਾ ਲੱਭਿਆ ਜਾਊ
ਬਦਲਾ ਲੈਣ ਲਈ ਉਹਨਾਂ ਦੇ ਸੰਧੂਰ।

ਵੱਡੇ ਵੱਡੇ ਵਾਪਰਦੇ ਇਨ੍ਹਾਂ ਦੁਖਾਂਤਾਂ ਦੇ ਬਦਲੇ ਸਰਕਾਰਾਂ, ਲੀਡਰ ਕਦੋਂ ਦੋਸ਼ੀ ਗਰਦਾਨੇ ਜਾਣਗੇ? ਜਾਂ ਅਸੀਂ ਕਬੂਤਰ ਵਾਂਗੂੰ ਅੱਖਾਂ ਮੀਟ ਕੇ ਬਿੱਲੀ ਦੂਰ ਹੈ ਦਾ ਭੁਲੇਖਾ ਪਾਲੀ ਜਾਣਾ ਹੈ।

-0-

# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M:** 79733-70542
**Email:** gurmatvirsa@gmail.com

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**1. ਸਵਾਲ: ਕਈ ਥਾਵਾਂ ਉੱਪਰ ਗੁਰਦੁਆਰਾ ਤਾਂ ਹੁੰਦਾ ਹੈ, ਪਰ ਨਿਸ਼ਾਨ ਸਾਹਿਬ ਨਹੀਂ। ਕੀ ਇਹ ਠੀਕ ਹੈ? ਕੀ ਉਥੇ ਸਿੱਖ ਨੂੰ ਜਾਣਾ ਚਾਹੀਦਾ ਹੈ?**

**ਜਵਾਬ:** ਜਿਥੇ ਗੁਰਦੁਆਰਾ ਹੋਵੇਗਾ, ਉਥੇ ਨਿਸ਼ਾਨ ਸਾਹਿਬ ਦਾ ਹੋਣਾ ਅਤਿ ਜ਼ਰੂਰੀ ਹੈ। ਸਿੱਖ ਰਹਿਤ ਮਰਿਯਾਦਾ ਵਿੱਚ ਗੁਰਦੁਆਰਾ ਸਿਰਲੇਖ ਥੱਲੇ (ਡ) ਭਾਗ ਵਿੱਚ ਸਪਸ਼ਟ ਲਿਖਿਆ ਹੈ "ਹਰ ਇੱਕ ਗੁਰਦੁਆਰੇ ਵਿੱਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਤੇ ਨਿਸ਼ਾਨ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।" ਅਕਾਲ ਤਖ਼ਤ ਦੀ ਮਰਿਯਾਦਾ ਹੀ ਸਾਡੇ ਲਈ ਸਰਬੋਤਮ ਹੈ। ਨਿਸ਼ਾਨ ਸਾਹਿਬ ਨਾ ਲਾਉਣ ਵਾਲੇ ਆਪਣੀ ਹੋਂਦ ਵੱਖਰੀ ਰੱਖਣ ਲਈ ਆਪੋ ਆਪਣੀ ਮਰਿਯਾਦਾ ਬਣਾਈ ਫਿਰਦੇ ਹਨ। ਅਕਾਲ ਤਖ਼ਤ ਦੀ ਮਰਿਯਾਦਾ ਨੂੰ ਪ੍ਰਵਾਨ ਨਹੀਂ ਕਰਦੇ ਇਸ ਲਈ ਕਿ ਵੱਖਰੀ ਹੋਂਦ ਦੇ ਅੱਡਰਾਪਣ ਕਾਇਮ ਰਹੇ। ਜੇਕਰ ਉਹ ਆਪਣੇ ਡੇਰੇ ਦੀ ਮਰਿਯਾਦਾ ਨੂੰ ਅਕਾਲ ਤਖ਼ਤ ਦੀ ਮਰਿਯਾਦਾ ਵਿੱਚ ਮਿਲਾਉਂਦੇ ਹਨ, ਤਾਂ ਉਨ੍ਹਾਂ ਦੀ ਵੱਖਰੀ ਹੋਂਦ ਖ਼ਤਮ ਹੁੰਦੀ ਹੈ। ਰਹੀ ਗੱਲ ਉਥੇ ਜਾਣ ਦੀ, ਹਰ ਸਿੱਖ ਨੇ ਗੁਰਦੁਆਰਾ ਸਾਹਿਬ ਰੋਜ਼ ਜਾਣਾ ਹੈ। ਜਿਹੜਾ ਗੁਰਦੁਆਰਾ ਆਪਣੇ ਪਿੰਡ, ਸ਼ਹਿਰ ਵਿੱਚ ਹੈ ਉਥੇ ਰੋਜ਼ ਜਾਵੋ।

**2. ਸਵਾਲ: ਗੁਰੂ ਸਾਹਿਬ ਜੀ ਦੇ ਚਰਨ ਕੀ ਹਨ? ਆਪਾਂ ਕਹਿ ਦਿੰਦੇ ਹਾਂ ਕਿ ਗੁਰੂ ਸਾਹਿਬ ਜੀ ਦੇ ਚਰਨਾਂ ਨਾਲ ਜੁੜਨਾ ਹੈ ਪਰ ਚਰਨ ਹੈ ਕੀ? ਗੁਰਬਾਣੀ ਵਿੱਚ ਵੀ ਆਉਂਦਾ ਹੈ: "ਸਤਿਗੁਰ ਕੇ ਚਰਨ ਧੋਇ ਧੋਇ ਪੀਵਾ॥"**

**ਜਵਾਬ:** ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ਦਾ ਅਰਥ ਸਰੀਰਕ ਪੈਰ ਪਾਣੀ ਨਾਲ ਧੋ ਕੇ ਉਹ ਪਾਣੀ ਪੀਣਾ ਨਹੀਂ ਹੁੰਦਾ। ਹਰ ਸ਼ਬਦ ਦੇ ਸ਼ਬਦੀ ਅਰਥ ਨਹੀਂ ਭਾਵ ਅਰਥ ਵੀ ਦੇਖੇ ਜਾਂਦੇ ਹਨ। 'ਅੱਖਾਂ ਤੇ ਬਿਠਾਉਣਾ' ਮੁਹਾਵਰਾ ਹੈ, ਪਰ ਇਸ ਦਾ ਅਰਥ ਇਹ ਨਹੀਂ ਹੁੰਦਾ ਕਿ ਕਿਸੇ ਨੂੰ ਚੱਕ ਕੇ ਅੱਖਾਂ ਤੇ ਬਿਠਾ ਦਿਓ। ਇਸੇ ਤਰ੍ਹਾਂ 'ਚਰਨਾਂ' ਦਾ ਅਰਥ ਸਤਿਗੁਰੂ ਦੀ, ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਹੈ। ਧੋਇ ਧੋਇ ਪੀਵਾ ਦਾ ਭਾਵ ਸਿੱਖਿਆ ਨੂੰ ਅਪਨਾਉਣਾ ਹੈ। ਸਤਿਗੁਰ ਦੀ ਸਿੱਖਿਆ ਨੂੰ ਮੰਨਣਾ ਹੈ।

**3. ਸਵਾਲ: ਮੰਨੇ ਅਤੇ ਮੰਨੈ ਵਿੱਚ ਕੀ ਫ਼ਰਕ ਹੈ?**

**ਜਵਾਬ:** ਮੰਨੇ ਦੀਆਂ ਚਾਰ ਪਉੜੀਆਂ ਵਿਚੋਂ ਪਹਿਲੀ ਪਉੜੀ ਵਿੱਚ **ਮੰਨੇ** ਸ਼ਬਦ ਆਇਆ ਹੈ ਅਤੇ ਬਾਕੀ ਦੀਆਂ 3 ਪਉੜੀਆਂ ਵਿੱਚ **ਮੰਨੈ** ਆਇਆ ਹੈ।

**ਮੰਨੇ** ਦਾ ਅਰਥ ਹੈ ਜਿਸ ਨੇ ਮੰਨ ਲਿਆ ਹੈ ਅਤੇ

**ਮੰਨੈ** ਦਾ ਅਰਥ ਹੈ ਜੇ ਮੰਨ ਲਈਏ ਤਾਂ।

**4. ਸਵਾਲ: ਜੇ ਕੋਈ ਬਿਮਾਰ ਹੋਣ ਕਰਕੇ ਬੈਠ ਨਾ ਸਕਦਾ ਹੋਵੇ, ਕੀ ਉਹ ਲੰਮਾ ਪੈ ਕੇ ਪਾਠ ਕਰ ਸਕਦਾ ਹੈ?**

**ਜਵਾਬ:** ਹਾਂ, ਬਿਮਾਰੀ ਦੀ ਹਾਲਤ ਵਿੱਚ ਕਰ ਸਕਦਾ ਹੈ, ਭਰਮ ਨਹੀਂ ਕਰਨਾ। ਗੁਰਮਤਿ ਮਨੁੱਖ ਲਈ ਕਲਿਆਣਕਾਰੀ ਹੈ। ਗੁਰਬਾਣੀ ਨੇ ਮਨੁੱਖ ਨੂੰ ਸੇਧ ਦੇਣੀ ਹੈ, ਉਸ ਦੇ ਆਲਸ ਨੂੰ ਖੰਡਨ ਕਰਨਾ ਹੈ, ਤ੍ਰਿਸ਼ਨਾ ਬੁਝਾਉਣੀ ਹੈ। ਮਨੁੱਖ ਦੇ ਹੱਠ ਯੋਗ ਕਰਨ ਲਈ ਜਾਂ ਕਸ਼ਟ ਦੇਣ ਲਈ ਕੀਤੇ ਸਾਰੇ ਕੰਮਾਂ ਨੂੰ ਗੁਰਮਤਿ ਉਤਸ਼ਾਹਿਤ ਨਹੀਂ ਕਰਦੀ। ਯਾਦ ਰੱਖੀਏ ਕਿ ਹੁਕਮ ਮੰਨਣ ਜਾਂ ਕੁਰਬਾਨੀ ਦੇਣ ਅਤੇ ਅਣਉਚਿੱਤ ਕਸ਼ਟ ਸਹਿਣ ਵਿੱਚ ਅੰਤਰ ਹੈ। ਬਿਮਾਰ ਵਿਅਕਤੀ ਲੇਟ ਕੇ ਪਾਠ ਕਰ ਸਕਦਾ ਹੈ।

**5. ਸਵਾਲ: ਕੀ ਕ੍ਰਿਪਾਨ ਕਪੜਿਆਂ ਦੇ ਉਪਰੋਂ ਪਾਉਣੀ ਚਾਹੀਦੀ ਹੈ ਜਾਂ ਥਲਿਉਂ ਦੀ। ਜੇ ਉੱਪਰ ਦੀ ਪਾਉਣੀ ਚਾਹੀਦੀ ਹੈ ਤਾਂ ਕਿਉਂ?**

**ਜਵਾਬ:** ਰਹਿਤਨਾਮਿਆਂ ਵਿੱਚ ਕ੍ਰਿਪਾਨ ਦੇ ਕਮੀਜ਼ ਉਤੋਂ ਜਾਂ ਹੇਠ ਪਾਣ ਬਾਰੇ ਕੋਈ ਹਦਾਇਤ ਨਹੀਂ ਹੈ, ਕੇਵਲ ਕ੍ਰਿਪਾਨ ਧਾਰਨ ਕਰਨ ਦੀ ਹਿਦਾਇਤ ਹੈ। ਕ੍ਰਿਪਾਨ ਧਾਰਨ ਕਰਨ ਦਾ ਭਾਵ ਕਿ ਸਿੱਖ ਅੰਦਰ ਬੀਰਤਾ ਹੋਵੇ, ਉਹ ਜ਼ੁਲਮ ਅਤੇ ਅਤਿਆਚਾਰ ਦਾ ਵਿਰੋਧ ਕਰੇ ਅਤੇ ਮਜ਼ਲੂਮਾਂ ਦੀ ਰਖਿਆ ਕਰੇ।

**6. ਸਵਾਲ: ਕੀ ਸਿੱਖ ਨੂੰ ਗੁਰਦੁਆਰੇ ਚਲਦੇ ਸਮਾਗਮ ਵਿੱਚ ਨਿਤਨੇਮ ਕਰਨਾ ਚਾਹੀਦਾ ਹੈ ਜਾਂ ਨਹੀਂ?**

**ਜਵਾਬ:** ਗੁਰਦੁਆਰੇ ਵਿੱਚ ਜਦੋਂ ਕਥਾ, ਕੀਰਤਨ, ਪਾਠ ਆਦਿ ਹੋ ਰਿਹਾ ਹੋਵੇ ਤਾਂ ਸਾਨੂੰ ਉਥੇ ਨਿਤਨੇਮ ਜਾਂ ਹੋਰ ਕੋਈ ਪਾਠ ਨਹੀਂ ਕਰਨਾ ਚਾਹੀਦਾ। ਪਾਠ (ਨਿਤਨੇਮ) ਵਖਰੇ ਕਮਰੇ ਵਿੱਚ ਕਰਨਾ ਚਾਹੀਦਾ ਹੈ। ਗੁਰਦੁਆਰੇ ਸੰਗਤ ਵਿੱਚ ਨਿੱਜੀ ਪਾਠ (ਨਿਤਨੇਮ) ਨਹੀਂ ਕਰਨਾ ਚਾਹੀਦਾ।

**7. ਸਵਾਲ: ਸ਼ਬਦ ਨੂੰ ਗੁਰੂ ਕਿਹਾ ਜਾਂਦਾ ਹੈ, ਕਿਹੜਾ ਸ਼ਬਦ ਗੁਰੂ ਹੈ?**

**ਜਵਾਬ:-** ਜਿਸ ਸ਼ਬਦ ਨਾਲ ਪ੍ਰਮਾਤਮਾ ਦੀ ਸਿਫ਼ਤ ਹੁੰਦੀ ਹੈ, ਉਹ ਸ਼ਬਦ ਗੁਰੂ ਹੈ। ਗੁਰਬਾਣੀ ਸਾਡਾ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਸ਼ਬਦ (ਬਾਣੀ) ਹੀ ਸਾਡਾ ਗੁਰੂ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਵਿੱਚ ਆ ਕੇ ਸ਼ਬਦ ਗੁਰੂ ਦੀ ਰੀਤ ਚਲਾਈ। ਗੁਰਬਾਣੀ ਦੀ ਬਖ਼ਸ਼ਿਸ਼ ਪਰਮਾਤਮਾ ਪਾਸੋਂ ਹੋਈ ਹੈ। ਗੁਰੂ ਅਰਜਨ ਸਾਹਿਬ ਜੀ ਨੇ ਸ਼ਬਦ ਗੁਰੂ ਦਾ ਖ਼ਜ਼ਾਨਾ, ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਨੂੰ ਬਖ਼ਸ਼ਿਸ਼ ਕਰ ਦਿੱਤਾ ਹੈ, ਜੋ ਜੁਗੋ ਜੁਗ ਅਟੱਲ ਅਤੇ ਅਖੁੱਟ ਹੈ।

**8. ਸਵਾਲ: ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲੱਗਿਆਂ ਜੋ ਗਲਤੀਆਂ ਹੁੰਦੀਆਂ ਹਨ, ਕੀ ਉਹਨਾਂ ਦਾ ਪਾਪ ਚੜ੍ਹਦਾ ਹੈ?**

**ਜਵਾਬ:-** ਜੇਕਰ ਕੋਈ ਕੰਮ ਕਰੋਗੇ ਤਾਂ ਗਲਤੀਆਂ ਤਾਂ ਹੋਣਗੀਆਂ। ਜੇਕਰ ਕੁਝ ਲਿਖਾਂਗੇ, ਬੋਲਾਂਗੇ ਜਾਂ ਕਿਸੇ ਨਾਲ ਗੱਲ ਕਰਾਂਗੇ, ਗਲਤੀਆਂ ਤਾਂ ਹੋਣਗੀਆਂ ਹੀ। ਅਣਜਾਣੇ ਹੋਈਆਂ ਗਲਤੀਆਂ ਦਾ ਕੋਈ ਪਾਪ ਨਹੀਂ। ਜੇਕਰ ਕੋਈ ਜਾਣ ਬੁੱਝ ਕੇ ਗਲਤੀਆਂ ਕਰਦਾ ਹੈ, ਪੜ੍ਹਦੇ ਸਮੇਂ ਧਿਆਨ ਨਾਲ ਨਹੀਂ ਪੜ੍ਹਦਾ, ਮਨ ਉਥੇ ਹਾਜ਼ਰ ਨਹੀਂ ਹੈ, ਫਿਰ ਤਾਂ ਕਸੂਰਵਾਰ ਹੈ ਜੀ। ਜੇਕਰ ਇਹ ਡਰ ਪਾਵਾਂਗੇ ਕਿ ਪੜ੍ਹਨ ਲੱਗੇ ਗਲਤੀ ਕੀਤੀ ਤਾਂ ਪਾਪ ਲੱਗੂ, ਫਿਰ ਤਾਂ ਕੋਈ ਪਾਠ ਕਰੇਗਾ ਹੀ ਨਹੀਂ। ਡਰਾਉਣ ਦੀ ਗੱਲ ਨਹੀਂ, ਪਿਆਰ ਪਾਉਣ ਦੀ ਗੱਲ ਹੋਣੀ ਚਾਹੀਦੀ ਹੈ। ਪਾਪ ਲੱਗਣ ਦੀਆਂ ਮਨਘੜ੍ਹਤ ਸਾਖੀਆਂ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ।

**9. ਸਵਾਲ:- ਕਈ ਸਿੱਖ ਗੁਰਦੁਆਰੇ ਦਾ ਬੋਰਡ ਅੰਗਰੇਜ਼ੀ ਜਾਂ ਹਿੰਦੀ ਵਿੱਚ ਲਾਉਣ ਤੋਂ ਵਰਜਦੇ ਹਨ, ਇਹ ਕਿਉਂ?**

**ਜਵਾਬ:-** ਪੰਜਾਬੀ ਸਾਡੀ ਮਾਂ ਬੋਲੀ ਹੈ, ਗੁਰਮੁਖੀ ਵਿੱਚ ਤਾਂ ਜ਼ਰੂਰ ਹੀ ਗੁਰਦੁਆਰਾ ਸਾਹਿਬ ਦਾ ਨਾਮ ਵੱਡਾ ਕਰਕੇ ਲਿਖਣਾ ਚਾਹੀਦਾ ਹੈ। ਉਸ ਦੇ ਨਾਲ ਦੂਜੀ ਤੇ ਤੀਜੀ ਲਾਈਨ ਵਿੱਚ ਹਿੰਦੀ ਜਾਂ ਅੰਗਰੇਜ਼ੀ ਵਿੱਚ ਲਿਖਣਾ ਭਰਮ ਨਹੀਂ। ਸਿੱਖ ਧਰਮ ਦੇ ਸਿਧਾਂਤ ਵੀ ਹੋਰ ਭਾਸ਼ਾਵਾਂ ਵਿੱਚ ਲਿਖ ਕੇ ਲਗਾਉਣੇ ਤੇ ਵੰਡਣੇ ਚਾਹੀਦੇ ਹਨ।

**10. ਸਵਾਲ: ਕੀ ਸਿੱਖ ਵਿਚ ਪਿਆਰ-ਵਿਆਹ ਦੀ ਆਗਿਆ ਹੈ।**

**ਜਵਾਬ:** ਜੇਕਰ ਮਾਨਸਿਕ ਪੱਧਰ, ਉਮਰ, ਕੱਦ, ਪੜ੍ਹਾਈ ਆਦਿ ਸਭ ਕੁਝ ਮੈਚ ਕਰਦਾ ਹੈ, ਲੜਕਾ-ਲੜਕੀ ਇਕ ਦੂਜੇ ਨੂੰ ਚਾਹੁੰਦੇ ਹਨ ਤਾਂ ਮਾਪਿਆਂ ਦੀ ਸਲਾਹ ਨਾਲ ਅਜਿਹਾ ਵਿਆਹ (ਅਨੰਦ ਕਾਰਜ) ਕਰ ਲੈਣਾ ਚਾਹੀਦਾ ਹੈ। ਅੱਜ ਕਲ੍ਹ ਬਹਤ ਸਾਰੇ ਪਿਆਰ-ਵਿਆਹ ਕੇਵਲ ਸਰੀਰਕ ਖਿੱਚ ਤੇ ਲੋਭ ਵਿੱਚ ਹੋ ਰਹੇ ਹਨ, ਗ੍ਰਹਿਸਤੀ ਜੀਵਨ ਅਸਫਲ ਹੋ ਜਾਂਦੇ ਹਨ।

-0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**




## ਪੋਤ੍ਰਾ ਪਰਵਾਣੁ

**ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥ ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥ ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ॥ ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥ ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥ ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥ ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥ ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ॥ ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ॥ ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥ ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ॥ ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ॥ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥ ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥ ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥ ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥ ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥ ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥ ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥ ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥ (968)**



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਾਡਾ ਇਹ ਮੰਨਣਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਜਦੋਂ ਗੁਰਿਆਈ ਭਾਈ ਲਹਿਣਾ ਜੀ ਨੂੰ ਦਿੱਤੀ ਤਾਂ ਕੇਵਲ ਕੁਝ ਸੇਵਾ ਵਾਲੀਆਂ ਸਾਖੀਆਂ ਦੇ ਅਧਾਰਤ ਨਹੀਂ ਦਿੱਤੀ, ਸਗੋਂ ਭਾਈ ਲਹਿਣਾ ਜੀ ਵਿੱਚ ਸਿਧਾਂਤਕ ਸਾਰੀਆਂ ਖੂਬੀਆਂ ਭਰੀਆਂ ਗਈਆਂ ਤੇ ਫਿਰ ਉਹਨਾਂ ਦੇ ਸੁਭਾਅ ਵਿਚੋਂ ਉਹ ਖੂਬੀਆਂ ਦੇਖੀਆਂ ਗਈਆਂ। ਸਭ ਤੋਂ ਪਹਿਲਾਂ ਭਾਈ ਲਹਿਣਾ ਜੀ ਦੀ ਸੁਹਿਦਰਤਾ ਤੇ ਸੰਜੀਦਗੀ ਦੇਖੀ ਗਈ। ਦੂਸਰਾ ਜੱਥੇਬੰਦਕ ਢਾਂਚੇ ਨੂੰ ਖੜਾ ਕਰਨ ਵਾਲੀ ਕਾਬਲੀਅਤ ਪਰਖੀ ਗਈ। ਤੀਜਾ ਨਾਨਕਈ ਫ਼ਲਸਫੇ ਦੀ ਸਮੁੱਚੀ ਮਨੁੱਖਤਾ ਨਾਲ ਪਿਆਰ ਵਾਲੀ ਸੂਝ ਦੇਖੀ ਗਈ।

ਆਤਮਿਕ ਸਿਆਣਪ, ਦੂਰ ਅੰਦੇਸ਼ੀ, ਆਪਾ ਵਾਰਨ ਦੀ ਸਮਰੱਥਾ ਤੇ ਮਨੁੱਖੀ ਭਾਈਚਾਰੇ ਦੇ ਹਰੇਕ ਵਰਗ ਨੂੰ ਆਪਣਾ ਸਮਝਣ ਵਾਲੇ ਨੂੰ ਇਹ ਗੁਰਿਆਈ ਦੀ ਬਖਸ਼ਿਸ਼ ਹੋਈ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜੱਥੇਬੰਦਕ ਢਾਂਚੇ ਦੀ ਰੂਪ ਰੇਖਾ ਭਾਈ ਲਹਿਣੇ ਜੀ ਨੂੰ ਪੂਰੀ ਤਰ੍ਹਾਂ ਸਮਝਾ ਦਿੱਤੀ। ਭਾਈ ਲਹਿਣਾ ਜੀ ਨੂੰ ਇਹ ਪ੍ਰਪੱਕਤਾ ਵੀ ਕਰਾ ਦਿੱਤੀ ਕਿ ਆਉਣ ਵਾਲੇ ਸਮੇਂ ਵਿੱਚ ਜਦੋਂ ਅਗਲੇਰੇ ਗੁਰੂ ਨੂੰ ਗੁਰਗੱਦੀ ਦੀਆਂ ਜ਼ਿੰਮੇਵਾਰੀਆਂ ਸੌਂਪਣੀਆਂ ਹਨ ਤਾਂ ਇਹ ਸਾਰੀਆਂ ਜੁਗਤੀਆਂ, ਪਰਖਾਂ ਤੇ ਨੀਤੀਆਂ ਨੂੰ ਮੁੱਖ ਰੱਖਣਾ ਹੈ। ਇੱਕ ਜੋਤ ਦੀ ਪ੍ਰਥਾ ਨੂੰ ਅਗਾਂਹ ਦੀ ਅਗਾਂਹ ਦੱਸਣ ਦੀ ਜੁਗਤੀ ਵੀ ਸਮਝਾ ਦਿੱਤੀ ਸੀ ਇਹ ਵੀ ਸਮਝ ਵਿੱਚ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਦੇਖ ਲਿਆ ਸੀ ਕਿ ਰੱਬੀ ਵਿਚਾਰਧਾਰਾ ਵਾਲੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਦੋ ਸਦੀਆਂ ਦਾ ਸਮਾਂ ਵੀ ਲੱਗ ਸਕਦਾ ਹੈ। ਸੂਝਵਾਨ ਵਿਦਵਾਨ ਕਹਿੰਦੇ ਹਨ ਕਿ ਕਿਸੇ ਪ੍ਰੰਪਰਾ ਨੂੰ ਖਤਮ ਕਰਨਾ ਹੋਵੇ ਜਾਂ ਨਵੀਂ ਪ੍ਰੰਪਰਾ ਚਲਾਉਣੀ ਹੋਵੇ ਤਾਂ ਉਸ ਨੂੰ ਘੱਟੋ ਘੱਟ ਇੱਕ ਸਦੀ ਤੋਂ ਡੇਢ ਸਦੀ ਦਾ ਸਮਾਂ ਲੱਗ ਜਾਂਦਾ ਹੈ।

ਭਾਰਤੀ ਲੋਕਾਂ ਵਿੱਚ ਸਮਾਜਿਕ, ਰਾਜਨੀਤਕ ਤੇ ਧਾਰਮਿਕ ਗੁਲਾਮੀ ਦਾ ਪੂਰਾ ਬੋਲਬਾਲਾ ਸੀ। ਇੰਝ ਵੀ ਕਿਹਾ ਜਾ ਸਕਦਾ ਹੈ ਗੁਲਾਮੀ ਇਹਨਾਂ ਦੇ ਰੋਮ ਰੋਮ ਵਿੱਚ ਵੱਸੀ ਹੋਈ ਸੀ। ਭਾਰਤੀ ਲੋਕਾਂ ਲਈ ਹੀ ਨਹੀਂ ਬਲਕਿ ਹਰੇਕ ਲਿਤਾੜੇ, ਦੱਬੇ ਕੁਚਲੇ ਲੋਕਾਂ ਨੂੰ ਅਜ਼ਾਦੀ ਦਾ ਅਹਿਸਾਸ ਕਰਾਉਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣੇ ਨੂੰ ਇਹ ਸਾਰੀਆਂ ਰਮਜ਼ਾਂ ਸਮਝਾ ਦਿੱਤੀਆਂ ਸਨ। ਇਹ ਸਾਰੀ ਪ੍ਰਕ੍ਰਿਆ ਖਾਲਸਾ ਪ੍ਰਗਟ ਹੋਣ ਤੱਕ ਚਲਦੀ ਰਹੀ ਹੈ।

ਮਰਿਯਾਦਾ ਉਹੀ ਰਹੀ ਹੈ ਪਰ ਸਰੀਰਕ ਰੂਪ ਜ਼ਰੂਰ ਵਟਾਇਆ ਗਿਆ। ਗੁਰੂ ਨਾਨਕ ਸਾਹਿਬ ਜੀ ਨੇ ਇੱਕ ਹੋਰ ਵਿਸ਼ੇਸ਼ ਕੰਮ ਕੀਤਾ ਜਿਹੜਾ ਦੁਨੀਆਂ ਦੇ ਇਤਿਹਾਸ ਵਿੱਚ ਨਹੀਂ ਮਿਲਦਾ। ਜਿੱਥੇ ਗੁਰੂ ਸਾਹਿਬ ਜੀ ਨੇ ਆਪ ਬਾਣੀ ਉਚਾਰੀ ਹੈ ਉੱਥੇ ਉਹਨਾਂ ਨੇ ਬ੍ਰਾਹਮਣ ਵਲੋਂ ਸ਼ੂਦਰ ਕਹਿ ਕੇ ਦੁਰਕਾਰੇ ਹੋਏ ਉਹਨਾਂ ਮਨੁੱਖਾਂ ਦੇ ਰੱਬੀ ਕਲਾਮ ਨੂੰ ਆਪਣੇ ਨਾਲ ਥਾਂ ਦੇ ਕੇ ਇੱਕ ਨਵੀਂ ਕ੍ਰਾਂਤੀ ਨੂੰ ਜਨਮ ਦਿੱਤਾ ਹੈ।

ਇਸ ਸਾਰੀ ਸਿਧਾਂਤਕ ਪ੍ਰਕ੍ਰਿਆ ਵਿੱਚ ਸਿਧਾਂਤ ਭਾਵ ਜੋਤ ਇੱਕ ਰਹੀ ਹੈ ਜਿਹਾ ਕਿ ਭੱਟ ਗਯੰਦ ਜੀ ਫੁਰਮਾਉਂਦੇ ਹਨ–

**ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥**
**ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥**
**ਲਹਣੈ ਪੰਥੁ ਧਰਮ ਕਾ ਕੀਆ॥**
**ਅਮਰਦਾਸ ਭਲੇ ਕਉ ਦੀਆ॥ (1401)**

**ਅੱਖਰੀਂ ਅਰਥ** :– ਗੁਰੂ ਨਾਨਕ ਅਕਾਲ ਪੁਰਖ ਦੇ ਨੇੜੇ ਵੱਸਦਾ ਹੈ। ਉਸ (ਗੁਰੂ ਨਾਨਕ) ਨੇ ਲਹਣੇ ਨੂੰ ਨਿਵਾਜ ਕੇ ਜਗਤ ਵਿੱਚ (ਰੱਬੀ) ਜੋਤਿ ਪ੍ਰਕਾਸ਼ ਕੀਤੀ। ਲਹਣੇ ਨੇ ਧਰਮ ਦਾ ਰਾਹ ਚਲਾਇਆ ਤੇ ਭਲੇ (ਗੁਰੂ) ਅਮਰਦਾਸ ਜੀ ਨੂੰ (ਨਾਮ ਦੀ ਦਾਤਿ) ਦਿੱਤੀ। ਭਾਰਤੀ ਦੇ ਹਿੰਦੂਤਵ ਵਿਦਵਾਨਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਭਾਰਤ ਦੇ ਬਾਕੀ ਸਾਧਾਂ ਵਾਂਗ ਹੀ ਦੇਖਣ ਦਾ ਯਤਨ ਕੀਤਾ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਚੱਲ ਰਹੇ ਮਾਰਗ ਵਿੱਚ ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ, ਆਰੇ ਦੇ ਦੰਦੇ ਤੇ ਬੰਦ ਬੰਦ ਕੱਟਣ ਦਾ ਸਫ਼ਰ ਵੀ ਆਉਣਾ ਸੀ। ਇਹ ਪ੍ਰਤੱਖ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੇ ਮਨੁੱਖਤਾ ਦੀ ਮਾਨਸਿਕ ਦਸ਼ਾ ਬਦਲ ਕੇ ਆਤਮਿਕ ਬਲ ਦਿੱਤਾ। ਭਾਵ ਕਿ ਖ਼ੁਦ ਮੁਖਤਿਆਰੀ ਨੂੰ ਸਮਝ ਕੇ ਅਜ਼ਾਦੀ ਨਾਲ ਜਿਊਣ ਦਾ ਵਲ ਸਮਝਾਇਆ ਹੈ।

**ਅੱਖਰੀਂ ਅਰਥ**: ਪੋਤਰਾ–ਗੁਰੂ (ਗੁਰੂ ਅਮਰਦਾਸ ਭੀ) ਮੰਨਿਆ–ਪ੍ਰਮੰਨਿਆ (ਗੁਰੂ) ਹੈ (ਕਿਉਂਕਿ ਉਹ ਭੀ) ਗੁਰੂ ਨਾਨਕ ਤੇ ਗੁਰੂ ਅੰਗਦ ਸਾਹਿਬ ਵਰਗਾ ਹੀ ਹੈ; (ਇਸ ਦੇ ਮੱਥੇ ਉਤੇ ਭੀ) ਉਹੀ ਨੂਰ ਹੈ, (ਇਸ ਦਾ ਭੀ) ਉਹੀ ਤਖ਼ਤ ਹੈ, ਉਹੀ ਦਰਬਾਰ ਹੈ (ਜੋ ਗੁਰੂ ਨਾਨਕ ਤੇ ਗੁਰੂ ਅੰਗਦ ਸਾਹਿਬ ਦਾ ਸੀ)।

ਇਸ ਗੁਰੂ ਅਮਰਦਾਸ ਨੇ ਭੀ ਆਤਮਿਕ ਬਲ ਨੂੰ ਨੇਹਣੀ ਬਣਾ ਕੇ (ਮਨ–ਰੂਪ) ਨਾਗ ਨੂੰ ਨੇਤ੍ਰੇ ਵਿੱਚ ਪਾਇਆ ਹੈ, (ਉੱਚੀ ਸੁਰਤਿ–ਰੂਪ) ਸੁਮੇਰ ਪਰਬਤ ਨੂੰ ਮਧਾਣੀ ਬਣਾ ਕੇ (ਗੁਰ–ਸ਼ਬਦ ਰੂਪ) ਸਮੁੰਦਰ ਨੂੰ ਰਿੜਕਿਆ ਹੈ, (ਉਸ 'ਸ਼ਬਦ–ਸਮੁੰਦਰ' ਵਿਚੋਂ ਰੱਬੀ ਗੁਣ–ਰੂਪ) ਚੌਦਾਂ ਰਤਨ ਕੱਢੇ (ਜਿਨ੍ਹਾਂ ਨਾਲ) ਉਸ ਨੇ (ਜਗਤ ਵਿੱਚ ਆਤਮਿਕ ਜੀਵਨ ਦੀ ਸੂਝ ਦਾ) ਚਾਨਣ ਪੈਦਾ ਕੀਤਾ।

(ਗੁਰੂ ਅਮਰਦਾਸ ਨੇ) ਸਹਿਜ–ਅਵਸਥਾ ਦਾ ਘੋੜਾ ਬਣਾਇਆ, ਵਿਕਾਰਾਂ ਵਲੋਂ ਇੰਦ੍ਰਿਆਂ ਨੂੰ ਰੋਕ ਰੱਖਣ ਦੀ ਤਾਕਤ ਨੂੰ ਕਾਠੀ ਬਣਾਇਆ; ਸੁੱਚੇ ਆਚਰਨ ਦਾ ਕਮਾਨ ਕੱਸਿਆ ਤੇ ਪਰਮਾਤਮਾ ਦੀ ਸਿਫ਼ਤਿ–ਸਲਾਹ ਦਾ ਤੀਰ (ਪਕੜਿਆ)।

ਸੰਸਾਰ ਵਿਚ (ਵਿਕਾਰਾਂ ਦਾ) ਘੁੱਪ ਹਨੇਰਾ ਸੀ। (ਗੁਰੂ ਅਮਰਦਾਸ, ਮਾਨੋ) ਕਿਰਨਾਂ ਵਾਲਾ ਸੂਰਜ ਚੜ੍ਹ ਪਿਆ, ਜਿਸ ਨੇ 'ਸਤ' ਦੇ ਬਲ ਨਾਲ ਹੀ (ਉੱਜੜੀ) ਖੇਤੀ ਜਮਾਈ ਤੇ 'ਸਤ' ਨਾਲ ਹੀ ਉਸ ਦੀ ਰਾਖੀ ਕੀਤੀ।

(ਹੇ ਗੁਰੂ ਅਮਰਦਾਸ!) ਤੇਰੇ ਲੰਗਰ ਵਿੱਚ (ਵੀ) ਨਿੱਤ ਘਿਉ, ਮੈਦਾ ਤੇ ਖੰਡ (ਆਦਿਕ ਉੱਤਮ ਪਦਾਰਥ ਵਰਤ ਰਹੇ ਹਨ; ਜਿਸ ਮਨੁੱਖ ਨੇ ਆਪਣੇ ਮਨ ਵਿੱਚ ਤੇਰਾ ਸ਼ਬਦ ਟਿਕਾ ਲਿਆ ਹੈ ਉਸ ਨੂੰ ਚਹੁੰ ਕੁੰਡਾਂ (ਵਿੱਚ ਵੱਸਦੇ ਪਰਮਾਤਮਾ) ਦੀ ਸੂਝ ਆ ਗਈ ਹੈ। (ਹੇ ਗੁਰੂ !) ਜਿਸ ਨੂੰ ਤੂੰ ਮਿਹਰ ਦੀ ਨਜ਼ਰ ਕਰ ਕੇ (ਸ਼ਬਦ-ਰੂਪ) ਰਾਹ-ਦਾਰੀ ਬਖ਼ਸ਼ੀ ਹੈ ਉਸ ਦਾ ਜੰਮਣ-ਮਰਨ ਦਾ ਗੇੜ ਤੂੰ ਮੁਕਾ ਦਿੱਤਾ ਹੈ।

ਉਹ ਸੁਜਾਨ ਅਕਾਲ ਪੁਰਖ (ਆਪ ਗੁਰੂ ਅਮਰਦਾਸ ਦੇ ਰੂਪ ਵਿੱਚ) ਅਵਤਾਰ ਲੈ ਕੇ ਜਗਤ ਵਿੱਚ ਆਇਆ ਹੈ। (ਗੁਰੂ ਅਮਰਦਾਸ ਵਿਕਾਰਾਂ ਦੇ) ਝੱਖੜ ਵਿੱਚ ਨਹੀਂ ਡੋਲਦਾ, (ਵਿਕਾਰਾਂ ਦੀ) ਹਨੇਰੀ ਭੀ ਝੁੱਲ ਪਏ ਤਾਂ ਨਹੀਂ ਡੋਲਦਾ, ਉਹ ਤਾਂ (ਮਾਨੋ) ਸੁਮੇਰ ਪਰਬਤ ਹੈ; ਜੀਵਾਂ ਦੇ ਦਿਲ ਦੀ ਪੀੜਾ ਜਾਣਦਾ ਹੈ, ਜਾਣੀ-ਜਾਣ ਹੈ।

ਹੇ ਸਦਾ-ਥਿਰ ਰਾਜ ਵਾਲੇ ਪਾਤਸ਼ਾਹ ! ਮੈਂ ਤੇਰੀ ਕੀਹ ਸਿਫ਼ਤਿ ਕਰਾਂ ? ਤੂੰ ਸੁੰਦਰ ਆਤਮਾ ਵਾਲਾ ਤੇ ਸਿਆਣਾ ਹੈਂ। ਮੈਨੂੰ ਸੱਤਾ ਬਲਵੰਡ (ਗੁਰਸਿੱਖ) ਨੂੰ ਤੇਰੀ ਉਹੀ ਬਖ਼ਸ਼ੀਸ਼ ਚੰਗੀ ਹੈ ਜੋ (ਤੈਨੂੰ) ਸਤਿਗੁਰੂ ਨੂੰ ਚੰਗੀ ਲੱਗਦੀ ਹੈ।

(ਗੁਰੂ ਅਮਰਦਾਸ ਜੀ ਦੇ) ਸਿਰ ਉਤੇ ਗੁਰੂ ਨਾਨਕ ਵਾਲਾ ਛਤਰ ਸੰਗਤਿ (ਵੇਖ ਕੇ) ਅਸਚਰਜ ਹੋ ਰਹੀ ਹੈ। ਪੋਤਰਾ-ਗੁਰੂ (ਗੁਰੂ ਅਮਰਦਾਸ ਭੀ) ਮੰਨਿਆ-ਪ੍ਰਮੰਨਿਆ ਗੁਰੂ ਹੈ (ਕਿਉਂਕਿ ਉਹ ਭੀ) ਗੁਰੂ ਨਾਨਕ ਤੇ ਗੁਰੂ ਅੰਗਦ ਸਾਹਿਬ ਵਰਗਾ ਹੀ ਹੈ, (ਇਸ ਦੇ ਮੱਥੇ ਉੱਤੇ ਭੀ) ਉਹੀ ਨੂਰ ਹੈ, (ਇਸ ਦਾ ਭੀ) ਉਹੀ ਤਖ਼ਤ ਹੈ, ਉਹੀ ਦਰਬਾਰ ਹੈ (ਜੋ ਗੁਰੂ ਨਾਨਕ ਤੇ ਗੁਰੂ ਅੰਗਦ ਸਾਹਿਬ ਦਾ ਸੀ)।

**ਵਿਚਾਰ ਚਰਚਾ**- ਭਾਈ ਸੱਤਾ ਜੀ ਨੇ ਦਾਦਾ ਗੁਰੂ ਨਾਨਕ ਪਾਤਸ਼ਾਹ ਜੀ ਨੂੰ, ਪਿਤਾ ਗੁਰੂ ਅੰਗਦ ਪਾਤਸ਼ਾਹ ਜੀ ਤੇ ਪੋਤਰਾ ਗੁਰੂ ਅਮਰਦਾਸ ਜੀ ਨੂੰ ਆਖਿਆ ਹੈ। ਭਾਈ ਸੱਤਾ ਜੀ ਫੁਰਮਾਉਂਦੇ ਹਨ ਪੋਤਰਾ ਗੁਰੂ ਅਮਰਦਾਸ ਜੀ ਭੀ ਮੰਨਿਆ ਪ੍ਰਮੰਨਿਆ ਗੁਰੂ ਹੈ ਕਿਉਂਕਿ ਮੱਥੇ ਦਾ ਨੂਰ, ਤਖਤ ਤੇ ਦਰਬਾਰ ਗੁਰੂ ਨਾਨਕ ਤੇ ਗੁਰੂ ਅੰਗਦ ਸਾਹਿਬ ਵਾਲਾ ਹੈ। ਇਤਿਹਾਸ ਦੇ ਸੋਮਿਆਂ ਅਨੁਸਾਰ ਗੁਰੂ ਅਮਰਦਾਸ ਜੀ ਧਰਮ ਦਾ ਕਰਮ ਸਮਝਦਿਆਂ ਹੋਇਆਂ ਅਨੇਕਾਂ ਵਾਰ ਗੰਗਾ ਦਾ ਇਸ਼ਨਾਨ ਕਰਨ ਜਾਂਦੇ ਸਨ। ਮਨ ਵਿੱਚ ਬੜਾ ਭਰਮ ਪਾਲਿਆ ਹੋਇਆ ਸੀ ਕਿ ਮੇਰੇ ਵਰਗਾ ਤਾਂ ਕੋਈ ਧਰਮੀ ਕਰਮੀ ਹੋ ਹੀ ਨਹੀਂ ਸਕਦਾ। ਭਾਰਤੀ ਫਲਸਫੇ ਅਨੁਸਾਰ ਤੀਰਥਾਂ ਦੀ ਯਾਤਰਾ ਤੇ ਉੱਥੇ ਜਾ ਕੇ ਇਸ਼ਨਾਨ ਕਰਨਾ ਤੇ ਦਾਨ ਦੇਣਾ ਧਰਮ ਦਾ ਬਹੁਤ ਵੱਡਾ ਕਰਮ ਸਮਝਿਆ ਗਿਆ ਹੈ, ਜਿਹੜਾ ਗੁਰੂ ਅਮਰਦਾਸ ਜੀ ਪੂਰੀ ਤਨ ਦੇਹੀ ਨਾਲ ਨਿਬਾਹ ਰਹੇ ਸਨ। ਇੱਕ ਦਿਨ ਆਪਣੇ ਭਰਾ ਦੀ ਨੂੰਹ ਬੀਬੀ ਅਮਰੋ ਪੁੱਤਰੀ ਗੁਰੂ ਅੰਗਦ ਸਾਹਿਬ ਜੀ ਤੋਂ ਸ਼ਬਦ ਦੀ ਵਿਚਾਰ ਸਮਝੀ ਤਾਂ ਇਹ ਅਹਿਸਾਸ ਹੋਇਆ ਕਿ ਮੈਂ ਤਾਂ ਐਵੇਂ ਹੀ ਹੰਕਾਰ ਪਾਲੀ ਬੈਠਾ ਹਾਂ ਜਿਸ ਨੂੰ ਮੈਂ ਧਰਮ ਦਾ ਕਰਮ ਸਮਝ ਕੇ ਕਈ ਸਾਲ ਤੀਰਥ ਯਾਤਰਾ ਤੇ ਇਸ਼ਨਾਨ ਕਰਦਾ ਰਿਹਾ ਹਾਂ ਉਹ ਤਾਂ ਨਿਰਾ ਪਾਖੰਡ ਹੀ ਹੈ। ਅੱਜ ਪਹਿਲੀ ਦਫਾ ਨਵੀਂ ਸੋਚ ਨੇ ਜਨਮ ਲਿਆ। ਇੱਕ ਨਵਾਂ ਆਤਮਿਕ ਬਲ ਮਿਲਿਆ।

ਜ਼ਿੰਦਗੀ ਦੇ ਅਸਲੀ ਮਹੱਤਵ ਨੂੰ ਸਮਝਣ ਲਈ ਬੀਬੀ ਅਮਰੋ ਜੀ ਨਾਲ ਖਡੂਰ ਆ ਗਏ। ਜਿੱਥੇ ਸਰੀਰਕ ਤਲ ਵਾਲੀਆਂ ਸੇਵਾਵਾਂ ਵਿੱਚ ਆਪਣਾ ਯੋਗਦਾਨ ਪਾ ਰਹੇ ਸਨ ਉੱਥੇ ਸ਼ਬਦ ਦੀਆਂ ਬਰੀਕੀਆਂ, ਗੁਰੂ ਨਾਨਕ ਸਾਹਿਬ ਦਾ ਫਲਸਫਾ, ਭਾਰਤੀ ਗ੍ਰੰਥਾਂ ਦਾ ਅਧਿਐਨ ਸਮੇਂ ਦੇ ਹਾਲਾਤ, ਰਾਜਨੀਤਿਕ ਪੱਖ, ਸਮਾਜਿਕ ਬੁਰਾਈਆਂ, ਧਰਮ ਦੇ ਨਾਂ ਕੀਤੇ ਜਾਂਦੇ ਕਰਮ-ਕਾਂਡਾਂ ਨੂੰ ਡੂੰਘਾਈ ਨਾਲ ਸਮਝਿਆ ਤੇ ਪਰਖਿਆ।

ਅਸਲ ਮੁੱਦੇ ਨਾਲੋਂ ਹੱਟ ਕੇ ਗੁਰਿਆਈ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਲਈ ਕੇਵਲ ਕੁੱਝ ਸੇਵਾ ਵਾਲੀਆਂ ਸਾਖੀਆਂ ਦਾ ਹੀ ਸਹਾਰਾ ਲਿਆ ਜਾ ਰਿਹਾ ਹੈ। ਦਰਿਆ ਬਿਆਸ ਤੋਂ ਪਾਣੀ ਲਿਆਉਣ ਦੀ ਸਾਖੀ ਨੂੰ ਹੋਰ ਹੀ ਰੰਗਤ ਦੇ ਕੇ ਪੇਸ਼ ਕੀਤਾ ਗਿਆ ਹੈ। ਸਿਰ ਤੋਂ ਸਿਰਪਾਓ ਨਾ ਉਤਾਰਨੇ ਜਾਂ ਜੁਲਾਹੀ ਨੂੰ ਸਰਾਪ ਦੇ ਦੇਣਾ ਆਦਿਕ ਕਹਾਣੀਆਂ ਨੂੰ ਸਾਖੀਆਂ ਬਣਾ ਕੇ ਹੀ ਸੁਣਾਇਆ ਗਿਆ ਹੈ। ਸਾਖੀਆਂ ਦਾ ਸਾਹਿੱਤਕ ਤੇ ਸਿਧਾਂਤਕ ਪੱਖ ਸਮਝਣ ਦੀ ਥਾਂ'ਤੇ ਕਰਾਮਾਤੀ ਜਾਂ ਗੈਰ ਕੁਦਰਤੀ ਪੱਖ ਨੂੰ ਜ਼ਿਆਦਾ ਉਭਾਰਿਆ ਗਿਆ ਹੈ। ਭਾਈ ਸੱਤਾ ਜੀ ਵਾਲਾ ਖਿਆਲ ਬਹੁਤ ਘੱਟ ਸੁਣਾਇਆ ਗਿਆ ਹੈ ਜਿਹਾ ਕਿ

**ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥ ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥ ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ॥ ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥ ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥**

ਪੁਰਾਣਿਕ ਕਥਾ ਅਨੁਸਾਰ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਣ ਲਈ ਸੁਮੇਰ ਪਰਬਤ ਨੂੰ ਮਧਾਣਾ ਬਣਾਇਆ, ਬਾਸਕ ਨਾਗ ਦਾ ਨੇਤਰਾ ਬਣਾਇਆ ਦੇਵਤਿਆਂ ਦੈਂਤਾਂ ਨੇ ਤਗੜਿਆਂ ਹੋ ਕੇ ਸਮੁੰਦਰ ਰਿੜਕ ਕਿ ਚੌਦਾਂ ਰਤਨਾਂ ਨੂੰ ਬਾਹਰ ਕੱਢਿਆ। ਇਹ ਪੁਰਾਣਿਕ ਹਵਾਲਾ ਦੇ ਕੇ ਸੱਤਾ ਜੀ ਫੁਰਮਾਉਂਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਆਤਮਿਕ ਬੱਲ ਦਾ ਭਾਵ ਸਾਰੀ ਸੋਚ ਨੂੰ ਇਕਾਗਰ ਕਰਕੇ ਨੇਤਰਾ ਬਣਾਇਆ, ਉੱਚੀ ਸੁਰਤ ਦੀ ਮਧਾਣੀ ਬਣਾਈ ਤੇ ਗੁਰ-ਸ਼ਬਦ ਨੂੰ ਰਿੜਕਿਆ। ਭਾਵ ਆਪਣੀ ਸੋਚ ਵਿੱਚ ਸ਼ਬਦ ਦੀਆਂ ਬਰੀਕੀਆਂ ਨੂੰ ਟਿਕਾਇਆ।

ਪੁਰਾਤਨ ਕਥਾ ਅਨੁਸਾਰ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ ਸਮੁੰਦਰ ਨੂੰ ਰਿੜਕਿਆ ਤੇ ਉਸ ਵਿਚੋਂ ਚੌਦਾਂ ਰਤਨ ਕੱਢੇ। ਮਿਥਿਹਾਸਕ ਰਤਨਾਂ ਦੀ ਥਾਂ'ਤੇ ਗੁਰਦੇਵ ਪਿਤਾ ਜੀ ਨੇ ਆਤਮਿਕ ਬਲ ਵਾਲੇ ਗੁਣਾਂ ਨੂੰ ਸਮਝਿਆ, ਵਿਚਾਰਿਆ ਤੇ ਜੀਵਨ ਵਿੱਚ ਢਾਲਿਆ। ਅਜਿਹੇ ਦੈਵੀ ਗੁਣਾਂ ਦੀ ਭਰਪੂਰਤਾ ਹਾਸਲ ਕੀਤੀ।

ਸ਼ਬਦ ਰਿੜਕਣ ਤੋਂ ਭਾਵ ਹੈ ਹਰ ਪ੍ਰਕਾਰ ਦੀ ਵਿਦਿਆ ਹਾਸਲ ਕਰਨੀ ਤੇ ਸਮੇਂ ਦੀਆਂ ਪ੍ਰਸਿੱਤੀਆਂ ਨੂੰ ਸਮਝ ਕੇ ਆਉਣ ਵਾਲੇ ਸਮੇਂ ਲਈ ਨੀਤੀਆਂ ਤਹਿ ਕਰਨੀਆਂ। ਸ਼ਬਦ ਰਿੜਕਣ ਤੇ ਹੀ ਅਜਿਹੇ ਵਿਚਾਰਾਂ ਦਾ ਜਨਮ ਹੁੰਦਾ ਹੈ-ਸਤੀ ਦੀ ਰਸਮ ਨੂੰ ਬੰਦ ਕਰਾਉਣਾ, ਵਿਧਵਾ ਔਰਤ ਦਾ ਪੁਨਰ ਵਿਆਹ, ਬਾਲ ਵਿਆਹ ਨੂੰ ਰੋਕਣਾ, ਜਾਤ ਪਾਤ, ਛੂਤ-ਛਾਤ, ਸਾਂਝਾ ਲੰਗਰ ਹਰੇਕ ਨੇ ਬਰਾਬਰ ਬੈਠ ਕੇ ਲੰਗਰ ਛੱਕਣਾ, ਸਰਕਾਰ ਨਾਲ ਗੱਲਬਾਤ ਕਰਕੇ ਲੋਕਾਂ'ਤੇ ਲੱਗਿਆ ਜ਼ਜ਼ੀਆ ਬੰਦ ਕਰਾਉਣਾ ਤੇ ਹੋਰ ਬਹੁਤ ਸਾਰੇ ਸੁਧਾਰਾਂ ਵਲ ਧਿਆਨ ਕੇਂਦਰਤ ਕਰਨਾ ਹੀ ਸ਼ਬਦ ਰਿੜਕਣਾ ਹੈ। ਇਹਨਾਂ ਤੁਕਾਂ ਵਿਚੋਂ ਵਿਦਿਆ ਦਾ ਭਾਵ ਉਘੜ ਕੇ ਪ੍ਰਗਟ ਹੁੰਦਾ ਹੈ।

**ਕੀਤੋਨੁ ਚਾਨਾਣੁ** ਜਗਤ ਵਿੱਚ ਆਤਮਿਕ ਸੂਝ ਦਾ ਚਾਨਣ ਪੈਦਾ ਕੀਤਾ। ਭਾਰਤ ਵਿੱਚ ਧਰਮ ਦੀਆਂ ਸੇਵਾਵਾਂ ਨਿਭਾਹੁੰਣ ਵਾਲੇ ਤਾਂ ਬਹੁਤ ਸਾਰੇ ਸਾਧ, ਸੰਤ, ਜੋਗੀ, ਕਾਜ਼ੀ, ਬ੍ਰਾਹਮਣ ਆਦਿਕ ਤੁਰੇ ਫਿਰਦੇ ਸਨ ਪਰ ਆਤਮਿਕ ਸੂਝ ਦੀ ਥਾਂ'ਤੇ ਬਾਹਰਲੀਆਂ ਰਸਮਾਂ ਨਿਬਾਹੁੰਣ ਤੱਕ ਸੀਮਤ ਸਨ। ਜਿਹਾ ਕਿ ਜੋਗੀ ਕੰਨਾਂ ਵਿੱਚ ਮੁੰਦਰਾਂ ਸਰੀਰ 'ਤੇ ਸਵਾਹ ਮਲਣੀ ਹੱਥ ਵਿੱਚ ਖੱਪਰ ਫੜਨਾ ਤੇ ਗੋਦੜੀ ਚੁੱਕੀ ਫਿਰਦੇ ਨਜ਼ਰ ਆਉਂਦੇ ਸਨ। ਇਹ ਬਾਹਰਲਾ ਵਿਖਾਵਾ ਤਾਂ ਪੂਰਾ ਚੁੱਕੀ ਫਿਰਦੇ ਸਨ ਪਰ ਆਤਮਿਕ ਸੂਝ ਦੀ ਵੱਡੀ ਕਮੀ ਮਹਿਸੂਸ ਹੁੰਦੀ ਸੀ। ਸਨਾਤਨੀ ਮਤ ਕੇਵਲ ਕਰਮ-ਕਾਡਾਂ ਨੂੰ ਹੀ ਮਾਨਤਾ ਦੇ ਰਹੀ ਸੀ। ਭਾਈ ਸੱਤਾ ਜੀ ਫੁਰਮਾਉਂਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਸ਼ਬਦ ਦੀ ਵਿਚਾਰ ਸਮਝਣ ਉਪਰੰਤ ਆਤਮਿਕ ਤਲ ਦੀ ਸਹਿਜ ਅਵਸਥਾ ਲਿਆਂਦੀ। ਇਹ ਆਤਮਿਕ ਅਵਸਥਾ ਦੁੱਖ-ਸੁੱਖ ਨੂੰ ਸਮਝਣ ਲਈ ਮੁੱਢਲਾ ਕਰਮ ਹੈ। ਇਸ ਸਹਿਜ ਅਵਸਥਾ ਵਿਚੋਂ ਸੱਚੇ ਧਰਮ ਦਾ ਜਨਮ ਹੁੰਦਾ ਹੈ। ਅਜਿਹੀ ਸਹਿਜ ਅਵਸਥਾ ਆਪਣੇ ਅਕੀਦੇ ਤੋਂ ਡੋਲਣ ਨਹੀਂ ਦਿੰਦੀ।

ਇਹੀ ਕਾਰਨ ਹੈ ਆਰੇ ਦੇ ਦੰਦਿਆਂ ਹੇਠ ਵੀ ਸਹਿਜ ਅਵਸਥਾ ਬਰਕਰਾਰ ਰਹਿੰਦੀ ਤੁਰੀ ਆ ਰਹੀ ਹੈ। ਜਿੱਥੇ ਸ਼ਬਦ ਨੂੰ ਰਿੜਕਣ ਨਾਲ ਵਿਦਿਆ ਤੇ ਆਤਮਿਕ ਸੂਝ ਦਾ ਜਨਮ ਹੁੰਦਾ ਹੈ ਉੱਥੇ ਸਹਿਜ ਅਵਸਥਾ ਤੇ ਵਿਕਾਰਾਂ ਵਲ

ਭੱਜਦੀਆਂ ਇੰਦ੍ਰੀਆਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਨਿਰੋਏ ਗੁਣਾਂ ਨੂੰ ਅਪਨਾ ਕੇ ਰੱਖਦੀਆਂ ਹਨ

**ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥ ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥ ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ॥ ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ॥**

ਸੰਸਾਰ ਵਿੱਚ ਘੁੱਪ ਅੰਧੇਰਾ ਪਸਰਿਆ ਹੋਇਆ ਸੀ। ਇਸ ਦਾ ਭਾਵ ਅਰਥ ਹੈ ਕੀ ਰਾਜੇ, ਵਜ਼ੀਰ, ਬਾਕੀ ਦੇ ਅਹਿਲਕਾਰ, ਧਾਰਮਿਕ ਬਿਰਤੀ ਦੇ ਲੋਕ ਮਨੁੱਖਤਾ ਨਾਲ ਕਈ ਤਰ੍ਹਾਂ ਦਾ ਖਿਲਵਾੜ ਕਰ ਰਹੇ ਸਨ। ਭਾਰਤੀ ਪੁਜਾਰੀ ਕਹਿੰਦਾ ਸੀ ਕਿ ਰਾਜੇ ਭਗਵਾਨ ਦਾ ਹੀ ਰੂਪ ਹਨ ਤੇ ਅਸੀਂ ਰੱਬ ਦੇ ਨੇੜੇ ਹਾਂ ਰਾਜਿਆਂ ਦੀ ਤੇ ਸਾਡੀ ਵਿਰੋਧਤਾ ਕਰਨ ਵਾਲਾ ਸਿੱਧਾ ਨਰਕਾਂ ਦਾ ਹੀ ਭਾਗੀ ਹੋਏਗਾ। ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੇ ਮਨੁੱਖ ਨੂੰ ਖ਼ੁਦ ਮੁਖਤਿਆਰੀ ਦਾ ਵੱਲ ਸਮਝਾਇਆ ਹੈ। ਮਨੁੱਖਤਾ ਦੇ ਭਲੇ ਦੀ ਅਧਾਰ ਸ਼ਿਲਾ ਆਤਮਿਕ ਬਲ ਰੱਖੀ ਹੈ। ਸਰੀਰ ਤਾਂ ਦੇਖਣ ਨੂੰ ਲਗਪਗ ਸਾਰਿਆਂ ਦੇ ਇਕੋ ਜਿਹੇ ਹੀ ਹੁੰਦੇ ਹਨ ਪਰ ਦ੍ਰਿੜਤਾ ਨਾਲ ਫ਼ੈਸਲੇ ਕੋਈ ਕੋਈ ਹੀ ਲੈਂਦਾ ਹੈ। ਗੁਰੂ ਸਾਹਿਬ ਜੀ ਨੇ ਮਨੁੱਖੀ ਤਲ ਦੀ ਸੋਚ ਤਬਦੀਲ ਕੀਤੀ ਹੈ। ਜੇ ਮਨੁੱਖ ਦੀ ਸੋਚ ਰੱਬੀ ਗੁਣਾਂ ਨਾਲ ਸਾਕਾਰ ਹੁੰਦੀ ਹੈ ਤਾਂ ਹੀ ਚੰਗਾ ਪਰਿਵਾਰ, ਸਮਾਜ ਤੇ ਦੇਸ਼ ਦਾ ਨਿਰਮਾਣ ਹੁੰਦਾ ਹੈ। ਭਾਈ ਸੱਤਾ ਜੀ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਉਜੜੀ ਖੇਤੀ ਨੂੰ ਨਵੇਂ ਸਿਰੇ ਤੋਂ ਅਬਾਦ ਕਰਨ ਲਈ ਕਿਰਸਾਨ ਨੂੰ ਮਿਹਨਤ ਕਰਨੀ ਪੈਂਦੀ ਹੈ ਇਸੇ ਤਰ੍ਹਾਂ ਭਾਰਤੀ ਸਮਾਜ ਦੀ ਆਤਮਿਕ ਖੇਤੀ ਨਿੱਜੀ ਸੁਆਰਥਾਂ ਕਰਕੇ ਉੱਜੜੀ ਹੋਈ ਸੀ।

ਇਸ ਖੇਤੀ ਨੂੰ ਅਬਾਦ ਕਰਨ ਲਈ ਉੱਚੇ ਸੁੱਚੇ ਆਚਰਣ ਦੀ ਕਮਾਨ ਤੇ ਸੱਤ ਦੇ ਤੀਰ ਦੀ ਲੋੜ ਸੀ। ਜਿਸ ਤਰ੍ਹਾਂ ਖੇਤੀ ਨੂੰ ਬਾਹਰਲੇ ਜਾਨਵਰ ਉਜਾੜ ਦਿੰਦੇ ਹਨ ਤੇ ਉਹਨਾਂ ਕੋਲੋਂ ਖੇਤੀ ਬਚਾਉਣ ਲਈ ਵਾੜ ਜਾਂ ਜਾਨਵਰਾਂ ਨੂੰ ਦੂਰੋਂ ਭਜਾਉਣ ਲਈ ਕਈ ਉਪਰਾਲੇ ਕੀਤੇ ਜਾਂਦੇ ਹਨ ਇਸੇ ਤਰ੍ਹਾਂ ਹੀ ਆਤਮਿਕ ਖੇਤੀ ਦੀ ਰਾਖੀ ਲਈ ਸਹਿਜ ਅਵਸਥਾ ਦਾ ਘੋੜਾ, ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕ ਕੇ ਰੱਖਣ ਦੀ ਕਾਠੀ, ਸੁੱਚੇ ਆਚਰਣ ਦੀ ਕਮਾਨ, ਰੱਬੀ ਜਸ ਦਾ ਤੀਰ ਨਾਲ ਮਨ ਦੀ ਖੇਤੀ ਹਰੀ ਕੀਤੀ ਜਾ ਸਕਦੀ ਹੈ। ਇਸ ਅਵਸਥਾ ਵਿਚੋਂ ਅਣਖੀ ਜ਼ਿੰਦਗੀ ਜਨਮ ਲੈਂਦੀ ਹੈ।

ਪੰਜਾਬ ਵਿੱਚ ਰਹਿੰਦਿਆਂ ਹੋਇਆਂ ਕੇਵਲ ਪੰਜਾਬੀਆਂ ਦੀ ਗੱਲ ਨਹੀਂ ਕੀਤੀ ਸਗੋਂ ਅਧਿਆਤਮਕ ਗੁਣਾਂ ਦਾ ਸੁਨੇਹਾਂ ਤਾਂ ਸਾਰੀ ਦੁਨੀਆਂ ਨੂੰ ਦਿੱਤਾ ਹੈ। ਵੱਖ-ਵੱਖ ਧਰਮਾਂ ਦੀ ਵੱਖ-ਵੱਖ ਆਸਤਾ ਹੈ। ਬ੍ਰਾਹਮਣ ਕਹਿੰਦਾ ਹੈ ਕਿ ਐ ਮਨੁੱਖ! ਧਰਮਰਾਜ ਤੇਰੇ ਕੀਤੇ ਕਰਮਾਂ ਅਨੁਸਾਰ ਤੈਨੂੰ ਸਜ਼ਾ ਦੇਵੇਗਾ। ਇਹ ਸਜਾਵਾਂ ਵੱਖ-ਵੱਖ ਜੂਨਾਂ ਭੋਗ ਕੇ ਹੀ ਪੂਰੀ ਕੀਤੀ ਜਾ ਸਕਦੀ ਹੈ। ਹੁਣ ਇਹ ਸਮਝ ਨਹੀਂ ਆ ਰਿਹਾ ਕਿ ਧਰਮ ਰਾਜ ਦਾ ਪੈਮਾਨਾ ਕੀ ਹੋਏਗਾ। ਕੁੱਝ ਕਹਿੰਦੇ ਹਨ ਮਾਸ ਖਾਣਾ ਪਾਪ ਹੈ ਤੇ ਬਹੁਤੀ ਦੁਨੀਆਂ ਮਾਸ ਖਾਣ ਨੂੰ ਕੋਈ ਅਵੱਗਿਆ ਨਹੀਂ ਗਿਣਦੀ। ਕੁੱਝ ਕਹਿੰਦੇ ਹਨ ਨੰਗੇ ਰਹਿਣਾ ਹੀ ਧਰਮ ਕਰਮ ਹੈ ਤੇ ਕੁੱਝ ਕਹਿੰਦੇ ਹਨ ਗੇਰੂਏ ਕਪੜੇ ਪਹਿਨਣ ਨਾਲ ਹੀ ਰੱਬ ਮਿਲ ਸਕਦੈ।

ਕਈਆਂ ਦਾ ਇਹ ਵੀ ਖਿਆਲ ਹੈ ਕਿ ਰੱਬ ਨੇ ਮੁਰਦਿਆਂ ਨੂੰ ਕਬਰਾਂ ਵਿਚੋਂ ਕੱਢ ਕੇ ਮੁੜ ਨਵਾਂ ਜੀਵਨ ਦੇਣਾ ਹੈ ਇਸ ਆਸ ਨਾਲ ਮੁਰਦਿਆਂ ਨੂੰ ਦਫਨਾ ਰਹੇ ਹਨ। ਕੋਈ ਆਵਾ ਗਵਣ ਦੇ ਚੱਕਰ ਨੂੰ ਮੰਨ ਰਿਹਾ ਹੈ- ਭਾਈ ਸੱਤਾ ਜੀ ਇਸ ਪ੍ਰਥਾਏ ਸਮਝਾਉਂਦੇ ਹਨ ਅਸਲੀਅਤ ਨਾਲੋਂ ਟੁੱਟਿਆ ਹੋਇਆ ਮਨੁੱਖ ਦਿਨ ਦੀਵੀਂ ਆਵਾਗਵਣ ਦੇ ਚੱਕਰ ਵਿੱਚ ਪਿਆ ਹੋਇਆ ਹੈ

**ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥**
**ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ॥**
**ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ॥**

ਬਹੁਤੀਆਂ ਸਰਕਾਰਾਂ ਅੱਜ ਸਾਂਝੀ ਰਸੋਈ ਦੀ ਗੱਲ ਕਰ ਰਹੀਆਂ ਹਨ ਪਰ ਗੁਰੂ ਅਮਰਦਾਸ ਜੀ ਨੇ ਉਸ ਸਮੇਂ ਸਾਂਝੀ ਰਸੋਈ ਦੇ ਕੇ ਮਨੁੱਖਤਾ ਵਿਚੋਂ ਜਾਤੀਵਾਦ ਤੇ ਛੂਤ ਛਾਤ ਵਰਗੀ ਭਿਆਨਕ ਭਿੰਨਤਾ ਖਤਮ ਕੀਤੀ ਸੀ ਜਦੋਂ ਬ੍ਰਾਹਮਣ ਸ਼ੂਦਰ ਦੇ ਪ੍ਰਛਾਵੇਂ ਤੋਂ ਵੀ ਡਰਦਾ ਸੀ। ਸਾਂਝੇ ਲੰਗਰ ਵਿੱਚ ਘਿਓ ਖਾਂਡ ਆਦਿਕ ਸਵਾਦਿਸ਼ਟ ਵਸਤੂਆਂ ਪਾ ਕੇ ਤਿਆਰ ਕੀਤਾ ਜਾਂਦਾ ਸੀ। ਜਿਥੇ ਸਰੀਰਕ ਲੰਗਰ ਦੀ ਜ਼ਰੂਰਤ ਸੀ ਓਥੇ ਆਤਮਿਕ ਗੁਣਾਂ ਵਾਲਾ ਲੰਗਰ ਸੰਗਤ ਵਿਚੋਂ ਪ੍ਰਾਪਤ ਕੀਤਾ ਜਾਂਦਾ ਸੀ। ਸਰੀਰਕ ਤੇ ਆਤਮਿਕ ਲੰਗਰ ਨੇ ਸਮਾਜਿਕ ਜੀਵਨ ਦਾ ਰਵੱਈਆ ਬਦਲਿਆ। ਆਤਮਿਕ ਤਲ ਵਾਲੇ ਲੰਗਰ ਸਬੰਧੀ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ

**ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥**
**ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ॥ (1329)**

**ਅੱਖਰੀਂ ਅਰਥ**-- (ਬ੍ਰਾਹਮਣ ਆਪਣੇ ਜਜਮਾਨ ਪਾਸੋਂ ਚਾਵਲ, ਕਣਕ, ਧਨ, ਦੁੱਧ, ਘਿਉ ਆਦਿਕ ਸਾਰੇ ਪਦਾਰਥ ਮੰਗਦਾ ਤੇ ਲੈਂਦਾ ਹੈ। ਹੇ ਪ੍ਰਭੂ! ਤੂੰ ਮੇਰਾ ਜਜਮਾਨ ਹੈ, ਮੈਂ ਤੇਰੇ ਨਾਮ ਦਾ ਜੱਗ ਰਚਾਇਆ ਹੋਇਆ ਹੈ) ਮੈਂ ਤੈਥੋਂ ਇਹੋ ਜਿਹਾ ਦਾਨ ਮੰਗਦਾ ਹਾਂ ਕਿ ਮੈਨੂੰ ਚਾਵਲਾਂ ਦੇ ਥਾਂ ਜਤ ਸਤ ਦੇਹ (ਮੈਨੂੰ ਸੱਚਾ ਆਚਰਨ ਦੇਹ ਕਿ ਮੈਂ ਗਿਆਨ-ਇੰਦ੍ਰਿਆਂ ਨੂੰ ਮੰਦੇ ਪਾਸੇ ਵਲੋਂ ਰੋਕ ਸਕਾਂ), ਕਣਕ ਦੇ ਥਾਂ ਮੇਰੇ ਹਿਰਦੇ ਵਿੱਚ ਦਇਆ ਪੈਦਾ ਕਰ, ਮੈਨੂੰ ਇਹ ਧਨ ਦੇਹ ਕਿ ਮੈਂ ਤੇਰੇ ਚਰਨਾਂ ਵਿੱਚ ਜੁੜਨ ਦੀ ਯੋਗਤਾ ਵਾਲਾ ਹੋ ਜਾਵਾਂ। ਮੈਨੂੰ ਸ਼ੁਭ ਕਰਮ (ਕਰਨ ਦੀ ਸਮਰੱਥਾ) ਬਖ਼ਸ਼, ਸੰਤੋਖ ਬਖ਼ਸ਼, ਇਹ ਹਨ ਮੇਰੇ ਵਾਸਤੇ ਦੁੱਧ ਤੇ ਘਿਉ।

ਆਮ ਧਰਮਾਂ ਦੇ ਪੁਜਾਰੀਆਂ ਵਲੋਂ ਮਨੁੱਖ ਦੇ ਮਰਣ ਉਪਰੰਤ ਪਾਏ ਹੋਏ ਛੱਲ ਵਾਲੇ ਆਵਾਗਉਣ ਦੀ ਥਾਂ'ਤੇ ਵਰਤਮਾਨ ਜੀਵਨ ਵਿੱਚ ਆਈਆਂ ਉਕਾਈਆਂ ਵਾਲੇ ਆਵਾ ਗਵਣ ਨੂੰ ਸਮਝਣਾ ਪਏਗਾ। 'ਮਨ ਮਹਿ ਸਬਦੁ ਪਰਵਾਣੁ' ਵਾਲੀ ਹਕੀਕਤ ਦੇ ਆਦਰਸ਼ ਨੂੰ ਧਿਆਨ ਵਿੱਚ ਲਿਆਉਣ ਦੀ ਲੋੜ ਮਹਿਸੂਸ ਹੋਣੀ ਚਾਹੀਦੀ ਹੈ। ਇਹਨਾਂ ਤੁਕਾਂ ਵਿਚੋਂ ਜਿੱਥੇ ਸਰੀਰਕ ਤਲ ਦੀ ਲੋੜ ਮਹਿਸੂਸ ਹੁੰਦੀ ਹੈ ਓਥੇ ਆਤਮਕ ਬਲ ਵਾਲੀਆਂ ਤਾਕਤਾਂ ਨੂੰ ਵੀ ਅਪਨਾਉਣਾ ਪਏਗਾ ਤਾਂ ਆਤਮਿਕ ਗੁਣਾਂ ਨੂੰ ਖਾ ਜਾਣ ਵਾਲੀਆਂ ਬੇ-ਲੋੜੀਆਂ ਰਸਮਾਂ, ਕਰਮ-ਕਾਂਡਾਂ ਤੋਂ ਬਚਿਆ ਜਾ ਸਕਦਾ ਹੈ।

ਗੁਰਮਤਿ ਅਨੁਸਾਰ ਰੱਬੀ ਗੁਣਾਂ ਦੇ ਸਮੂਹ ਨੂੰ ਸਮੁੱਚੇ ਤੌਰ'ਤੇ 'ਨਾਮ' ਨਾਲ ਯਾਦ ਕੀਤਾ ਗਿਆ ਹੈ। ਸਿੱਖੀ ਦਾ ਇੱਕ ਹੋਰ ਬੜਾ ਖ਼ੂਬਸੂਰਤ ਪਹਿਲੂ ਹੈ ਕਿ ਰੱਬ ਲੱਭਣ ਦੀ ਲੋੜ ਨਹੀਂ ਤੇ ਨਾ ਹੀ ਕੋਈ ਦੇਖਣ ਵਾਲੀ ਵਸਤੂ ਹੈ। ਇੱਕ ਸਤਰ ਵਿੱਚ ਉੱਤਰ ਦੇਣਾ ਹੋਵੇ ਤਾਂ ਐਨਾ ਹੀ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਸੁਭਾਅ ਨੇ ਰੱਬੀ ਗੁਣਾਂ ਵਾਲਾ ਰੱਬ ਆਪਣੇ ਜੀਵਨ ਵਿੱਚ ਪੈਦਾ ਕਰਨਾ ਹੈ। ਉਂਜ ਰੱਬ ਜੰਮਦਾ ਮਰਦਾ ਨਹੀਂ ਹੈ ਹਾਂ ਉਸ ਦੇ ਗੁਣਾਂ ਨੂੰ ਧਾਰਨ ਕਰਕੇ ਉਸ ਵਰਗਾ ਬਣਿਆ ਜਾ ਸਕਦਾ ਹੈ। ਹੁਣ ਗੁਰੂ ਅਮਰਦਾਸ ਜੀ ਨੇ ਦਾਦੇ ਤੇ ਪਿਤਾ ਵਾਲਾ ਸਾਰਾ ਫ਼ਲਸਫਾ ਸਮਝ ਕੇ ਅਪਨਾ ਲਿਆ ਹੈ। ਇਸ ਲਈ ਸਾਨੂੰ ਏਦਾਂ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਰੱਬ ਦਾ ਹੀ ਰੂਪ ਹਨ-

**ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥ ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥ ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥**

ਲੋਕ ਮਕਾਨ ਤਿਆਰ ਕਰਦੇ ਹਨ ਤਾਂ ਐਨਾ ਕੁ ਖ਼ਿਆਲ ਜ਼ਰੂਰ ਰੱਖਦੇ ਕਿ ਕਿਸੇ ਹਨੇਰੀ ਝੱਖੜ ਦੁਆਰਾ ਮਕਾਨ ਡਿੱਗੇ-ਡੋਲੇ ਨਾ। ਗੁਰੂ ਨਾਨਕ ਸਾਹਿਬ ਜੀ ਨੇ ਇੱਕ ਨਵੇਂ ਫ਼ਲਸਫੇ ਦਾ ਮਕਾਨ ਤਿਆਰ ਕੀਤਾ ਹੈ। ਜਿਸ ਦੀ ਬੁਨਿਆਦ ਸੱਚ'ਤੇ ਰੱਖੀ ਹੈ। ਸਾਹਿਬਾਂ ਨੂੰ ਪਤਾ ਸੀ ਕਿ ਆਉਣ ਵਾਲੇ ਸਮੇਂ ਵਿੱਚ ਅਣਖ਼ੀ ਜ਼ਿੰਦਗੀ ਜਿਉਣ ਲਈ ਪਹਿਲਾਂ ਆਪਣੀ ਜਾਨ ਦੀ ਬਾਜ਼ੀ ਵੀ ਲਾਉਣੀ ਪੈ ਸਕਦੀ ਹੈ। ਰਾਜਨੀਤਕ ਤਸ਼ੱਦਦ ਦਾ ਝੱਖੜ ਮਨੁੱਖ ਨੂੰ ਆਪਣੇ ਪੈਂਤੜੇ ਤੋਂ ਥਿੜਕਾ ਵੀ ਸਕਦਾ ਹੈ। ਵਿਕਾਰਾਂ ਦੀ ਹਨੇਰੀ ਅੱਗੇ ਬੰਦਾ ਰੁੜ ਸਕਦਾ ਹੈ। ਸੱਤਾ ਜੀ ਫੁਰਮਾਉਂਦੇ ਹਨ ਗੁਰੂ ਅਮਰਦਾਸ ਜੀ ਇੱਕ ਮਹਾਨ ਪਰਬੱਤ ਵਾਂਗ ਤਿਆਰ ਹੋਏ ਹਨ ਜਿਹੜੇ ਹਰ ਬਿਖੜੇ ਰਸਤੇ ਦੇ ਪੈਂਡੇ ਨੂੰ ਤਹਿ ਕਰਕੇ ਆਪਣੀ ਮੰਜ਼ਿਲ 'ਤੇ ਪਹੁੰਚੇ ਹਨ। ਸਿੱਖ ਵੀ ਬਿਖੜਿਆਂ ਰਸਤਿਆਂ ਦਾ ਪਾਂਧੀ ਹੈ, ਇਹ ਕਦੇ ਕਿਸੇ ਮੁਸੀਬਤ ਅੱਗੇ ਡੋਲਿਆ ਨਹੀਂ ਹੈ, ਕਦੇ ਗ਼ੈਰ ਕੁਦਰਤੀ ਸਮਝੌਤੇ ਨਹੀਂ ਕਰਦਾ।

ਹਾਂ ਇੱਕ ਗੱਲ ਜ਼ਰੂਰ ਹੈ ਅੱਜ ਦੇ ਦੌਰ ਵਿੱਚ ਕਿਸੇ ਸਿੱਖ ਨੇ ਗ਼ੈਰ ਕੁਦਰਤੀ ਸਮਝੌਤਾ ਕੀਤਾ ਹੈ ਤਾਂ ਉਹ ਸਿੱਖ ਨਹੀਂ ਹੈ ਬਲ ਕੇ ਉਸ ਨੇ ਸਿੱਖ ਹੋਣ ਦਾ ਭਰਮ ਜਰੂਰ ਪਾਲਿਆ ਹੋਇਆ ਹੈ। ਇਤਿਹਾਸ ਗਵਾਹ ਹੈ ਕਿ ਸਿੱਖ ਕੌਮ 'ਤੇ ਕਿੰਨੀਆਂ ਹਨੇਰੀਆਂ ਝੁਲਦੀਆਂ ਰਹੀਆਂ ਹਨ ਪਰ ਸਿੱਖ ਹਰ ਜ਼ੁਲਮ ਦੀ ਝੁੱਲੀ ਹਨੇਰੀ-ਝੱਖੜ ਅੱਗੇ ਡਟਿਆ ਰਿਹਾ ਤੇ ਸ਼ਹਾਦਤਾਂ ਦੇ ਜਾਮ ਪੀਂਦਾ ਰਿਹਾ ਹੈ। ਹਰ ਪ੍ਰੀਖਿਆ ਵਿਚੋਂ ਸਿੱਖ ਸ਼ੁਧ ਕੁੰਦਨ ਹੋ ਕੇ ਹੀ ਨਿਕਲਿਆ ਹੈ। ਭਾਈ ਸੱਤਾ ਜੀ ਅੱਗੇ ਫੁਰਮਾਉਂਦੇ ਹਨ ਕਿ ਗੁਰੂ ਅਮਰਦਾਸ ਜੀ ਤੁਹਾਡੀ ਕੋਈ ਸਿਫ਼ਤ ਨਹੀਂ ਕੀਤੀ ਜਾ ਸਕਦੀ ਤੁਸੀਂ ਸੁੰਦਰ ਆਤਮਿਕ ਜੀਵਨ ਵਾਲੇ ਹੋ

**ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥**
**ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥**

ਗੁਰੂ ਨਾਨਕ ਜੀ, ਗੁਰੂ ਅੰਗਦ ਜੀ ਤੇ ਤੁਹਾਡੇ ਵਿੱਚ ਕੋਈ ਫਰਕ ਨਹੀਂ ਹੈ। ਸਰੀਰ ਜਰੂਰ ਬਦਲਿਆ ਹੈ ਪਰ ਜੋਤ ਅਥਵਾ ਸਿਧਾਂਤ ਇਕਸਾਰ ਚੱਲ ਰਿਹਾ ਹੈ-

**ਨਾਨਕ ਹੰਦਾ ਛਤ੍ਰ ਸਿਰਿ ਉਮਤਿ ਹੈਰਾਣੁ॥**
**ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥ ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥**

ਇਕ ਨਵਾਂ ਜੱਥੇਬੰਧਕ ਢਾਂਚਾ ਸਥਾਪਤ ਕਰਨ ਲਈ ਲੰਬੇ ਸੰਘਰਸ਼ ਦੀ ਲੋੜ ਸੀ, ਉਸ ਲਈ ਜਰੂਰੀ ਹੈ ਕਿ ਵਿਚਾਰਧਾਰਾ ਇੱਕ ਹੀ ਚੱਲੇ। ਫੈਸਲੇ ਬਦਲਣ ਤੇ ਦੁਬਿਧਾ ਵਿੱਚ ਰਹਿਣ ਵਾਲਾ ਕਦੇ ਵੀ ਕੋਈ ਅਗਵਾਈ ਨਹੀਂ ਕਰ ਸਕਦਾ। ਜਿਹੜੇ ਫੈਸਲੇ ਪਿਤਾ ਤੇ ਦਾਦਾ ਜੀ ਨੇ ਕੀਤੇ ਉਹ ਹੀ ਫੈਸਲੇ ਗੁਰੂ ਅਮਰਦਾਸ ਜੀ ਕਰ ਰਹੇ ਹਨ। ਛੱਤ੍ਰ ਸਿਰਿ'ਤੇ ਭਾਵ ਮਤ, ਬੁੱਧੀ ਦੀ ਵਿਸ਼ਾਲਤਾ, ਪੱਕੀ ਸੋਚ ਦ੍ਰਿੜ ਫੈਸਲੇ ਦੇਖ ਕੇ ਸਾਰੀ ਸੰਗਤ ਖੁਸ਼ ਹੋ ਰਹੀ ਹੈ ਭਾਵ ਸਾਰੇ ਇਹੀ ਆਖਦੇ ਹਨ ਕਿ ਗੁਰੂ ਅਮਰਦਾਸ ਜੀ ਮੰਨਿਆ ਪ੍ਰਮੰਨਿਆ ਗੁਰੂ ਹੈ। ਪਹਿਲੇ ਗੁਰੂਆਂ ਵਰਗਾ ਮੱਥੇ ਦਾ ਨੂਰ ਭਾਵ ਅੰਦਰੋਂ ਬਾਹਰੋਂ ਇਕਸਾਰਤਾ, ਉਹੀ ਤਖਤ ਤੇ ਦਰਬਾਰ ਹੈ। ਭਾਵ ਉਹ ਹੀ ਵਿਧੀ ਵਿਧਾਨ ਹੈ।

**ਤੱਤਸਾਰ-** ਇਸ ਪਉੜੀ ਵਿੱਚ ਵੀ ਸ਼ਬਦ ਰਿੜਕਣ ਦੀ ਵਿਚਾਰ ਆਈ ਹੈ।

ਗੁਰੂ ਅਮਰਦਾਸ ਜੀ ਦਾ ਵਿਧੀ ਵਿਧਾਨ ਪਹਿਲੇ ਗੁਰੂਆਂ ਵਾਲਾ ਹੈ।

ਜਿੱਥੇ ਸਰੀਰ ਲਈ ਲੰਗਰ ਦੀ ਲੋੜ ਹੈ ਉੱਥੇ ਮਾਨਸਿਕ ਬਲ ਲਈ ਵਿਦਿਆ ਤਥਾ ਸੱਚੀ ਵਿਚਾਰਧਾਰਾ ਦੀ ਲੋੜ ਹੈ।

ਸੰਸਾਰ ਮਰਣ ਉਪਰੰਤ ਆਵਾਗਉਣ ਦੇ ਚੱਕਰ ਵਿੱਚ ਪਿਆ ਹੈ ਪਰ ਇਸ ਪਉੜੀ ਰਾਹੀਂ ਇਹ ਸਮਝ ਆਉਂਦੀ ਹੈ ਕਿ ਵਰਤਮਾਨ ਜੀਵਨ ਵਿੱਚ ਵੀ ਅਸੀਂ ਆਵਾਗਉਣ ਦੇ ਚੱਕਰਾਂ ਵਿੱਚ ਪਏ ਹੋਏ ਹਾਂ।

ਚੰਗੀਆਂ ਵਿਚਾਰਾਂ ਦੁਆਰਾ ਅਸੀਂ ਫੋਕਟ ਦੇ ਆਵਾ ਗਉਣ ਤੋਂ ਬਚ ਸਕਦੇ ਹਾਂ।

ਵਿਧੀ ਵਿਧਾਨ ਵਿੱਚ ਵਿਚਰਨ ਵਾਲਾ ਦ੍ਰਿੜ ਇਰਾਦੇ ਵਾਲਾ ਹੁੰਦਾ ਹੈ ਉਹ ਕਿਸੇ ਵੀ ਮੁਸੀਬਤ ਅੱਗੇ ਡੋਲਦਾ ਨਹੀਂ ਹੈ।

ਸ਼ਬਦ ਦੀ ਵਿਚਾਰ ਦੁਆਰਾ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚ ਬਹੁਤ ਵੱਡਾ ਬਦਲਾਅ ਆਇਆ ਹੈ। ਕੀ ਅਸੀਂ ਵੀ ਗੁਰਬਾਣੀ ਵਿਚਾਰ ਨੂੰ ਸਮਝ ਕੇ ਆਪਣੇ ਜੀਵਨ ਦਾ ਬਦਲਾਅ ਨਹੀਂ ਲਿਆ ਸਕਦੇ?

-0-

**ਰਿਪੋਰਟ**

# ਅੰਤਰਰਾਸ਼ਟਰੀ ਸਿੱਖ ਯੂਥ ਅਸੈਂਬਲੀ ਦਾ ਦੂਜਾ ਇਜਲਾਸ

**ਗੁਰਮਤਿ ਵਿਰਸਾ ਬਿਊਰੋ**

ਨੌਜਵਾਨਾਂ ਦੀ ਬਾਕਮਾਲ ਸੋਚ ਅਤੇ ਕੌਮ ਪ੍ਰਤੀ ਦਰਦ ਦੀ ਮਿਸਾਲ ਬਣ ਬੇਹੱਦ ਸਫਲ ਰਿਹਾ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵੱਲੋਂ ਅੰਤਰਰਾਸ਼ਟਰੀ ਸਿੱਖ ਯੂਥ ਅਸੈਂਬਲੀ ਦਾ ਦੂਜਾ ਇਜਲਾਸ। ਪੂਰੇ ਦੇਸ਼ ਦੇ 18 ਸੂਬਿਆਂ ਤੋਂ ਗੁਰਸਿੱਖ ਨੌਜਵਾਨ ਦਿੱਲੀ ਦੇ ਮਾਤਾ ਸੁੰਦਰੀ ਕਾਲਜ ਦੀ ਛੱਤ ਹੇਠ ਇਕੱਤਰ ਹੋਏ। ਵਿਸ਼ਾ ਸੀ ਸਿੱਖਾਂ ਵਿਚ ਮਾਨਵਤਾਵਾਦ । ਇਹ ਵਿਸ਼ਾ ਗੁਰੂ ਤੇਗ ਬਹਾਦਰ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਦਿੱਤਾ ਗਿਆ। ਪਹਿਲੇ ਦਿਨ ਤਕਰੀਬਨ 100 ਨੌਜਵਾਨਾਂ ਨੇ ਆਪੋ ਆਪਣੇ ਖਿੱਤੇ ਵਿਚ ਓਹਨਾ ਵੱਲੋਂ ਕੀਤੇ ਜਾ ਰਹੇ ਕੰਮ ਅਤੇ ਮਾਨਵਤਾਵਾਦ ਬਾਰੇ ਗੱਲ ਕੀਤੀ। ਜਿੱਥੇ ਪ੍ਰੋਫੈਸ਼ਨਲ ਤੌਰ ਤੇ ਸਿੱਖਾਂ ਦੀ ਦੁਨੀਆ ਭਰ ਵਿਚ ਪਛਾਣ ਦੀ ਗੱਲ ਹੋਈ, ਓਥੇ ਗੱਲ ਹੋਈ ਕੇ ਸ਼ਿਕਲੀਗਰ ਭਾਈਚਾਰੇ ਅਤੇ ਹੋਰ ਇਹੋ ਜਿਹੇ ਪਰਵਾਰਾਂ ਨੂੰ ਅੱਗੇ ਲੈਕੇ ਆਉਣ ਦੇ ਕੀ ਯਤਨ ਹੋਣੇ ਚਾਹੀਦੇ ਹਨ, ਇਸ ਦੇ ਨਾਲ ਨਾਲ ਅਜੋਕੇ ਸਮੇਂ ਵਿਚ ਸਿੱਖ ਦੇ ਕਿਰਦਾਰ ਅਤੇ ਮਾਨਸਿਕ ਵਿਕਾਸ ਦੀ ਵੀ ਵਿਚਾਰ ਹੋਈ।



ਪ੍ਰੋਗਰਾਮ ਨੂੰ ਅਸੈਂਬਲੀ ਦੀ ਕੋਰ ਕਮੇਟੀ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਅਗਵਾਈ ਵਿਚ ਸੁਚਾਰੂ ਢੰਗ ਨਾਲ ਚਲਾਇਆ ਗਿਆ। ਅਸੈਂਬਲੀ ਦੇ ਸਪੀਕਰ ਦੇ ਤੌਰ ਤੇ ਡਾਕਟਰ ਅਰਸ਼ਦੀਪ ਸਿੰਘ, ਜਰਨਲ ਸਕੱਤਰ ਇੰਜੀਨਰ ਅਰਸ਼ਦੀਪ ਸਿੰਘ, ਮੁੱਖ ਸਲਾਹਕਾਰ ਅਮਰਪ੍ਰੀਤ ਸਿੰਘ ਅਤੇ ਕਨਵੀਨਰ ਦੇ ਤੌਰ ਤੇ ਗੌਰਵਦੀਪ ਸਿੰਘ ਨੇ ਸੇਵਾ ਨਿਭਾਈ। ਕਾਲਜ ਦੇ ਟਰੱਸਟੀ ਗੌਰਵਦੀਪ ਸਿੰਘ ਦੀ ਅਗਵਾਈ ਵਿੱਚ ਦਿੱਲੀ ਦੇ ਨੌਜਵਾਨਾਂ ਨੇ ਅਸੈਂਬਲੀ ਦੀ ਕਾਰਜਕਾਰੀ ਟੀਮ ਬਣ ਕੇ ਬੜੀ ਹੀ ਮਿਹਨਤ ਅਤੇ ਜੋਸ਼ ਨਾਲ ਸਾਰਾ ਕੁਝ ਉਲੀਕਿਆ। ਕਾਲਜ ਦੇ ਚੇਅਰਮੈਨ ਰਾਣਾ ਇੰਦਰਜੀਤ ਸਿੰਘ ਨੇ ਨੌਜਵਾਨਾਂ ਦੇ ਮਾਰਗਦਰਸ਼ਕ ਬਣ ਅਸੈਂਬਲੀ ਦੀ ਸਰਪ੍ਰਸਤੀ ਕੀਤੀ ਲ ਸਾਰੀਆਂ ਹੀ ਵਿਚਾਰਾਂ ਦਾ ਸਾਰ ਕਾਲਜ ਦੇ ਵਾਈਸ ਪ੍ਰਿੰਸੀਪਲ ਸੁਖਵਿੰਦਰ ਸਿੰਘ ਦਦੇਹਰ ਅਤੇ ਕਾਲਜ ਦੇ ਪ੍ਰੋਫਸਰ ਨੱਛਤਰ ਸਿੰਘ ਭਾਂਬੜੀ ਨੇ ਪੇਸ਼ ਕੀਤਾ।

ਅਸੈਂਬਲੀ ਵੱਲੋਂ ਮਤਾ ਪਾਸ ਕੀਤਾ ਗਿਆ ਹੈ ਕਿ ਆਉਣ ਵਾਲੇ ਇੱਕ ਸਾਲ ਵਿੱਚ ਸਾਰੇ ਮੈਂਬਰ ਟੀਮ ਬਣਕੇ ਕੰਮ ਕਰਦੇ ਹੋਏ 350 ਵਿਦਿਅਕ ਅਦਾਰਿਆਂ ਤੱਕ ਪਹੁੰਚ ਕਰਕੇ ਗੁਰੂ ਤੇਗ ਬਹਾਦਰ ਪਾਤਸ਼ਾਹ ਦੇ ਜੀਵਨ ਸੰਦੇਸ਼ ਦੀ ਸਾਂਝ ਪਾਉਣਗੇ।

ਦੂਜੇ ਦਿਨ ਖ਼ਾਸ ਸਪੀਕਰ ਸੈਸ਼ਨ ਰੱਖਿਆ ਗਿਆ ਜਿੱਥੇ ਕੌਮ ਦੀਆਂ ਕੁਝ ਮਹਾਨ ਸਖਸ਼ੀਅਤਾਂ ਨੇ ਸ਼ਿਰਕਤ ਕਰਕੇ ਅਸੈਂਬਲੀ ਮੈਂਬਰਾਂ ਨੂੰ ਆਪਣੇ ਤਜਰਬਿਆਂ ਰਾਹੀਂ ਸੇਧ ਦਿੱਤੀ। ਮੁੱਖ ਬੁਲਾਰੇ ਵਜੋਂ ਗਾਇਕ ਬੀਰ ਸਿੰਘ ਹਾਜ਼ਰ ਰਹੇ। ਇਸਤੋਂ ਇਲਾਵਾ ਸੀਨੀਅਰ ਐਡਵੋਕੇਟ ਐਚ ਐਸ ਫੂਲਕਾ, ਚਰਨਜੀਤ ਸਿੰਘ ਸ਼ਾਹ, ਛਅ ਚਰਨਜੋਤ ਸਿੰਘ ਨੰਦਾ, ਕਮਾਲਜੀਤ ਸਿੰਘ, ਕੈਪਟਨ ਯਸ਼ਪਾਲ ਸਿੰਘ ਅਤੇ ਫਿਲਮ ਨਿਰਮਾਤਾ ਸ਼ਰਨਦੀਪ ਸਿੰਘ ਨੇ ਆਪਣੇ ਵਿਚਾਰ ਦਿੱਤੇ।

ਪਿਛਲੇ ਸਾਲ ਅਸੈਂਬਲੀ ਲੁਧਿਆਣਾ ਹੋਈ ਸੀ, ਇਸ ਸਾਲ ਦਿੱਲੀ ਅਸੈਂਬਲੀ ਨੇ ਇੱਕ ਕਦਮ ਹੋਰ ਅੱਗੇ ਜਾ ਕੇ ਵਿਖਾਇਆ ਹੈ ਕਿ ਸਾਡੀ ਕੌਮ ਦੀ ਜਵਾਨੀ ਕੋਲ ਕਿੰਨੀ ਸਮਝ, ਕਿੰਨਾ ਜੋਸ਼ ਅਤੇ ਕਿੰਨਾ ਦਰਦ ਹੈ। ਗੁਰੂ ਸਾਹਿਬ ਅੱਗੇ ਅਰਦਾਸ ਹੈ ਅਤੇ ਯਕੀਨ ਹੈ ਕਿ ਇਹ ਅਸੈਂਬਲੀ ਦਾ ਕਾਫ਼ਲਾ ਸਾਡੀ ਕੌਮ ਦਾ ਇਕ ਚੰਗਾ ਭਵਿੱਖ ਸਿਰਜੇਗਾ।

-0-

# ਜੂਨ 84 ਸਾਕੇ ਪ੍ਰਤੀ ਸੁਹਿਰਦ ਪਹੁੰਚ ਅਪਣਾਉਣ ਦੀ ਲੋੜ

“ ਹੁਣ ਜਿਥੇ ਇਸ ਘੱਲੂਘਾਰੇ ਨੂੰ ਵਾਪਰਿਆਂ ਕੋਈ ਚਾਰ ਦਹਾਕੇ ਬੀਤ ਚੁੱਕੇ ਹਨ, ਕੀ ਕੇਵਲ ਪੰਥਕ ਅਖਵਾਉਂਦੀਆਂ ਧਿਰਾਂ ਵਲੋਂ ਨਾਮਧਰੀਕ ਸਮਾਗਮਾਂ ਰਾਹੀਂ ਹੀ ਕੰਮ ਸਾਰ ਲਿਆ ਜਾਵੇਗਾ ਜਾਂ ਕੋਈ ਸਹੀ ਨੀਤੀ ਧਾਰਨ ਕੀਤੀ ਜਾਵੇਗੀ? ਜੇ ਇੰਨੇ ਨੁਕਸਾਨ ਅਤੇ ਜ਼ੁਲਮ ਨੂੰ ਹੰਢਾ ਕੇ ਵੀ ਕੌਮੀ ਸੰਗਠਨਾਂ ਨੇ ਪੰਥਕ ਰਾਜਨੀਤੀ ਦਾ ਗੁਰਮਤਿ ਅਨੁਸਾਰੀ ਕੋਈ ਏਜੰਡਾ ਨਹੀਂ ਉਲੀਕਣਾ ਅਤੇ ਕੇਵਲ ਮਾਰਚਾਂ ਅਤੇ ਲੰਗਰਾਂ ਵਾਲਾ ਦਿਨ ਹੀ ਮਨਾਉਣਾ ਹੈ ਤਾਂ ਫਿਰ ਇਸ ਦਿਨ ਨੂੰ ਯਾਦ ਕੀਤਾ ਜਾਂ ਨਾ ਕੀਤਾ ਇਕੋ ਜਿਹਾ ਹੀ ਹੋਵੇਗਾ। ਸੋ ਅਜਿਹੇ ਪੱਖਾਂ ਨੂੰ ਵਿਚਾਰਦਿਆਂ ਹੋਇਆਂ ਇਹ ਕੰਮ ਬਾਕੀ ਸੰਸਥਾਵਾਂ ਨੂੰ ਹੀ ਆਪਣੇ ਜ਼ਿੰਮੇ ਲੈਣਾ ਚਾਹੀਦਾ ਹੈ। ਇਹੀ ਇਸ ਘੱਲੂਘਾਰੇ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ”

**ਹਰਜਿੰਦਰ ਸਿੰਘ ਸਭਰਾ**



ਬੇਸ਼ੁਮਾਰ ਖੂਨੀ ਪੰਨਿਆਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਬੇਅੰਤ ਕੁਰਬਾਨੀਆਂ, ਸ਼ਹਾਦਤਾਂ ਅਤੇ ਘੱਲੂਘਾਰਿਆਂ ਨਾਲ ਓਤ-ਪੋਤ ਸਿੱਖ ਤਵਾਰੀਖ ਦੁਨੀਆਂ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਥਾਂ ਰੱਖਦੀ ਹੈ। ਸਿੱਖ ਇਤਿਹਾਸ ਨੂੰ ਜਾਣਨ-ਸਮਝਣ ਦੀ ਰੁਚੀ ਰੱਖਣ ਵਾਲੇ ਲੋਕ ਇਸ ਗੱਲ ਨੂੰ ਬੜੀ ਤੀਬਰਤਾ ਨਾਲ ਮਹਿਸੂਸ ਕਰਦੇ ਹਨ ਕਿ ਇੰਨਾ ਅਮੀਰ ਵਿਰਸਾ ਸਿਰਜਣ ਵਾਲੀ ਕੌਮ ਆਪਣੇ ਇਤਿਹਾਸ ਨੂੰ ਸੁਚਾਰੂ ਰੂਪ ਵਿਚ ਲਿਖ, ਪ੍ਰਚਾਰ ਨਹੀਂ ਸਕੀ। ਜਿਸ ਕਾਰਨ ਅਜਿਹੀ ਅਮੀਰ ਵਿਰਾਸਤ ਤੋਂ ਦੁਨੀਆਂ ਜਾਣੂੰ ਨਹੀਂ ਹੋ ਸਕੀ। ਪਰ ਅਜਿਹਾ ਨਾ ਕਰ ਸਕਣ ਲਈ ਬੇਅੰਤ ਸਮਾਂ ਲੰਮੇ ਸੰਘਰਸ਼ ਵਿਚੋਂ ਗੁਜ਼ਰਨਾ ਵੀ ਮੰਨਿਆ ਜਾਂਦਾ ਹੈ। ਕੁਝ ਵੀ ਹੋਵੇ ਇਹ ਤਾਂ ਅਟੱਲ ਸੱਚਾਈ ਹੈ ਕਿ ਇਤਿਹਾਸ ਤੋਂ ਬਿਨਾਂ ਕੌਮਾਂ ਜਿੰਦਾ ਨਹੀਂ ਰਹਿ ਸਕਦੀਆਂ। ਇਤਿਹਾਸ ਉਹ ਦੌਲਤ ਹੈ ਜੋ ਕਿਸੇ ਕੌਮ ਦੇ ਬਜ਼ੁਰਗਾਂ ਦੁਆਰਾ ਕਮਾਈ ਹੁੰਦੀ ਹੈ ਅਤੇ ਜਿਸ ਤੋਂ ਬਿਨਾਂ ਕੌਮੀ ਹੋਂਦ ਕਾਇਮ ਨਹੀਂ ਰਹਿ ਸਕਦੀ। 6 ਜੂਨ 1984 ਦਾ ਦਿਨ ਸਿੱਖ ਮਾਨਸਿਕਤਾ ਨੂੰ ਪੁਰਾਤਨ ਇਤਿਹਾਸਕ ਘੱਲੂਘਾਰਿਆਂ ਦੀ ਯਾਦ ਹੀ ਤਾਜ਼ਾ ਨਹੀਂ ਕਰਵਾਉਂਦਾ ਬਲਕਿ ਤੀਜੇ ਵੱਡੇ ਘੱਲੂਘਾਰੇ ਦੀ ਸਪੱਸ਼ਟ ਪਹਿਚਾਣ ਪੈਦਾ ਕਰ ਜਾਂਦਾ ਹੈ। ਇਸ ਘੱਲੂਘਾਰੇ ਨੂੰ ਵਰਤਿਆਂ ਕੋਈ ਚਾਰ ਦਹਾਕੇ ਹੋ ਚੁੱਕੇ ਹਨ। ਇਨ੍ਹਾਂ ਸਾਰੇ ਹਾਲਾਤਾਂ ਦੇ ਪੈਦਾ ਹੋਣ ਦੇ ਅਸਲ ਕਾਰਨਾਂ ਨੂੰ ਭਾਵੇਂ ਸੂਝਵਾਨ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਪਰ ਬੇਈਮਾਨ ਸਰਕਾਰੀ ਧਿਰ ਵਲੋਂ ਪ੍ਰਚਾਰੇ ਸਿੱਖ ਵਿਰੋਧੀ ਕੂੜ ਪ੍ਰਚਾਰ ਨੇ ਆਮ ਲੋਕਾਂ ਵਿਚ ਕਾਫੀ ਗਲਤਫਹਿਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਿੱਖ ਵਿਰੋਧੀ ਸਰਕਾਰੀ ਪ੍ਰਚਾਰ ਸਦਕਾ ਹੱਕ-ਸੱਚ-ਇਨਸਾਫ ਲਈ ਜੂਝਣ ਵਾਲੀ ਧਿਰ ਨੂੰ ਦੋਸ਼ੀ ਸਾਬਤ ਕਰਨ ਦਾ ਸਿਰਤੋੜ ਯਤਨ ਕੀਤਾ ਗਿਆ, ਜੋ ਅਜਿਹਾ ਕਰਨ ਵਾਲਿਆਂ ਵਲੋਂ ਕਾਫੀ ਸਫਲਤਾ ਨਾਲ ਕੀਤਾ ਗਿਆ। ਸਿੱਟੇ ਵਜੋਂ ਸਿੱਖ ਕੌਮ ਦੀਆਂ ਹੱਕੀ ਮੰਗਾਂ ਨੂੰ ਸਮਝਣ ਅਤੇ ਇਸਦੇ ਹੱਕ ਵਿਚ ਰਾਏ ਦੇਣ ਦੀ ਬਜਾਏ ਇਸ ਸੰਘਰਸ਼ ਨੂੰ ਦੇਸ਼ ਵਿਰੋਧੀ, ਅੱਤਵਾਦੀ ਆਦਿ ਕਹਿ ਕੇ ਪ੍ਰਚਾਰਿਆ ਤੇ ਮੰਨਿਆ ਗਿਆ। ਜਿਸ ਕਾਰਨ ਇਸ ਲਹਿਰ ਦਾ ਅਸਲ ਸੱਚ ਆਮ ਲੋਕਾਂ ਤੋਂ ਕੋਹਾਂ ਦੂਰ ਹੋ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਬਾਕੀ ਦੁਨੀਆਂ ਤਾਂ ਭਾਵੇਂ ਸਿੱਖ ਵਿਰੋਧੀ ਪ੍ਰਚਾਰ ਸਦਕਾ ਕਾਫੀ ਹੱਦ ਤਕ ਗੁੰਮਰਾਹ ਹੈ ਹੀ ਉਥੇ ਆਮ ਸਿੱਖ ਤਾਂ ਭਾਵੇਂ ਜਜ਼ਬਾਤੀ ਤੌਰ 'ਤੇ ਇਸ ਲਹਿਰ ਦੇ ਸਹੀ ਹੋਣ ਦੀ ਹਾਮੀ ਤਾਂ ਭਰਦੇ ਹਨ ਪਰ ਅਸਲ ਸੱਚਾਈ ਤੋਂ ਉਹ ਵੀ ਪੂਰੀ ਤਰ੍ਹਾਂ ਅਣਜਾਣ ਹਨ। ਸਿੱਖ ਹੱਕਾਂ ਵਿਰੋਧੀ ਇਸ ਪ੍ਰਚਾਰ ਦਾ ਅਸਰ ਕੁਝ ਹੱਦ ਤਕ ਆਮ ਸਿੱਖਾਂ ਨੇ ਵੀ ਕਬੂਲਿਆ ਹੈ। ਅਸਲ ਮੁੱਦਿਆਂ ਦੀ ਤਰਫੋਂ ਧਿਆਨ ਹਟਾਕੇ ਅੱਤਵਾਦ ਦੀ ਚੋਭ ਨੂੰ ਉਭਾਰ ਕੇ ਸਮੁੱਚੀ ਸਿੱਖ ਕੌਮ ਨੂੰ ਬਦਨਾਮ ਕਰਨ ਦਾ ਜੋ ਰੁਖ ਅਪਨਾਇਆ ਗਿਆ ਉਹ ਕਾਫੀ ਹੱਦ ਤਕ ਸਫਲ ਰਿਹਾ।



ਜਿਵੇਂ ਕਿ ਕਿਸੇ ਵੀ ਲੜਾਈ 'ਚ ਸਿੱਧੇ ਤੌਰ 'ਤੇ ਹਾਰ ਜਾਣ ਵਾਲੀ ਧਿਰ ਜੇਤੂ ਧਿਰ ਅਕਸਰ ਹੀ ਮਾੜੀ ਅਤੇ ਦੋਸ਼ੀ ਸਾਬਤ ਕਰਨ ਦਾ ਸਿਰਤੋੜ ਯਤਨ ਕਰਦੀ ਹੈ ਅਜਿਹਾ ਕੁਝ ਹੀ ਸਿੱਖ ਕੌਮ ਨਾਲ ਵਾਪਰਿਆ। ਕੁਝ ਮਿਲਾ ਕੇ ਇਸ ਘੱਲੂਘਾਰੇ ਵਿਚ ਵਾਪਰੀਆਂ ਘਟਨਾਵਾਂ ਜਿਵੇਂ ਸ੍ਰੀ ਦਰਬਾਰ ਸਾਹਿਬ ਉਤੇ ਹਮਲਾ ਜਾਣਬੁੱਝ ਕੇ ਗਿਣੀ ਮਿੱਥੀ ਸਾਜ਼ਸ਼ ਨਾਲ ਕੀਤਾ ਗਿਆ, ਯਾਤਰੂਆਂ ਅਤੇ ਸ਼ਰਧਾਲੂਆਂ ਦਾ ਭਿਆਨਕ ਨਰਸੰਘਾਰ, ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਜਾਣਬੁਝ ਕੇ ਨਸ਼ਟ ਕਰਨਾ, ਸਿੱਖ ਖਾੜਕੂਆਂ ਵਿਚ ਵਿਗੜੇ ਅਨਸਰ ਸ਼ਾਮਿਲ ਕਰਨਾ ਅਤੇ ਉਨ੍ਹਾਂ ਕੋਲੋਂ ਗਲਤ ਕਾਰਵਾਈਆਂ ਕਰਵਾਕੇ ਸਿੱਖ ਕੌਮ ਨੂੰ ਬਦਨਾਮ ਕਰਨਾ, ਅਤਿਵਾਦ ਦੇ ਨਾਂਅ 'ਤੇ ਬੇਗੁਨਾਹ

ਸਿੱਖ ਨੌਜਵਾਨਾਂ ਦਾ ਘਾਣ ਕਰਨਾ, ਸਿੱਖ ਬੀਬੀਆਂ ਦੀ ਬੇਪਤੀ, ਅਖੌਤੀ ਆਗੂਆਂ ਦੀ ਗੱਦਾਰੀ, ਹਰ ਉਮਰ ਦੇ ਸਿੱਖ ਨੂੰ ਇਸ ਲਈ ਮਾਰ ਦੇਣਾ ਕਿਉਂਕਿ ਉਹ ਸਿੱਖ ਹਨ ਅਤੇ ਖਾਸ ਕਰਕੇ ਉਹ ਅੰਮ੍ਰਿਤਧਾਰੀ ਸਨ। ਦਿੱਲੀ, ਕਾਨ੍ਹਪੁਰ, ਬੋਕਾਰੋ ਆਦਿ ਹੋਰ ਥਾਵਾਂ ’ਤੇ ਸੋਚੀ-ਸਮਝੀ ਸਾਜ਼ਸ਼ ਨਾਲ ਸਿੱਖਾਂ ਦੀ ਨਸਲਕੁਸ਼ੀ ਕਰਨੀ, ਹਰ ਤਰ੍ਹਾਂ ਦੇ ਮੀਡੀਆ ਰਾਹੀਂ ਸਿੱਖ ਕੌਮ ਨੂੰ ਦੁਨੀਆਂ ਭਰ ਵਿਚ ਬਦਨਾਮ ਕਰਨ ਦੇ ਯਤਨ ਆਦਿ ਬੇਅੰਤ ਅਜਿਹੇ ਵਿਸ਼ੇ ਹਨ ਜਿਨ੍ਹਾਂ ਦਾ ਪੂਰਾ ਸੱਚ ਲੋਕਾਂ ਸਾਹਮਣੇ ਆਉਣਾ ਅਜੇ ਬਾਕੀ ਹੈ। ਭਾਰਤ ਦੀਆਂ ਸਰਕਾਰੀ ਏਜੰਸੀਆਂ ਦਾ ਇਸ ਵਿਚ ਅਦਾ ਕੀਤੇ ਰੋਲ ਦੀ ਝਲਕ ਸ੍ਰੀ ਐਮ.ਕੇ. ਧਰ ਦੀ ਲਿਖੀ ਪੁਸਤਕ ਖੁਲ੍ਹੇ ਭੇਦ ਵਿਚੋਂ ਬਾਖੂਬੀ ਮਿਲ ਜਾਂਦੀ ਹੈ। ਕੀ ਸਿੱਖ ਕੌਮ ਦੇ ਬੁੱਧੀਜੀਵੀ, ਇਤਿਹਾਸ, ਸਾਹਿਤਕਾਰ ਆਪਣਾ ਕੌਮੀ ਫਰਜ਼ ਸਮਝਦਿਆਂ ਹੋਇਆਂ ਇਸ ਸੱਚ ਨੂੰ ਲੋਕਾਂ ਸਾਹਮਣੇ ਲਿਆਉਣਗੇ? ਇਕ ਤਰਫੋਂ ਸੋਚਿਆਂ ਇਸ ਘੱਲੂਘਾਰੇ ਨੂੰ ਵਰਤਿਆਂ ਕੋਈ ਬਹੁਤਾ ਸਮਾਂ ਨਹੀਂ ਹੋਇਆ। ਇਸ ਸਾਰੇ ਮਾਹੌਲ ਨੂੰ ਦੇਖਣ ਵਾਲੇ, ਇਸ ਦੀਆਂ ਅੰਦਰੂਨੀ ਸਥਿਤੀਆਂ ਤੋਂ ਜਾਣੂੰ ਅਜੇ ਬੇਅੰਤ ਲੋਕ ਜੀਵਤ ਹਨ। ਇਨ੍ਹਾਂ ਸਾਰੀਆਂ ਸੱਚਾਈਆਂ ਨੂੰ ਜੇਕਰ ਸਾਹਮਣੇ ਨਾ ਲਿਆਂਦਾ ਗਿਆ ਤਾਂ ਇਹ ਧੁੰਦਲੀਆਂ ਹੋ ਜਾਣਗੀਆਂ।

**ਇਸ ਘੱਲੂਘਾਰੇ ਨੂੰ ਵਰਤਿਆਂ ਕੋਈ ਚਾਰ ਦਹਾਕੇ ਹੋ ਚੁੱਕੇ ਹਨ। ਇਨ੍ਹਾਂ ਸਾਰੇ ਹਾਲਾਤਾਂ ਦੇ ਪੈਦਾ ਹੋਣ ਦੇ ਅਸਲ ਕਾਰਨਾਂ ਨੂੰ ਭਾਵੇਂ ਸੂਝਵਾਨ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਪਰ ਬੇਈਮਾਨ ਸਰਕਾਰੀ ਧਿਰ ਵਲੋਂ ਪ੍ਰਚਾਰੇ ਸਿੱਖ ਵਿਰੋਧੀ ਕੂੜ ਪ੍ਰਚਾਰ ਨੇ ਆਮ ਲੋਕਾਂ ਵਿਚ ਕਾਫੀ ਗਲਤਫਹਿਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਿੱਖ ਵਿਰੋਧੀ ਸਰਕਾਰੀ ਪ੍ਰਚਾਰ ਸਦਕਾ ਹੱਕ-ਸੱਚ-ਇਨਸਾਫ ਲਈ ਜੂਝਣ ਵਾਲੀ ਧਿਰ ਨੂੰ ਦੋਸ਼ੀ ਸਾਬਤ ਕਰਨ ਦਾ ਸਿਰਤੋੜ ਯਤਨ ਕੀਤਾ ਗਿਆ, ਜੋ ਅਜਿਹਾ ਕਰਨ ਵਾਲਿਆਂ ਵਲੋਂ ਕਾਫੀ ਸਫਲਤਾ ਨਾਲ ਕੀਤਾ ਗਿਆ। ਸਿੱਟੇ ਵਜੋਂ ਸਿੱਖ ਕੌਮ ਦੀਆਂ ਹੱਕੀ ਮੰਗਾਂ ਨੂੰ ਸਮਝਣ ਅਤੇ ਇਸਦੇ ਹੱਕ ਵਿਚ ਰਾਏ ਦੇਣ ਦੀ ਬਜਾਏ ਇਸ ਸੰਘਰਸ਼ ਨੂੰ ਦੇਸ਼ ਵਿਰੋਧੀ, ਅੱਤਵਾਦੀ ਆਦਿ ਕਹਿ ਕੇ ਪ੍ਰਚਾਰਿਆ ਤੇ ਮੰਨਿਆ ਗਿਆ। ਜਿਸ ਕਾਰਨ ਇਸ ਲਹਿਰ ਦਾ ਅਸਲ ਸੱਚ ਆਮ ਲੋਕਾਂ ਤੋਂ ਕੋਹਾਂ ਦੂਰ ਹੋ ਗਿਆ ਹੈ।**



ਅਤੇ ਹੋ ਸਕਦਾ ਹੈ ਕਿ ਇਨ੍ਹਾਂ ਘਟਨਾਵਾਂ ਦੇ ਸੱਚ ਤੋਂ ਬਹੁਗਿਣਤੀ ਵਰਗ ਅਣਜਾਣ ਹੀ ਰਹੇ। ਅਜਿਹੇ ਹਾਲਾਤ ਵਿਚ ਗੁੰਮਰਾਹਕੁੰਨ ਪ੍ਰਚਾਰ ਦਾ ਅਸਰ ਕਬੂਲਣਾ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਸਮੇਂ ਦੀ ਰਫਤਾਰ ਨਾਲ ਇਹ ਘਟਨਾ ਪੁਰਾਣੀ ਹੁੰਦੀ ਜਾਵੇਗੀ। ਸਮਾਂ ਪਾ ਕੇ ਜਦੋਂ ਇਸ ਘਟਨਾ ਬਾਰੇ ਜਾਣਨਾ ਹੋਇਆ ਤਾਂ ਸ਼ਾਇਦ ਉਸਨੂੰ ਅਜਿਹੀਆਂ ਲਿਖਤਾਂ ਆਦਿ ਦਾ ਹੀ ਸਹਾਰਾ ਲੈਣਾ ਪਵੇਗਾ। ਜਿਹੜੀਆਂ ਜਾਂ ਤਾਂ ਇਕਪਾਸੜ ਅਤੇ ਵਿਰੋਧ ਵਿਚ ਲਿਖੀਆਂ ਗਈਆਂ ਹਨ ਜਾਂ ਫਿਰ ਜਿਨ੍ਹਾਂ ਵਿਚ ਸਪੱਸ਼ਟਤਾ ਦੀ ਘਾਟ ਹੈ ਅਤੇ ਜੋ ਇਸ ਸੰਘਰਸ਼ ਦੀ ਅਸਲ ਸੱਚਾਈ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕਰਦੀਆਂ। ਭਾਵੇਂ ਕੀ ਇਸ ਪਾਸੇ ਚਾਨਣਾ ਪਾਉਂਦੀਆਂ ਕੁਝ ਕੁ ਪੁਸਤਕਾਂ ਛਪੀਆਂ ਵੀ ਹਨ ਅਤੇ ਅਜਿਹੇ ਲੇਖਕ ਸਤਿਕਾਰ ਦੇ ਪਾਤਰ ਹਨ। ਪਰ ਅਜੇ ਵੀ ਇਸ ਪੱਖ 'ਤੇ ਕੋਈ ਵਿਸ਼ੇਸ਼ ਪੱਧਰ 'ਤੇ ਕੰਮ ਨਹੀਂ ਹੋਇਆ। ਅਜੇ ਇਸ ਲਹਿਰ ਦੇ ਵੱਖ ਵੱਖ ਪੜਾਵਾਂ ਦਾ ਵਿਸ਼ਲੇਸ਼ਣ ਹੋਣਾ ਬਾਕੀ ਹੈ। ਇਸ ਵਿਸ਼ੇ 'ਤੇ ਸੰਵਾਦ ਰਚਾਉਣ ਦੀ ਲੋੜ ਹੈ ਤਾਂ ਕਿ ਇਸ ਨੂੰ ਚੰਗੀ ਤਰ੍ਹਾਂ ਘੋਖ ਕੇ ਵਿਚਾਰਧਾਰਕ ਤੌਰ 'ਤੇ ਲੋਕਾਂ ਨੂੰ ਇਸ ਦੇ ਕਾਰਨਾਂ ਤੋਂ ਜਾਗਰਿਤ ਕੀਤਾ ਜਾ ਸਕੇ। ਜਿਸ ਹੱਕੀ ਮੰਗਾਂ ਨੂੰ ਲੈ ਕੇ ਇਹ ਸਭ ਕੁਝ ਹੋਇਆ ਅਜਿਹਾ ਕਰਨਾ ਆਮ ਲੋਕਾਂ ਨੂੰ ਉਹ ਸਭ ਕੁਝ ਸਮਝਾਉਣ ਵਿਚ ਸਹਾਈ ਹੋਵੇਗਾ। ਆਪਣੇ ਹੱਕ ਲਈ ਬੇਅੰਤ ਕੁਰਬਾਨੀਆਂ ਦੇਣ ਵਾਲੀ ਧਿਰ ਦੀ ਸੱਚਾਈ ਸਾਹਮਣੇ ਲਿਆਉਣ ਅਤੇ ਜ਼ਾਲਮਾਨਾਂ ਕਾਰਵਾਈਆਂ ਨੂੰ ਅੰਜ਼ਾਮ ਦੇ ਕੇ ਆਪਣੇ ਆਪ ਦੁੱਧ ਧੋਤਿਆਂ ਅਤੇ ਸਭ ਤੋਂ ਵੱਡੀ ਲੋਕਤੰਤਰਿਕ ਦੱਸਣ ਵਾਲੀ ਕੂੜ ਨੀਤਕ ਬ੍ਰਾਹਮਣੀ ਧਿਰ ਦਾ ਅਸਲ ਚਿਹਰਾ ਵੀ ਬੇਨਕਾਬ ਕਰਨ ਲਈ ਅਜਿਹਾ ਕਰਨਾ ਬੇਹੱਦ ਜ਼ਰੂਰੀ ਹੈ ਕਿਉਂਕਿ ਇਸ ਵਿਸ਼ੇ 'ਤੇ ਵਿਚਾਰ ਕੀਤੇ ਬਿਨਾਂ ਅਤੇ ਇਸਦੇ ਸਾਰੇ ਪੱਖਾਂ ਦੀ ਵਿਆਖਿਆ ਕੀਤੇ ਬਿਨਾਂ ਕਿਸੇ ਵੀ ਸਹੀ ਨਤੀਜੇ 'ਤੇ ਪਹੁੰਚਿਆ ਨਹੀਂ ਜਾ ਸਕਦਾ। ਜਿਸ ਖੜੋਤ ਵਿਚ ਸਿੱਖ ਵਿਰੋਧੀ ਤਾਕਤਾਂ ਸਿੱਖ ਪੰਥ ਨੂੰ ਲਿਆਉਣਾ ਚਾਹੁੰਦੀਆਂ ਸਨ ਸਿੱਖਾਂ ਦੀ ਕੌਮੀ ਦਸ਼ਾ ਬੇਸ਼ੱਕ ਉਸੇ ਖੜੌਤ ਦਾ ਹੀ ਸਿਖਰ ਹੈ ਅਤੇ ਕਿਸੇ ਵੀ ਮੁਹਾਜ਼ 'ਤੇ ਸਪੱਸ਼ਟ ਨਹੀਂ ਅਤੇ ਨਾ ਹੀ ਨੀਤੀਗਤ ਢੰਗ ਨਾਲ ਸੰਗਠਿਤ ਹੈ। ਸਿੱਖ ਪੰਥ ਦੀ ਇਸ ਦਸ਼ਾ ਦਾ ਭਾਰੀ ਲਾਭ ਸਿੱਖ ਵਿਰੋਧੀ ਤਾਕਤਾਂ ਨੂੰ ਪਹੁੰਚਦਾ ਹੈ। ਸ਼ਾਇਦ ਸਿੱਖ ਪੰਥ ਦੀ ਸ਼੍ਰੋਮਣੀ ਸੰਸਥਾ ਤਾਂ ਇਸ ਵਿਸ਼ੇ 'ਤੇ ਕੋਈ ਵਰਣਨਯੋਗ ਕੰਮ ਕਰੇਗੀ ਨਹੀਂ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦੇ ਪੂਰੀ ਤਰ੍ਹਾਂ ਅਧੀਨ ਹੈ ਅਤੇ ਅਕਾਲੀ ਸਿਆਸਤ ਸਿੱਖ ਮੁੱਦਿਆਂ ਨੂੰ ਪੂਰੀ ਤਰ੍ਹਾਂ ਵਿਸਾਰੀ ਬੈਠੀ ਹੈ। ਜਿਨ੍ਹਾਂ ਬੇਝਿਜਕ ਅੱਖਾਂ ਨੇ ਝੂਠ ਦੀ ਪੱਟੀ ਬੰਨ੍ਹ ਪੰਜਾਬ ਵਿਧਾਨ ਸਭਾ ਵਿਚ ਸਿੱਖ ਜੁਝਾਰੂਆਂ ਨੂੰ ਅਤਿਵਾਦੀ ਕਹਿਣ ਤੋਂ ਗੁਰੇਜ਼ ਨਾ ਕੀਤਾ ਹੋਵੇ ਉਨ੍ਹਾਂ ਤੋਂ ਕੋਈ ਅਜਿਹੀ ਆਸ ਰੱਖਣੀ ਪੂਰੀ ਤਰ੍ਹਾਂ ਬੇਫਾਇਦਾ ਹੈ। ਰਹੀ ਗੱਲ ਉਨ੍ਹਾਂ ਜਥੇਬੰਦੀਆਂ ਦੀ ਜਿਨ੍ਹਾਂ ਨੂੰ ਗਰਮਖਿਆਲੀ ਜਾਂ ਕੌਮੀ ਮੰਗਾਂ ਦੀਆਂ ਮੁਦੱਈ ਸਮਝਿਆ ਜਾਂਦਾ ਹੈ ਇਸ ਸਮੁੱਚੇ ਵਰਤਾਰੇ ਦੀ ਨਿਰਣਾਇਕ ਖੋਜ ਆਪਣੇ ਤੌਰ 'ਤੇ ਵੀ ਸ਼ਾਇਦ ਨਾ ਹੀ ਕੀਤੀ ਗਈ ਹੈ ਅਤੇ ਨਾ ਹੀ ਛਾਪ ਕੇ ਆਮ ਲੋਕਾਂ ਵਿਚ ਉਨ੍ਹਾਂ ਵਲੋਂ ਪ੍ਰਚਾਰੀ ਗਈ ਹੈ। ਇਸ ਸਾਂਝੇ ਦੁੱਖ ਨੂੰ ਵੀ ਕੌਮੀ ਜਥੇਬੰਦੀਆਂ ਇਕਸੁਰ ਹੋ ਕੇ ਬਿਆਨ ਕਰਨ ਤੋਂ ਅਸਮਰਥ ਰਹੀਆਂ ਹਨ। ਇਸ ਪਾਟੋਧਾੜ ਵਿਚ ਜੇ ਇੱਕਾਦੁੱਕਾ ਆਵਾਜ਼ ਉੱਠੀ ਵੀ ਤਾਂ ਨਗਾਰਖਾਨੇ ਵਿਚ ਵੱਜਦੀ ਤੂਤੀ ਵਾਂਗ ਹੀ ਅਣਸੁਣੀ ਜਿਹੀ ਹੀ ਹੋ ਗਈ। ਹੁਣ ਜਿਥੇ ਇਸ ਘੱਲੂਘਾਰੇ ਨੂੰ ਵਾਪਰਿਆਂ ਕੋਈ ਚਾਰ ਦਹਾਕੇ ਬੀਤ ਚੁੱਕੇ ਹਨ, ਕੀ ਕੇਵਲ ਪੰਥਕ ਅਖਵਾਉਂਦੀਆਂ ਧਿਰਾਂ ਵਲੋਂ ਨਾਮਧਰੀਕ ਸਮਾਗਮਾਂ ਰਾਹੀਂ ਹੀ ਕੰਮ ਸਾਰ ਲਿਆ ਜਾਵੇਗਾ ਜਾਂ ਕੋਈ ਸਹੀ ਨੀਤੀ ਧਾਰਨ ਕੀਤੀ ਜਾਵੇਗੀ? ਜੇ ਇੰਨੇ ਨੁਕਸਾਨ ਅਤੇ ਜ਼ੁਲਮ ਨੂੰ ਹੰਢਾ ਕੇ ਵੀ ਕੌਮੀ ਸੰਗਠਨਾਂ ਨੇ ਪੰਥਕ ਰਾਜਨੀਤੀ ਦਾ ਗੁਰਮਤਿ ਅਨੁਸਾਰੀ ਕੋਈ ਏਜੰਡਾ ਨਹੀਂ ਉਲੀਕਣਾ ਅਤੇ ਕੇਵਲ ਮਾਰਚਾਂ ਅਤੇ ਲੰਗਰਾਂ ਵਾਲਾ ਦਿਨ ਹੀ ਮਨਾਉਣਾ ਹੈ ਤਾਂ ਫਿਰ ਇਸ ਦਿਨ ਨੂੰ ਯਾਦ ਕੀਤਾ ਜਾਂ ਨਾ ਕੀਤਾ ਇਕੋ ਜਿਹਾ ਹੀ ਹੋਵੇਗਾ। ਸੋ ਅਜਿਹੇ ਪੱਖਾਂ ਨੂੰ ਵਿਚਾਰਦਿਆਂ ਹੋਇਆਂ ਇਹ ਕੰਮ ਬਾਕੀ ਸੰਸਥਾਵਾਂ ਨੂੰ ਹੀ ਆਪਣੇ ਜ਼ਿੰਮੇ ਲੈਣਾ ਚਾਹੀਦਾ ਹੈ। ਇਹੀ ਇਸ ਘੱਲੂਘਾਰੇ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

-0-



# ਪਹਿਲਾ ਸਿੱਖ ਹੁਕਮਰਾਨ ਬੰਦਾ ਸਿੰਘ ਬਹਾਦਰ

–ਕ੍ਰਿਪਾਲ ਸਿੰਘ

ਪੰਜਾਬ ਦੀ ਧਰਤੀ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਦੇ ਪੈਰਾਂ ਥੱਲੇ ਲਤਾੜੀ ਜਾਂਦੀ ਰਹੀ ਹੈ। ਇਥੋਂ ਦੇ ਲੋਕਾਂ ਨੂੰ ਰੋਜ਼-ਰੋਜ਼ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਧਾੜਵੀਆਂ ਦੇ ਹੱਥੋਂ ਅਪਮਾਨਿਤ ਹੋਣਾ ਪੈਂਦਾ ਸੀ। ਗੁਰੂ ਸਾਹਿਬਾਨ ਇਥੋਂ ਦੀ ਦੱਬੀ-ਕੁਚਲੀ, ਸਾਹਸਤਹੀਣ ਤੇ ਨਿਰਾਸ਼ਤਾ ਵਿਚ ਘਿਰੀ ਲੋਕਾਈ ਲਈ ਅਧਿਆਤਮਕ ਗਿਆਨ, ਉੱਦਮ, ਸੂਰਬੀਰਤਾ, ਆਤਮ-ਸਨਮਾਨ, ਆਤਮਵਿਸ਼ਵਾਸ, ਜੂਝਣ, ਫਤਿਹ ਅਤੇ ਚੜ੍ਹਦੀ ਕਲਾ ਵਾਲੇ ਜੀਵਨ ਦਾ ਸੁਨੇਹਾ ਲੈ ਕੇ ਆਏ ਸਨ। ਉਨ੍ਹਾਂ ਨੇ ਆਪਣੇ ਮਹਾਨ ਅਗੰਮੀ ਜੀਵਨ, ਸੱਚੀ-ਸੁੱਚੀ ਕਹਿਣੀ ਤੇ ਕਰਨੀ ਤੇ ਅੰਮ੍ਰਿਤ ਬਾਣੀ ਨਾਲ ਪੰਜਾਬ ਦੇ ਲੋਕਾਂ ਵਿਚ ਇਕ ਨਵੇਂ ਜੀਵਨ ਦਾ ਸੰਚਾਰ ਕਰ ਦਿੱਤਾ ਸੀ। ਗੁਰਮਤਿ ਦੇ ਆਦਰਸ਼ਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਦੇ ਧਾਰਨੀ, ਸੰਤ-ਸਿਪਾਹੀ ਤਥਾ ਇਕ ਸੁਤੰਤਰ ਤੇ ਸੰਪੂਰਨ ਮਨੁੱਖ ਖਾਲਸਾ ਦੀ ਸਾਜਨਾ ਕੀਤੀ। ਖਾਲਸਾ ਪੰਥ ਦੀ ਸਾਜਨਾ ਨਾਲ ਪੰਜਾਬ ਦੇ ਦੂੜੇ ਹੋਏ ਲੋਕਾਂ ਦੇ ਚਿਹਰੇ 'ਤੇ ਇਕ ਜਲਾਲ ਚਮਕਣ ਲੱਗਾ। ਇਕ-ਇਕ ਸਿੰਘ ਆਪਣੇ ਆਪ ਨੂੰ ਸਵਾ ਲੱਖ ਦੇ ਬਰਾਬਰ ਸਮਝਦਾ ਸੀ। ਮੁਗ਼ਲ ਹਕੂਮਤ ਅਤੇ ਸਥਾਨਕ ਰਜਵਾੜਿਆਂ ਨੇ ਇਸ ਨਵੀਂ ਪੈਦਾ ਹੋਈ ਰੌਸ਼ਨੀ ਨੂੰ ਖ਼ਤਮ ਕਰਨ ਦਾ ਯਤਨ ਕੀਤਾ। ਇਸ ਸੰਘਰਸ਼ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਅਨੇਕਾਂ ਸਿੰਘ-ਸਿੰਘਣੀਆਂ ਅਤੇ ਭੁਚੰਗੀ ਸ਼ਹੀਦ ਹੋ ਗਏ। ਥੋੜ੍ਹੀ ਗਿਣਤੀ ਵਿਚ ਹੋਣ 'ਤੇ ਵੀ ਚਮਕੌਰ ਦੀ ਗੜ੍ਹੀ ਅਤੇ ਮੁਕਤਸਰ ਦੇ ਸਥਾਨ 'ਤੇ ਸਿੰਘਾਂ ਨੇ ਸ਼ਾਹੀ ਫੌਜ ਦਾ ਮੂੰਹ ਮੋੜ ਦਿੱਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਸਿੰਘ ਸਜਾਇਆ ਅਤੇ ਖਾਲਸੇ ਦਾ ਆਗੂ ਥਾਪ ਕੇ ਜ਼ਾਲਮਾਂ ਦੀ ਸੋਧ ਕਰਨ ਹਿੱਤ ਪੰਜਾਬ ਵੱਲ ਤੋਰ ਦਿੱਤਾ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਅਗਵਾਈ ਵਿਚ ਖਾਲਸੇ ਨੇ ਪੰਜਾਬ ਵਿਚ ਇਕ ਅਜਿਹਾ ਸਿੰਘ ਨਾਦ ਪੈਦਾ ਕੀਤਾ ਕਿ ਜ਼ੁਲਮੀ ਮੁਗ਼ਲ ਰਾਜ ਦੇ ਮਹਿਲ ਢਹਿ-ਢੇਰੀ ਹੋਣ ਲੱਗੇ। ਡਰਾਉਣੇ ਅਤੇ ਜ਼ਾਲਮ ਸੂਬੇਦਾਰ ਅਤੇ ਵੱਡੇਵੱ ਡੇ ਫੌਜਦਾਰ ਖ਼ੁਦ ਡਰ ਨਾਲ ਕੰਬਣ ਲੱਗ ਪਏ। ਖ਼ਾਲਸੇ ਨੇ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਦੇ ਰਾਜ, ਸਮਾਜ ਅਤੇ ਅਰਥ-ਵਿਵਸਥਾ ਨੂੰ ਪਲਟ ਕੇ ਰੱਖ ਦਿੱਤਾ ਸੀ।

ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਜਨਮ 16 ਅਕਤੂਬਰ, 1670 ਈ. ਨੂੰ ਪੁਣਛ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਰਾਜੌਰੀ ਵਿਚ ਹੋਇਆ। ਉਸ ਦੇ ਪਿਤਾ ਦਾਨਾਂ ਰਾਮਦੇਵ ਸੀ, ਜੋ ਇਕ ਸਾਧਾਰਨ ਕਿਸਾਨ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਪਹਿਲਾ ਨਾਮ ਲਛਮਣ ਦੇਵ ਸੀ। ਇੱਕ ਪ੍ਰਥਾ ਅਨੁਸਾਰ ਉਸ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ। ਇਕ ਦਿਨ ਉਸ ਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ। ਹਿਰਨੀ ਦੇ ਪੇਟ ਵਿਚ ਦੋ ਬੱਚੇ ਸਨ। ਲਛਮਣ ਦੇਵ ਨੂੰ ਇਸ ਘਟਨਾ ਨੇ ਝੰਜੋੜ ਕੇ ਰੱਖ ਦਿੱਤਾ। ਉਸ ਨੇ ਅੱਗੋਂ ਕਦੇ ਸ਼ਿਕਾਰ ਨਾ ਖੇਡਣ ਦੀ ਸਹੁੰ ਖਾਧੀ। ਹਿਰਨੀ ਦੀ ਹੱਤਿਆ ਦੇ ਪਸ਼ਚਾਤਾਪ ਕਾਰਨ ਉਸ ਦੇ ਮਨ ਵਿਚ ਉਦਾਸੀਨਤਾ ਦੀ ਭਾਵਨਾ ਜਾਗ ਉਠੀ। ਉਹ ਸਾਧੂਆਂ ਦੇ ਇਕ ਟੋਲੇ ਨਾਲ ਮਿਲ ਕੇ ਭਾਰਤ ਵਿਚ ਤੀਰਥਾਂ 'ਤੇ ਘੁੰਮਣ ਫਿਰਨ ਲੱਗਾ। ਕੁਝ ਚਿਰ ਬਾਅਦ ਨਾਸਿਕ ਵਿਖੇ ਪਹੁੰਚਣ 'ਤੇ ਉਸ ਦਾ ਮੇਲ ਇਕ ਜੋਗੀ ਔਘੜ ਨਾਥ ਨਾਲ ਹੋਇਆ। ਔਘੜ ਨਾਥ ਇਕ ਤਾਂਤਰਿਕ ਸੀ, ਜੋ ਜੰਤਰ-ਮੰਤਰ ਵਿਚ ਨਿਪੁੰਨ ਸੀ। ਲਛਮਣ ਦੇਵ ਉਸ ਦਾ ਚੇਲਾ ਬਣ ਗਿਆ ਅਤੇ ਉਸ ਕੋਲ ਹੀ ਰਹਿਣ ਲੱਗਾ। ਉਸ ਨੇ ਔਘੜ ਨਾਥ ਦੀ ਤਨੋ-ਮਨੋ ਸੇਵਾ ਕੀਤੀ। ਔਘੜ ਨਾਥ ਨੇ ਆਪਣਾ ਗ੍ਰੰਥ 'ਸਿਧ ਅਨੂਨੀਆ' ਵੀ ਲਛਮਣ ਦੇਵ ਦੇ ਹਵਾਲੇ ਕਰ ਦਿੱਤਾ ਸੀ। ਲਛਮਣ ਦੇਵ ਨੇ ਆਪਣਾ ਸੁਤੰਤਰ ਡੇਰਾ ਗੋਦਾਵਰੀ ਦੇ ਕੰਢੇ ਨਾਂਦੇੜ ਦੇ ਸਥਾਨ 'ਤੇ ਬਣਾ ਲਿਆ ਸੀ। ਉਸ ਇਲਾਕੇ ਦੇ ਲੋਕਾਂ ਵਿਚ ਉਸ ਦੀ ਬੜੀ ਪ੍ਰਸਿੱਧੀ ਹੋ ਗਈ ਸੀ। ਲਛਮਣ ਦੇਵ ਦਾ ਨਾਂ ਸਾਧੂਆਂ ਵਿਚ ਮਾਧੋਦਾਸ ਬੈਰਾਗੀ ਵੀ ਪ੍ਰਸਿੱਧ ਸੀ।

ਆਪਣੀ ਦੱਖਣ ਦੀ ਯਾਤਰਾ ਸਮੇਂ ਦਸਮੇਸ਼ ਗੁਰੂ ਜੀ 1708 ਈ. ਵਿਚ ਨਾਂਦੇੜ ਪਹੁੰਚੇ। ਗੁਰੂ ਜੀ ਨੂੰ ਮਾਧੋਦਾਸ ਦੀ ਪ੍ਰਸਿੱਧੀ ਦੀ ਜਾਣਕਾਰੀ ਮਿਲ ਚੁੱਕੀ ਸੀ। ਇਕ ਦਿਨ ਉਹ ਸਿੰਘਾਂ ਸਮੇਤ ਮਾਧੋ ਦਾਸ ਦੇ ਡੇਰੇ ਜਾ ਬਿਰਾਜਮਾਨ ਹੋਏ। ਮਾਧੋ ਦਾਸ ਸਤਿਗੁਰਾਂ ਨੂੰ ਆਪਣੇ ਆਸਣ ਉੱਤੇ ਬਿਰਾਜਮਾਨ ਵੇਖ ਕੇ ਅਤਿ ਕ੍ਰੋਧਵਾਨ ਹੋਇਆ। ਪਰੰਤੂ ਉਸ ਦੇ ਸਾਰੇ ਜੰਤਰ-ਮੰਤਰ ਫੇਲ੍ਹ ਹੋ ਗਏ। ਮਾਧੋ ਦਾਸ ਗੁਰੂ ਜੀ ਦੀ ਅਗੰਮੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਦੇ ਮਨ ਵਿਚ ਪੂਰਨ ਬ੍ਰਹਮਗਿਆਨ ਦੀ ਅਭਿਲਾਖਾ ਸੀ। ਇਸ ਦੀ ਪੂਰਤੀ ਲਈ ਉਹ ਗੁਰੂ ਜੀ ਦਾ ਬੰਦਾ ਉਨ੍ਹਾਂ ਦਾ ਸੇਵਕ ਬਣ ਗਿਆ। ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸ ਦਾ ਨਵਾਂ ਨਾਮ ਗੁਰਬਖ਼ਸ਼ ਸਿੰਘ ਤਥਾ ਬੰਦਾ ਸਿੰਘ ਬਹਾਦਰ ਰੱਖ ਦਿੱਤਾ। ਬੰਦਾ ਸਿੰਘ ਇਕ ਤਪੱਸਵੀ ਸੀ, ਉਸ ਦਾ ਹਿਰਦਾ ਸ਼ੁੱਧ ਸੀ। ਗੁਰੂ ਜੀ ਦਾ ਪ੍ਰਤੱਖ ਰੂਪ ਵਿਚ ਆਸ਼ੀਰਵਾਦ ਅਤੇ ਛੋਹ ਪ੍ਰਾਪਤ ਕਰਕੇ ਉਸ ਨੇ ਥੋੜ੍ਹੇ ਦਿਨਾਂ ਵਿਚ ਹੀ ਗੁਰਮਤਿ ਦਾ ਗਿਆਨ ਤੇ ਖਾਲਸੇ ਦੀ ਰਹਿਤ ਦ੍ਰਿੜ੍ਹ ਕਰ ਲਈ ਸੀ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਕਰ ਕੇ ਉਸ ਨੇ ਜੰਤਰ-ਮੰਤਰ ਤਿਆਗ ਕੇ ਧੁਰ ਕੀ ਬਾਣੀ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਸੀ। ਉਹ ਇਸ ਤਰ੍ਹਾਂ ਪੂਰਨ ਗੁਰਸਿੱਖ ਤੇ ਗੁਰੂਘਰ ਦਾ ਪੱਕਾ ਸੇਵਕ ਬਣ ਚੁੱਕਾ ਸੀ। ਗੁਰੂ ਜੀ ਨੇ ਉਸ ਦਾ ਨਿਸ਼ਚਾ, ਦ੍ਰਿੜ੍ਹਤਾ ਅਤੇ ਯੋਗਤਾ ਵੇਖ ਕੇ

ਹੀ ਉਸ ਨੂੰ ਖਾਲਸੇ ਦਾ ਆਗੂ ਥਾਪਿਆ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉੱਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਕ ਹਕੀਕਤ ਹੈ। ਬਾਬਾ ਬੰਦਾ ਸਿੰਘ ਬਹਾਦਰ ਜਦ 1708 ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈਣ ਉਪਰੰਤ ਪੰਜਾਬ ਨੂੰ ਤੁਰਿਆ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਜ਼ੁਲਮ ਅਤੇ ਜ਼ਾਲਮਾਂ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ, ਜੋ ਸੱਤ ਸੌ ਸਾਲ ਪਹਿਲਾਂ ਗਜ਼ਨੀ ਦੇ ਤੁਰਕਾਂ ਨੇ ਮਹਿਮੂਦ ਗਜ਼ਨਵੀ ਦੇ ਅਧੀਨ ਪੰਜਾਬ ਦੇ ਲੋਕਾਂ ਤੋਂ ਖੋਹੀ ਅਤੇ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਦਰੜੀ ਸੀ। ਕੁਰਬਾਨੀ ਉਹ ਮਹਾਨ ਹੁੰਦੀ ਹੈ ਜਿਸ ਦੇ ਪਿੱਛੇ ਉਦੇਸ਼ ਮਹਾਨ ਹੋਵੇ, ਸੰਘਰਸ਼ ਉਹ ਮਹਾਨ ਹੁੰਦਾ ਹੈ ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਂਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਜਿੱਥੇ ਕਿਤੇ ਵੀ ਉਹ ਜਬਰ, ਜ਼ੁਲਮ, ਅੱਤਿਆਚਾਰ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸ ਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤੱਵ ਸਮਝਦਾ ਹੈ। ਨਤੀਜੇ ਵਜੋਂ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਪੰਜ ਤੀਰ, ਖੰਡਾ ਤੇ ਨਗਾਰਾ ਸੀ। 'ਪੰਥ ਪ੍ਰਕਾਸ਼' ਅਨੁਸਾਰ:-

**ਬੰਦੇ ਗੁਰ ਖੰਡਾ ਦਯੋ, ਲਯੋ ਉਨੇਂ ਗਲ ਪਾਇ।ਖਾਲਸੋ ਦੇਖ ਸੁ ਵਿਟਰਿਓ ਤਿਨ ਖੰਡੋ ਲਯੋ ਛਿਨਾਇ॥11॥**

ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਸੰਭਾਵੀ ਸੰਘਰਸ਼ ਵਿਚ ਬਾਬਾ ਬੰਦਾ ਸਿੰਘ ਜੀ ਦਾ ਸਾਥ ਦੇਣ ਲਈ ਨਾਲ ਤੋਰੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਹੁਕਮ ਦਾ ਪਾਲਣ ਕਰਦਿਆਂ ਸਿੱਖ ਸੰਗਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ। ਗੁਰੂ ਸਾਹਿਬ ਦੇ ਪਰਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ, ਸਿੱਖ ਸੰਗਤਾਂ ਵਿਚ ਅਜੇ ਤਾਜ਼ਾ ਸਨ। ਉਹ ਕੁਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਕੇਸਰੀ-ਖਾਲਸਾਈ ਝੰਡੇ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਤੁਰੇ ਤਾਂ ਉਨ੍ਹਾਂ ਕੋਲ 25 ਸਿੰਘਾਂ ਤੋਂ ਇਲਾਵਾ ਕੋਈ ਫੌਜ ਨਹੀਂ ਸੀ। ਕੋਈ ਜੰਗੀ ਸਾਜੋ-ਸਾਮਾਨ, ਗੋਲੀ, ਬਾਰੂਦ ਆਦਿ ਨਹੀਂ ਸੀ। ਕੋਈ ਸਿਖਿਅਤ ਫੌਜ ਨਹੀਂ ਸੀ। ਮੁਸਲਮਾਨ ਲਿਖਾਰੀ ਖਾਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ-ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਸ੍ਰੀ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵਧਦੀ ਹੋਈ ਅੰਤ 40,000 ਤਕ ਪਹੁੰਚ ਗਈ। ਮਹਾਨ ਜਰਨੈਲਾਂ ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ ਜਾਂ ਚਰਚਿਲ ਦੀ ਮਹਾਨਤਾ ਦੁਨੀਆਂ ਵਿਚ ਮੰਨੀ ਜਾਂਦੀ ਹੈ। ਪਰੰਤੂ ਇਨ੍ਹਾਂ ਯਤਨਾਂ ਦੇ ਪਿੱਛੇ ਉਨ੍ਹਾਂ ਦੇ ਮੁਲਕਾਂ ਦੀ ਮੁਕੰਮਲ ਜਨ-ਸ਼ਕਤੀ ਤੇ ਰਾਜ-ਸ਼ਕਤੀ ਸੀ। ਵੱਡੀ ਜੰਗਜੂ ਅਤੇ ਯੁੱਧ ਵਿੱਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ ਫੌਜ ਸੀ ਅਤੇ ਉਹ ਉਨ੍ਹਾਂ ਮੁਲਕਾਂ ਦੇ ਬਾਦਸ਼ਾਹ ਜਾਂ ਮੰਨੇ ਹੋਏ ਰਾਜਨੀਤਿਕ ਨੇਤਾ ਵੀ ਸਨ। ਪਰੰਤੂ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਮਹਾਨਤਾ ਇਹ ਹੈ ਕਿ ਸਤਿਗੁਰੂ ਦੀ ਕਿਰਪਾ ਦੁਆਰਾ ਉਨ੍ਹਾਂ ਨੇ ਸਭ ਕੁਝ ਨਾਲੋਂਨਾਲ ਕੀਤਾ। ਫੌਜ ਸੰਗਠਨ, ਸੰਘਰਸ਼ ਅਤੇ ਜਿੱਤਾਂ ਨਾਲੋਂ-ਨਾਲ ਚਲਦੀਆਂ ਰਹੀਆਂ। ਬਾਬਾ ਬੰਦਾ ਸਿੰਘ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗ਼ਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਤੁਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਪਰਦਾ ਦੇ ਲੋਕ ਵੀ ਪ੍ਰਵੇਸ਼ ਕਰ ਚੁਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ। ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਪਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰ ਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਮ ਲਾਹੌਰੀ ਦੀ ਲਿਖਤ 'ਇਬਰਤਨਾਮਾ' (ਰਚਿਤ 1722 ਈ:) ਅਨੁਸਾਰ "ਸਿੱਖਾਂ ਤੇ ਮੁਗ਼ਲਾਂ ਵਿਚਕਾਰ ਘੋਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸ ਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ।* ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬਾਬਾ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗ਼ਲਾਂ ਨੂੰ ਵਿਸ਼ਵਾਸ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ। ਸੱਚਮੁਚ ਹੀ ਇਹ ਇਕ ਅਣਹੋਣੀ ਸੀ। ਖਰਚਾ ਚਲਾਉਣ ਅਤੇ ਧਨ ਦੀ ਪੂਰਤੀ ਲਈ ਉਸ ਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਵੰਬਰ 11, 1709 ਈ: ਨੂੰ ਸਮਾਣਾ 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਂਥਲ, ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਹਨੀਂ ਦਿਨੀਂ ਇਹ ਸ਼ਹਿਰ ਮੁਗ਼ਲ ਰਾਜ ਦੇ ਗੜ੍ਹ ਮੰਨੇ ਜਾਂਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਬਾਰੇ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗ਼ਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਹੋ ਚੁਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ।

**ਆਖਰ ਉਹ ਘੜੀ ਆ ਗਈ ਜਿਸ ਦਾ ਉਹ**

**ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ (ਚੱਪੜਚਿੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜਲਾਂਡਰਾ ਸੜਕ 'ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ 'ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। 12 ਮਈ, 1710 ਈ: ਨੂੰ ਚੱਪੜਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ ਅਤੇ ਸਰਹੰਦ ਫਤਹਿ ਹੋ ਗਈ।**

ਅਗਲੇ ਦਿਨ ਸਿੱਖ ਫੌਜਾਂ 13 ਮਈ, 1710 ਈ. ਨੂੰ ਸਰਹਿੰਦ ਵਿਚ ਦਾਖਲ ਹੋਈਆਂ। ਦੇਖਦੇ-ਦੇਖਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਵੱਸਦਾ-ਰੱਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹੱਲਾਂ ਵਿੱਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਅਗਲੇ ਦਿਨ 14 ਮਈ 1710 ਨੂੰ ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਅਤੇ ਬਾਬਾ ਆਲੀ ਸਿੰਘ ਸਲੌਦੀ ਨੂੰ ਡਿਪਟੀ ਗਵਰਨਰ ਥਾਪਿਆ ਗਿਆ। ਸਮਾਣੇ ਦਾ ਗਵਰਨਰ ਸ. ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਸਰਹਿੰਦ ’ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਾਲੇਰਕੋਟਲੇ ਵੱਲ ਵਧਿਆ। ਨਵਾਬ ਦੇ ਬਾਬਾ ਜੀ ਦਾ ਮੁਕਾਬਲਾ ਨਾ ਕਰਨ ਕਾਰਨ ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਜੀ ਨੇ ਅਨੂਪ ਕੌਰ ਦੀ ਲਾਸ਼ ਬਰਾਮਦ ਕਰਕੇ ਸਿੱਖ ਮਰਯਾਦਾ ਅਨੁਸਾਰ ਆਪਣੇ ਹੱਥੀਂ ਸਸਕਾਰ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਬਜਾਏ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਅਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹ ਜਹਾਨ ਦੀ ਆਗਿਆ ਅਨੁਸਾਰ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸ ਦੀ ਮੁਰੰਮਤ ਕੀਤੀ ਤੇ ਇਸ ਦਾ ਨਾਂ 'ਲੋਹਗੜ੍ਹ' ਰੱਖਿਆ ਗਿਆ। ਸਰਹਿੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ ਮਾਲ-ਅਸਬਾਬ ਤੇ ਜੰਗੀ ਸਾਮਾਨ ਅਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫ਼ੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫ਼ੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਬੇਤਾਜ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਭੀ ਹੋ ਗਈ ਸੀ। ਰਾਜ-ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਭੀ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਸ੍ਰੀ ਗੁਰੂ ਨਾਨਕ ਦੇਵ ਜੀਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿੱਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ: 'ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ' ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ' ਜਿਸ ਦਾ ਅਰਥ ਹੈ: ਸਿੱਕਾ ਮਾਰਿਆ ਦੋ ਜਹਾਨ ਉੱਤੇ, ਬਖ਼ਸ਼ਾਂ ਬਖ਼ਸ਼ੀਆਂ ਨਾਨਕ ਦੀ ਤੇਗ ਨੇ ਜੀ। ਫਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ। ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ: ਜ਼ਰਬ ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ, ਜ਼ੀਨਤੁ-ਤਖ਼ਤੁ, ਮੁਬਾਰਕ ਬਖ਼ਤ। ਅਰਥਾਤ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿੱਥੇ-ਕਿੱਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:-

**ਦੇਗੋ ਤੇਗ਼ੋ ਫ਼ਤਹਿ ਓ ਨੁਸਰਤਿ ਬੇ-ਦਿਰੰਗ ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ**

**ਅਰਥਾਤ- ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।**

ਮੁਗ਼ਲ ਬਾਦਸ਼ਾਹਾਂ ਦੇ ਸੰਨਿ-ਜਲੂਸ ਦੀ ਅਰਥਾਤ ਰਾਜ-ਸੰਮਤ ਦੀ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਭੀ ਸਰਹਿੰਦ ਦੀ ਫ਼ਤਹਿ ਤੋਂ ਇਕ ਨਵਾਂ ਸੰਮਤ ਨਾਨਕਸ਼ਾਹੀ ਅਰੰਭ ਕੀਤਾ ਜੋ ਉਸ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਉਸ ਨੇ ਇਹ ਸਭ ਕੁਝ ਮੁਗ਼ਲ ਬਾਦਸ਼ਾਹ ਦੀ ਨਕਲ ਦੇ ਤੌਰ 'ਤੇ ਇਸ ਲਈ ਕੀਤਾ ਕਿ ਸਿੰਘਾਂ ਵਿਚ ਮੁਗ਼ਲਾਂ ਦੀ ਬਰਾਬਰੀ ਦੀ ਸਪਿਰਟ ਪੈਦਾ ਹੋ ਜਾਵੇ ਕਿ ਉਹ ਕਿਸੇ ਨਾਲੋਂ ਘੱਟ ਨਹੀਂ ਹਨ। ਫ਼ਰਕ ਇੰਨਾ ਹੈ ਕਿ ਮੁਗ਼ਲ ਬਾਦਸ਼ਾਹ ਦੇ ਸਿੱਕੇ, ਰਾਜਧਾਨੀ, ਮੋਹਰਾਂ ਬਾਦਸ਼ਾਹ ਦੇ ਨਾਂ 'ਤੇ ਚੱਲਦੇ ਸਨ ਪਰ ਖਾਲਸੇ ਦਾ ਰਾਜ ਨੇਤਾ ਬਾਬਾ ਬੰਦਾ ਸਿੰਘ ਆਪਣੇ ਨਿੱਜੀ ਨਾਂ 'ਤੇ ਕੁਝ ਨਹੀਂ ਕਰਦਾ ਸੀ। ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਮੰਨਦਾ ਹੈ ਤੇ ਆਪ ਦੇਗ ਤੇ ਤੇਗ਼ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਫਤਹਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ।

(ਪੁਸਤਕ 'ਬੰਦਾ ਸਿੰਘ ਬਹਾਦਰ' ਰਚਨਾ ਡਾ. ਗੰਡਾ ਸਿੰਘ, ਪੰਨਾ 39-41) ਇਹੋ ਨਾਨਕਸ਼ਾਹੀ ਕੈਲੰਡਰ ਲੇਖਕ ਨੇ ਆਪਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨਗੀ ਕਾਰਜਕਾਲ ਦੌਰਾਨ ਮੁੜ ਚਾਲੂ ਕਰਾਇਆ, ਜੋ ਹੁਣ ਪ੍ਰਚੱਲਤ ਹੈ।) ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੁਲਾਈ 1710 ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉੱਠ ਖੜ੍ਹੇ ਹੋਏ। ਅਕਤੂਬਰ 1710 ਤਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖਾਂ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ-ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਬਾਬਾ ਬੰਦਾ ਸਿੰਘ ਬਹਾਦਰ ਸਮੇਤ ਸਿੱਖ ਲੋਹਗੜ੍ਹ ਦੇ ਕਿਲ੍ਹੇ ਆ ਟਿਕੇ। ਸ਼ਾਹੀ ਸੈਨਾ ਨੇ ਕਿਲ੍ਹੇ ਨੂੰ ਘੇਰ ਲਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਪਿੱਛੇ ਹਟ ਕੇ ਪਹਾੜਾਂ ਵੱਲ ਚਲਾ ਗਿਆ। ਇਸੇ ਦੌਰਾਨ ਪੰਥ-ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ।

18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫ਼ਰੁੱਖਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ, ਇਸ ਮੌਕੇ ਦਾ ਲਾਭ

ਉਠਾਇਆ ਤੇ ਬਾਬਾ ਬੰਦਾ ਸਿੰਘ ਨੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। 1712 ਈ: ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁਗ਼ਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ। ਉਂਝ ਤਾਂ ਸਾਰਾ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ, ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸ਼ਹੀਦੀ ਹੈ। ਬੰਦਾ ਸਿੰਘ ਬਹਾਦਰ ਨੂੰ ਲੱਗਭਗ 737 ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਲਿਜਾਇਆ ਗਿਆ 5 ਮਾਰਚ, 1716 ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ ਤਕਰੀਬਨ 100 ਸਿੱਖਾਂ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ ਕਹਿੰਦੇ, ਖਿੜੇ ਚਿਹਰੇ ਨਾਲ ਸ਼ਹੀਦ ਹੁੰਦੇ ਰਹੇ।

ਤਕਰੀਬਨ ਤਿੰਨ ਮਹੀਨੇ ਤਕ ਅੰਤਾਂ ਦਾ ਜਬਰ, ਜ਼ੁਲਮ, ਤਸ਼ੱਦਦ ਅਤੇ ਤਸੀਹੇ ਦੇਣ ਤੋਂ ਬਾਅਦ 9 ਜੂਨ, 1716 ਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਇਸ ਤਰ੍ਹਾਂ ਹੋਈ: ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਪੌਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਉਸ ਦੇ ਪੁੱਤਰ ਦੀਆਂ ਆਂਦਰਾਂ ਕੱਢ ਕੇ ਉਨ੍ਹਾਂ ਦਾ ਹਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਗਲ ਵਿਚ ਪਾਇਆ ਗਿਆ। ਫਿਰ ਜਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰ ਕੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਸਿੱਖਾਂ ਦਾ ਪਹਿਲਾ ਹੁਕਮਰਾਨ ਇਸ ਤਰ੍ਹਾਂ ਸ਼ਹੀਦ ਹੋ ਗਿਆ। ਇਹ ਸ਼ਹੀਦੀ ਆਪਣੇ-ਆਪ ਵਿਚ ਅਦੁੱਤੀ ਤੇ ਲਾਸਾਨੀ ਸੀ। ਇਹ ਗੌਰਵ, ਮਾਣ ਪਰ ਅਸਰਚਜਤਾ ਵਾਲੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਇਸ ਸਾਰੇ ਜ਼ੁਲਮ-ਸਿਤਮ ਦੌਰਾਨ ਪੂਰੀ ਤਰ੍ਹਾਂ ਅਹਿੱਲ ਅਤੇ ਅਡੋਲ ਰਹੇ। ਇਸ ਤਰ੍ਹਾਂ ਉਨ੍ਹਾਂ ਸਿੱਖ ਸ਼ਹੀਦੀ ਵਿਰਾਸਤ ਉੱਤੇ ਪੂਰਾ ਪਹਿਰਾ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਖਾਸ ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਕੁਝ ਖੇਤਰਾਂ ਵਿਚ ਉਸ ਦੇ ਪਾਏ ਹੋਏ ਪੂਰਨੇ ਅੱਜ ਤਕ ਅਪਣਾਏ ਜਾ ਰਹੇ ਹਨ। ਬਾਬਾ ਜੀ ਦਾ ਪਹਿਲਾ ਕੰਮ ਸਿਰਲੱਥ ਖਾਲਸਾ ਨੂੰ ਦਰਪੇਸ਼ ਹਾਲਾਤ ਦੇ ਮੱਦੇ-ਨਜ਼ਰ ਹੋਰ ਚੰਗੀ ਤਰ੍ਹਾਂ ਸੰਗਠਿਤ ਕਰਨਾ ਸੀ। ਫੌਜੀ ਜਰਨੈਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਕੋਈ ਵੀ ਟਾਕਰਾ ਨਹੀਂ ਸੀ। ਮੈਗਰੇਗਰ ਲਿਖਦਾ ਹੈ, *ਬੰਦਾ ਸਿੰਘ ਬਹਾਦਰ ਜਰਨੈਲਾਂ ਵਿਚ ਉੱਚੀ ਥਾਂ ਰੱਖਦਾ ਹੈ ਉਸ ਦਾ ਨਾਮ ਪੰਜਾਬ ਤੇ ਪੰਜਾਬੋਂ ਬਾਹਰ ਮੁਗਲਾਂ ਵਿਚ ਦਹਿਸ਼ਤ ਫੈਲਾਉਣ ਲਈ ਕਾਫ਼ੀ ਸੀ।* ਗੋਕਲ ਚੰਦ ਨਾਰੰਗ ਅਨੁਸਾਰ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੇ ਅਜਿੱਤ ਹੋਣ ਦਾ ਭਰਮ ਤੋੜਿਆ ਤੇ ਬਾਬਾ ਬੰਦਾ ਸਿੰਘ ਨੇ ਮੁਗ਼ਲਾਂ ਨੂੰ ਪੰਜਾਬ ਦੀ ਧਰਤੀ 'ਤੇ ਮਾਰ ਮੁਕਾਇਆ।* ਉਨ੍ਹਾਂ ਨੇ ਪੰਜਾਬ ਦੇ ਵਾਹੀਕਾਰ ਕਿਸਾਨਾਂ ਨੂੰ ਭੋਇੰ ਦੇ ਮਾਲਕ ਬਣਾ ਦਿੱਤਾ। ਉਨ੍ਹਾਂ ਤੋਂ ਪਿੱਛੋਂ ਵੀ ਇਹ ਪ੍ਰਬੰਧ ਅੰਗਰੇਜ਼ਾਂ ਦੇ ਰਾਜ ਤਕ ਇਵੇਂ ਹੀ ਚੱਲਦਾ ਰਿਹਾ। ਉਨ੍ਹਾਂ ਨੇ ਪੰਜਾਬ ਵਿਚ ਰਾਜਨੀਤਕ ਜਾਗ੍ਰਿਤੀ ਲਿਆਉਣ ਦੇ ਨਾਲ-ਨਾਲ ਆਰਥਿਕ ਖੁਸ਼ਹਾਲੀ ਦਾ ਮੁੱਢ ਵੀ ਬੰਨ੍ਹ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ ਸੀ। ਦੂਜਿਆਂ ਦੀਆਂ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਬੇਜ਼ਮੀਨੇ ਮੁਜਾਰੇ ਤੇ ਕਿਸਾਨਾਂ ਨੂੰ ਜ਼ਿਮੀਂਦਾਰਾਂ ਤੇ ਸਿੱਖ ਸਰਦਾਰ ਬਣਾ ਦਿੱਤਾ ਸੀ। ਇਸ ਪੱਖੋਂ ਵੀ ਪੰਜਾਬ ਬਾਬਾ ਬੰਦਾ ਸਿੰਘ ਬਹਾਦਰ ਦੀ ਲੰਮੀ ਦ੍ਰਿਸ਼ਟੀ ਤੇ ਡੂੰਘੀ ਸੋਚ ਨਾਲ ਦਿੱਤੀ ਉਨ੍ਹਾਂ ਦੀ ਦੇਣ ਦਾ ਸਦਾ ਰਿਣੀ ਰਹੇਗਾ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਜ਼ਾਦ ਲੋਕ-ਰਾਜ ਦੀ ਸਥਾਪਨਾ ਕੀਤੀ। ਹਰ ਇਲਾਕੇ ਦਾ ਪ੍ਰਬੰਧਕ ਨਿਯੁਕਤ ਕੀਤਾ। ਉਹ ਪ੍ਰਬੰਧਕ ਬਹੁਤ ਦੱਬੇ-ਕੁਚਲੇ ਲੋਕਾਂ ਵਿੱਚੋਂ ਹੀ ਹੁੰਦਾ ਸੀ। ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਆਜ਼ਾਦੀ ਦਾ ਅਨੰਦ ਮਾਣਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਲਈ ਚਾਨਣਮੁਨਾਰੇ ਦਾ ਕੰਮ ਕੀਤਾ ਤੇ ਹਮੇਸ਼ਾਂ ਲਈ ਸਿੱਖ ਕੌਮ ਅੰਦਰ ਆਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਤਕਰੀਬਨ 6 ਸਾਲ ਯਮਨਾ ਤੋਂ ਰਾਵੀ ਤਕ ਦੇ ਵਿਸ਼ਾਲ ਇਲਾਕੇ ਉੱਤੇ ਰਾਜ ਕੀਤਾ। 1716 ਵਿਚ ਉਹ ਭਾਵੇਂ ਸ਼ਹੀਦ ਹੋ ਗਏ ਪਰ ਉਹ ਪੰਜਾਬ ਵਿਚ ਸਿੱਖ ਰਾਜ ਦੀ ਬੁਨਿਆਦ ਡੂੰਘੀ ਕਾਇਮ ਕਰ ਗਏ ਸਨ। ਇਸ ਬੁਨਿਆਦ ਉੱਤੇ ਹੀ 1799 ਨੂੰ ਲਾਹੌਰ ਫਤਹਿ ਕਰਨ ਉਪਰੰਤ 1801 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਇਕ ਵਿਸ਼ਾਲ ਸਿੱਖ ਹਲੇਮੀ ਰਾਜ ਕਾਇਮ ਕੀਤਾ। 1717 ਤੋਂ ਬਾਅਦ ਕਈ ਦਹਾਕੇ ਸਿੰਘਾਂ ਨੂੰ ਖ਼ਤਮ ਕਰਨ ਲਈ ਮੁਗ਼ਲ ਸਰਕਾਰ ਵੱਲੋਂ ਬੇਹੱਦ ਜ਼ੁਲਮ ਕੀਤੇ ਗਏ, ਪਰ ਉਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ। 1748 ਵਿਚ ਸਿੰਘਾਂ ਦੇ 12 ਜਥੇ ਬਣਾਏ ਗਏ ਅਤੇ ਬਾਅਦ ਵਿਚ ਇਨ੍ਹਾਂ ਤੋਂ ਬਾਰ੍ਹਾਂ ਮਿਸਲਾਂ ਹੋਂਦ ਵਿਚ ਆਈਆਂ। ਇਨ੍ਹਾਂ ਵਿੱਚੋਂ ਇਕ ਸੀ ਸ਼ੁਕਰਚੱਕੀਆ ਮਿਸਲ। ਇਸ ਮਿਸਲ ਦੇ ਮੁਖੀ ਸਨ ਮਹਾਰਾਜਾ ਰਣਜੀਤ ਸਿੰਘ। ਮਹੱਤਵਪੂਰਨ ਗੱਲ ਇਹ ਹੈ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਤਹਿਤ ਆਏ ਇਸ ਵਿਸ਼ਾਲ ਰਾਜ ਵਿਚ ਉਨ੍ਹਾਂ ਦੇ ਸਮੇਂ ਵਿਚ ਨਾ ਤਾਂ ਕਿਸੇ ਵੀ ਧਰਮ ਦੇ ਧਾਰਮਿਕ ਅਸਥਾਨ ਮੰਦਰ ਜਾਂ ਮਸਜਿਦ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਨਾ ਹੀ ਇਸ ਸਮੇਂ ਕਿਸੇ ਹਿੰਦੂ ਦਾ ਤਿਲਕ ਜਾਂ ਜੰਞੂ ਵੀ ਨਹੀਂ ਛੇੜਿਆ ਗਿਆ। ਸਗੋਂ ਇਹ ਚਿੰਨ੍ਹ ਮੁਕੰਮਲ ਰੂਪ ਵਿਚ ਸੁਰੱਖਿਅਤ ਰੱਖੇ ਗਏ।

ਦੇਸ਼ ਆਜ਼ਾਦ ਹੋਏ ਨੂੰ ਭਾਵੇਂ ਛੇ ਦਹਾਕੇ ਬੀਤ ਚੁਕੇ ਹਨ ਪਰ ਅੱਜ ਵੀ ਲੋਕ ਜਬਰ, ਜ਼ੁਲਮ, ਧੱਕੇਸ਼ਾਹੀ, ਆਰਥਿਕ ਸ਼ੋਸ਼ਣ ਤੇ ਬੇਇਨਸਾਫ਼ੀ ਕਾਰਨ ਦੁਖੀ ਹਨ। ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਖਾਲਸੇ ਨੇ ਲੰਮਾ ਸੰਘਰਸ਼ ਕਰ ਕੇ ਤੇ ਸ਼ਹੀਦੀਆਂ ਦੇ ਕੇ ਮੁਗ਼ਲ ਰਾਜ ਦਾ ਖ਼ਾਤਮਾ ਕਰ ਦਿੱਤਾ ਸੀ, ਪਰੰਤੂ ਮੁਗ਼ਲਾਂ ਦੀ ਰੂਹ ਅਜੇ ਵੀ ਸਾਡੇ ਰਾਸ਼ਟਰੀ ਹੁਕਮਰਾਨਾਂ ਅਤੇ ਪੂੰਜੀਪਤੀਆਂ ਵਿਚ ਮੌਜੂਦ ਹੈ। ਜਿਸ ਕਰਕੇ ਲੋਕਾਂ ਦਾ ਜੀਵਨ ਨਰਕ ਬਣ ਰਿਹਾ ਹੈ। ਅੱਜ ਦੇਸ਼ ਅੰਦਰ 50 ਕਰੋੜ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ। ਬੜੀ ਭਾਰੀ ਗਿਣਤੀ ਵਿਚ ਲੋਕਾਂ ਪਾਸ ਕੁੱਲੀ, ਗੁੱਲੀ ਅਤੇ ਜੁੱਲੀ ਨਹੀਂ ਹੈ। ਬਹੁਤੇ ਤਾਂ ਆਪਣੀਆਂ ਰਾਤਾਂ ਸੜਕਾਂ ਦੇ ਫੁਟਪਾਥਾਂ ਉੱਤੇ ਨੀਲੇ ਅਸਮਾਨ

ਹੇਠ ਗੁਜ਼ਾਰਨ ਲਈ ਮਜਬੂਰ ਹਨ। ਸੂਬਿਆਂ ਦੀਆਂ ਸਰਕਾਰਾਂ ਅਧਿਕਾਰ ਰਹਿਤ ਹਨ। ਸੂਬਿਆਂ ਦੀਆਂ ਸਰਕਾਰਾਂ ਨੂੰ ਛੋਟੀਆਂ-ਛੋਟੀਆਂ ਗੱਲਾਂ ਲਈ ਵੀ ਕੇਂਦਰ ਅੱਗੇ ਨਮੋਸ਼ੀ ਨਾਲ ਹੱਥ ਅੱਡਣੇ ਪੈਂਦੇ ਹਨ। ਇਨ੍ਹਾਂ ਦੀ ਹਾਲਤ ਨਗਰ ਪਾਲਿਕਾਵਾਂ ਤੋਂ ਬਿਹਤਰ ਨਹੀਂ ਹੈ। ਰਾਜਨੀਤਿਕ ਸ਼ਕਤੀ ਦਾ ਮੁਕੰਮਲ ਕੇਂਦਰੀਕਰਨ ਕਰ ਕੇ ਕੇਂਦਰੀ ਸਰਕਾਰ ਪੂਰੀ ਤਰ੍ਹਾਂ ਕਾਬਜ਼ ਹੈ। ਕੇਂਦਰ ਸਰਕਾਰ ਪਾਸ ਹੀ ਏਕਾਧਿਕਾਰ ਹੈ। ਮੁਲਕ ਦੀ ਸਾਰੀ ਯੋਜਨਾਕਾਰੀ ਹੀ ਇਸ ਤਰ੍ਹਾਂ ਕੀਤੀ ਜਾਂਦੀ ਹੈ ਜਿਸ ਨਾਲ ਅਮੀਰ ਹੋਰ ਅਮੀਰ ਹੋਵੇ ਅਤੇ ਗਰੀਬ ਹੋਰ ਗਰੀਬ ਤਥਾ ਰਾਜ ਘਰਾਣਿਆਂ ਦਾ ਗ਼ੁਲਾਮ ਹੀ ਬਣਿਆ ਰਹੇ। ਦੇਸ਼ ਦੀ ਸਿੱਖਿਆ ਨੀਤੀ ਵੀ ਅਜਿਹੀ ਹੀ ਹੈ ਕਿ ਗਰੀਬਾਂ ਦੇ ਬੱਚੇ ਅੱਧ ਪੜ੍ਹੇ ਜਾਂ ਅਨਪੜ੍ਹ ਹੀ ਹਨ। ਉਨ੍ਹਾਂ ਨੂੰ ਜੋ ਸਿੱਖਿਆ ਦਿੱਤੀ ਵੀ ਜਾ ਰਹੀ ਹੈ ਉਹ ਮਿਆਰੀ ਨਹੀਂ ਹੈ। ਆਜ਼ਾਦੀ ਤੋਂ ਬਾਅਦ ਲੰਮਾਂ ਸਮਾਂ ਦੇਸ਼ ਰੂਸ ਦੀ ਅਨਐਲਾਨੀ ਗ਼ੁਲਾਮੀ ਹੇਠ ਵਿਚਰਦਾ ਰਿਹਾ ਹੁਣ ਬੜੀ ਤੇਜ਼ੀ ਨਾਲ ਅਮਰੀਕਾ ਦੀ ਗ਼ੁਲਾਮੀ ਦੇ ਜੂਲੇ ਥੱਲੇ ਧੱਕਿਆ ਜਾ ਰਿਹੈ। ਦੇਸ਼ ਨੂੰ ਸਹੀ ਅਰਥਾਂ ਵਿਚ ਆਜ਼ਾਦ ਕਰਾਉਣ, ਆਰਥਿਕ ਖ਼ੁਸ਼ਹਾਲੀ ਅਤੇ ਸਮਾਜਿਕ ਬਰਾਬਰੀ ਲਿਆਉਣ ਲਈ ਮੁਲਕ ਨੂੰ ਦੇਰ ਸਵੇਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਹੀ ਅਪਨਾਉਣਾ ਪਵੇਗਾ। ਅਜੋਕੇ ਰਾਜ ਪ੍ਰਬੰਧ ਹੇਠ ਲੋਕ ਬੇਰੁਜ਼ਗਾਰੀ, ਨਸ਼ਿਆਂ ਦਾ ਸੇਵਨ, ਕਰਜ਼ਿਆਂ ਦਾ ਭਾਰ ਅਤੇ ਲੱਚਰਪੁਣੇ ਵਿਚ ਘਿਰ ਕੇ ਆਪਣਾ ਜੀਵਨ ਨਸ਼ਟ ਕਰ ਰਹੇ ਹਨ। ਅੱਜ ਫਿਰ ਲੋੜ ਹੈ ਬਾਬਾ ਬੰਦਾ ਸਿੰਘ ਜੀ ਬਹਾਦਰ ਵਰਗੇ ਸ਼ਕਤੀਸ਼ਾਲੀ ਤੇ ਨਿਸ਼ਕਾਮ ਆਗੂ ਦੀ ਜੋ ਮੁਲਕ ਵਿਚ ਖਾਲਸਾ ਮਿਸ਼ਨ ਅਨੁਸਾਰ ਸਮਾਜਿਕ ਬਰਾਬਰੀ, ਆਰਥਿਕ ਖ਼ੁਸ਼ਹਾਲੀ ਤੇ ਲੋਕ ਰਾਜੀ ਕਦਰਾਂ-ਕੀਮਤਾਂ ਨੂੰ ਬਹਾਲ ਕਰ ਸਕੇ।

-0-

# ਬਾਬਾ ਬੰਦਾ ਸਿੰਘ ਬਹਾਦਰ ਦੀਆਂ ਧਰਮ ਪਤਨੀਆਂ

# ਬੀਬੀ ਸੁਸ਼ੀਲ ਕੌਰ ਅਤੇ ਬੀਬੀ ਸਾਹਿਬ ਕੌਰ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.), ਪੰਡੋਰੀ ਸਿੱਧਵਾਂ 9501100062**

ਬਾਬਾ ਬੰਦਾ ਸਿੰਘ ਦੇ ਜੀਵਨ ਅਤੇ ਜੰਗਾਂ ਯੁੱਧਾਂ ਬਾਰੇ ਸਾਰਾ ਪੰਥ ਜਾਣੂ ਹੈ ਪਰ ਉਸ ਦੀਆਂ ਧਰਮ ਪਤਨੀਆਂ ਬਾਰੇ ਇਤਿਹਾਸ ਵਿੱਚ ਬਹੁਤ ਘੱਟ ਜਾਣਕਾਰੀ ਮਿਲਦੀ ਹੈ। 12 ਮਈ 1710 ਈਸਵੀ ਨੂੰ ਬਾਬਾ ਬੰਦਾ ਸਿੰਘ ਨੇ ਚੱਪੜ ਚਿੜੀ ਦੀ ਜੰਗ ਵਿੱਚ ਫਤਿਹ ਹਾਸਲ ਕੀਤੀ ਤੇ 14 ਮਈ ਨੂੰ ਸਰਹਿੰਦ 'ਤੇ ਕਬਜ਼ਾ ਕਰ ਲਿਆ। ਕੁਝ ਹੀ ਮਹੀਨਿਆਂ ਵਿੱਚ ਲਾਹੌਰ ਨੂੰ ਛੱਡ ਕੇ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਅਤੇ ਮਜ਼ੱਫਰਪੁਰ ਸਮੇਤ ਕਰਨਾਲ – ਸੋਨੀਪਤ ਤੱਕ ਸਾਰਾ ਪੂਰਬੀ ਪੰਜਾਬ ਬੰਦਾ ਸਿੰਘ ਬਹਾਦਰ ਦੇ ਕਬਜ਼ੇ ਹੇਠ ਆ ਗਿਆ। ਇਸ ਬਗਾਵਤ ਦੀਆਂ ਖਬਰਾਂ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਤੱਕ ਪਹੁੰਚੀਆਂ ਤਾਂ ਉਹ ਮਾਰੋ ਮਾਰ ਕਰਦਾ ਦੱਖਣ ਤੋਂ ਸਿੱਧਾ ਪੰਜਾਬ ਪਹੁੰਚ ਗਿਆ। ਉਸ ਦੇ ਨਾਲ ਜੈਪੁਰ ਅਤੇ ਜੋਧਪੁਰ ਦੇ ਰਾਜਪੂਤ ਰਾਜਿਆਂ ਸਮੇਤ ਅਣਗਿਣਤ ਫੌਜ ਸੀ। ਮੁਗਲਾਂ ਤੇ ਸਿੱਖਾਂ ਦੀ ਪਹਿਲੀ ਝੜਪ 26 ਅਕਤੂਬਰ 1710 ਈਸਵੀ ਨੂੰ ਅਮੀਨਗੜ੍ਹ ਦੇ ਸਥਾਨ 'ਤੇ ਹੋਈ ਤੇ ਅਸਾਵਾਂ ਮੁਕਾਬਲਾ ਹੋਣ ਕਾਰਨ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਹੌਲੀ ਹੌਲੀ ਬਾਬਾ ਬੰਦਾ ਸਿੰਘ ਨੂੰ ਸਰਹਿੰਦ, ਸਮਾਣਾ ਅਤੇ ਸਢੌਰਾ ਆਦਿ ਵੀ ਛੱਡਣੇ ਪਏ ਤੇ ਉਹ ਰਾਜਧਾਨੀ ਲੋਹਗੜ੍ਹ ਵਿੱਚ ਘਿਰ ਗਿਆ। ਸਾਰੇ ਪੱਖ ਵਿਚਾਰ ਕੇ ਉਸ ਨੇ 11 ਦਸੰਬਰ 1710 ਦੀ ਰਾਤ ਨੂੰ ਲੋਹਗੜ੍ਹ ਛੱਡ ਦਿੱਤਾ ਤੇ ਪਹਾੜਾਂ ਵੱਲ ਨਿਕਲ ਗਿਆ।

ਚੰਬੇ ਰਿਆਸਤ ਦਾ ਰਾਜਾ ਉਦੇ ਸਿੰਘ ਬਾਬਾ ਬੰਦਾ ਸਿੰਘ ਦਾ ਬਹੁਤ ਵੱਡਾ ਪ੍ਰਸ਼ੰਸਕ ਸੀ। ਉਸ ਨੇ ਬਾਬਾ ਜੀ ਨੂੰ ਆਪਣੇ ਰਾਜ ਵਿੱਚ ਆਉਣ ਦਾ ਸੱਦਾ ਦਿੱਤਾ ਤੇ ਆਪਣੇ ਭਰਾ ਲਛਮਣ ਸਿੰਘ ਦੀ ਸਲਾਹ 'ਤੇ ਸੰਨ 1711 ਈਸਵੀ ਵਿੱਚ ਆਪਣੀ ਬੇਟੀ ਸੁਸ਼ੀਲ ਕੌਰ ਦਾ ਵਿਆਹ ਉਸ ਨਾਲ ਕਰ ਦਿੱਤਾ। ਬੀਬੀ ਸੁਸ਼ੀਲ ਕੌਰ ਦੀ ਜਨਮ ਤਾਰੀਖ ਬਾਰੇ ਨਿਸ਼ਚਿਤ ਤੌਰ 'ਤੇ ਨਹੀਂ ਕਿਹਾ ਜਾ ਸਕਦਾ, ਪਰ ਇੱਕ ਅੰਦਾਜ਼ੇ ਮੁਤਾਬਕ ਜੇ ਉਨ੍ਹਾਂ ਦੀ ਉਮਰ ਸ਼ਾਦੀ ਵੇਲੇ 20 – 21 ਸਾਲ ਦੀ ਹੋਵੇ ਤਾਂ ਉਨ੍ਹਾਂ ਦਾ ਜਨਮ ਸੰਨ 1690 ਈਸਵੀ ਦੇ ਆਸ ਪਾਸ ਹੋਇਆ ਮੰਨਿਆਂ ਜਾ ਸਕਦਾ ਹੈ।ਬੀਬੀ ਸੁਸ਼ੀਲ ਕੌਰ ਦਾ ਪੇਕਿਆਂ ਦਾ ਨਾਮ ਸੁਸ਼ੀਲ ਕੁੰਵਰ ਸੀ ਜੋ ਅੰਮ੍ਰਿਤ ਛਕਣ ਤੋਂ ਬਾਅਦ ਸੁਸ਼ੀਲ ਕੌਰ ਰੱਖ ਦਿੱਤਾ ਗਿਆ। ਸ਼ਾਹੀ ਪਰਿਵਾਰ ਵਿੱਚ ਪੈਦਾ ਹੋਣ ਕਾਰਨ ਉਹ ਘੋੜਸਵਾਰੀ, ਤਲਵਾਰਬਾਜ਼ੀ ਅਤੇ ਹੋਰ ਜੰਗੀ ਹੁਨਰਾਂ ਵਿੱਚ ਮਾਹਰ ਸੀ। 1712 ਈਸਵੀ ਵਿੱਚ ਉਸ ਦੇ ਘਰ ਅਜੇ ਸਿੰਘ ਨੇ ਜਨਮ ਲਿਆ। ਉਹ ਘਰ ਦੀ ਚਾਰ ਦੀਵਾਰੀ ਵਿੱਚ ਬੰਦ ਰਹਿਣ ਦੀ ਬਜਾਏ ਬਾਬਾ ਬੰਦਾ ਸਿੰਘ ਦੇ ਹਮਸਫਰ ਰਹਿੰਦੀ ਸੀ। ਇਸ ਕਾਰਨ ਜਦੋਂ 7 ਦਸੰਬਰ 1715 ਈਸਵੀ ਨੂੰ ਬਾਬਾ ਬੰਦਾ ਸਿੰਘ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਗ੍ਰਿਫਤਾਰ ਕੀਤਾ ਗਿਆ ਤਾਂ ਬੀਬੀ ਸੁਸ਼ੀਲ ਕੌਰ ਅਤੇ ਅਜੇ ਸਿੰਘ ਵੀ ਗ੍ਰਿਫਤਾਰ ਕਰ ਲਏ ਗਏ।

ਜਦੋਂ ਸਾਰੇ ਕੈਦੀ ਦਿੱਲੀ ਪਹੁੰਚੇ ਤਾਂ ਉਸ ਨੂੰ ਤੇ ਅਜੇ ਸਿੰਘ ਨੂੰ ਅਲੱਗ ਕੈਦ ਖਾਨੇ ਵਿੱਚ ਰੱਖਿਆ ਗਿਆ। ਉਸ ਨੂੰ ਵੀ ਬਾਕੀ ਸਿੱਖਾਂ ਵਾਂਗ ਇਸਲਾਮ ਧਾਰਨ ਕਰਨ ਲਈ ਕਈ ਤਰਾਂ ਦੇ ਲਾਲਚ ਦਿੱਤੇ ਗਏ ਅਤੇ ਸਖਤੀਆਂ ਕੀਤੀਆਂ ਗਈਆਂ, ਪਰ ਉਹ ਆਪਣੇ ਧਰਮ 'ਤੇ ਅਡੋਲ ਰਹੀ। 9 ਜੂਨ 1716 ਈਸਵੀ ਨੂੰ ਅਕਿਹ ਤੇ ਅਸਹਿ ਅਣਮਨੁੱਖੀ ਸਰੀਰਕ ਕਸ਼ਟ ਦੇ ਕੇ ਬਾਬਾ ਬੰਦਾ ਸਿੰਘ ਅਤੇ ਅਜੇ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਪਿਛਲੇ ਕੁਝ ਸਾਲਾਂ ਵਿੱਚ ਕੀਤੀ ਗਈ ਖੋਜਬੀਣ ਅਤੇ ਚੰਬਾ ਦੇ ਸ਼ਾਹੀ ਪਰਿਵਾਰ ਦੇ ਰਿਕਾਰਡ ਮੁਤਾਬਕ ਆਪਣੇ ਪਤੀ ਅਤੇ ਪੁੱਤਰ ਦੀ ਮੌਤ ਬਾਰੇ ਸੁਣ ਕੇ 20 ਜੂਨ 1716 ਈਸਵੀ ਨੂੰ ਬੀਬੀ ਸੁਸ਼ੀਲ ਕੌਰ ਨੇ ਆਪਣੇ ਆਪ ਨੂੰ ਖਤਮ ਕਰ ਦਿੱਤਾ। ਉਸ ਸਮੇਂ ਦੇ ਸ਼ਾਹੀ ਰੋਜ਼ਨਾਮਚਾ ਲਿਖਾਰੀ ਮੁਹੰਮਦ ਸੂਫੀ ਨੇ ਲਿਖਿਆ ਹੈ ਕਿ ਉਸ ਨੇ ਦਿਲ ਵਿੱਚ ਖੰਜਰ ਮਾਰ ਕੇ ਆਪਣੀ ਜਾਨ ਦਿੱਤੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਦੂਸਰੀ ਸ਼ਾਦੀ ਵਜ਼ੀਰਾ ਬਾਦ ਦੇ ਵਾਸੀ ਸ਼ਿਵ ਰਾਮ ਖੱਤਰੀ ਦੀ ਬੇਟੀ ਸਾਹਿਬ ਕੌਰ ਨਾਲ ਹੋਈ ਸੀ ਜਿਸ ਤੋਂ ਰਣਜੀਤ ਸਿੰਘ ਪੈਦਾ ਹੋਇਆ ਸੀ। ਬੀਬੀ ਸਾਹਿਬ ਕੌਰ ਦੇ ਜੀਵਨ ਅਤੇ ਮੌਤ ਬਾਰੇ ਇਤਿਹਾਸ ਵਿੱਚ ਜਿਆਦਾ ਕੁਝ ਨਹੀਂ ਮਿਲਦਾ। ਜੇ ਰਿਆਸੀ ਦਾ ਕੋਈ ਵਿਅਕਤੀ ਇਹ ਲੇਖ ਪੜ੍ਹੇ ਤਾਂ ਇਸ ਬਾਰੇ ਜਰੂਰ ਹੀ ਜਾਣਕਾਰੀ ਸਾਂਝੀ ਕਰੇ। ਰਣਜੀਤ ਸਿੰਘ ਦੇ ਵੰਸ਼ ਵਿੱਚੋਂ ਬਾਬਾ ਜਤਿੰਦਰਪਾਲ ਸਿੰਘ ਇਸ ਵੇਲੇ ਗੁਰਦਵਾਰਾ ਡੇਰਾ ਬਾਬਾ ਬੰਦਾ ਸਿੰਘ ਬਹਾਦਰ (ਰਿਆਸੀ) ਦਾ ਪ੍ਰਬੰਧ ਸੰਭਾਲ ਰਿਹਾ ਹੈ। ਇਹ ਗੁਰਦਵਾਰਾ ਕੱਟੜੇ ਤੋਂ ਕਰੀਬ 28 ਕਿ.ਮੀ. ਦੂਰ ਪੈਂਦਾ ਹੈ। ਮਹੰਤ ਅਮਰ ਸਿੰਘ ਖੇਮਕਰਨ (ਜਿਲ੍ਹਾ ਤਰਨ ਤਾਰਨ) ਵਾਲੇ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸੀਸ ਦਿੱਲੀ ਤੋਂ ਲਿਆ ਕੇ ਬੀਬੀ ਸਾਹਿਬ ਕੌਰ ਦੇ ਹਵਾਲੇ ਕੀਤਾ ਸੀ ਜਿਸ ਦਾ ਗੁਰਦਵਾਰੇ ਵਾਲੇ ਸਥਾਨ 'ਤੇ ਪੂਰੀ ਗੁਰ ਮਰਿਆਦਾ ਨਾਲ ਅੰਤਿਮ ਸੰਸਕਾਰ ਕੀਤਾ ਗਿਆ ਸੀ। ਗੁਰਦਵਾਰੇ ਵਿੱਚ ਬਾਬਾ ਬੰਦਾ ਸਿੰਘ ਦੀ ਤਲਵਾਰ, ਦਸਵੇਂ ਪਾਤਸ਼ਾਹ ਵੱਲੋਂ ਬਖਸ਼ੇ ਗਏ ਪੰਜ ਤੀਰਾਂ ਵਿੱਚੋਂ ਇੱਕ ਤੀਰ ਅਤੇ ਹੋਰ ਕਈ ਅਸਤਰ ਸ਼ਸ਼ਤਰ ਸੰਭਾਲੇ ਹੋਏ ਹਨ। ਭਾਈ ਕਾਹਨ ਸਿੰਘ ਨਾਭਾ ਨੇ ਬਾਬਾ ਬੰਦਾ ਸਿੰਘ ਦੀ ਵੰਸ਼ਾਵਲੀ ਇਸ ਤਰਾਂ ਦੱਸੀ ਹੈ, ਰਣਜੀਤ ਸਿੰਘ ਦਾ ਬੇਟਾ ਜ਼ੋਰਾਵਰ ਸਿੰਘ, ਜ਼ੋਰਾਵਰ ਸਿੰਘ ਦਾ ਬੇਟਾ ਅਰਜਨ ਸਿੰਘ, ਅਰਜਨ ਸਿੰਘ ਦਾ ਬੇਟਾ ਖੜਕ ਸਿੰਘ, ਖੜਕ ਸਿੰਘ ਦਾ ਬੇਟਾ ਦਯਾ ਸਿੰਘ, ਦਯਾ ਸਿੰਘ ਦਾ ਬੇਟਾ ਅਤਰ ਸਿੰਘ, ਅਤਰ ਸਿੰਘ ਦਾ ਬੇਟਾ ਸੁਜਾਨ ਸਿੰਘ ਅਤੇ ਸੁਜਾਨ ਸਿੰਘ ਦਾ ਬੇਟਾ ਸਰਦੂਲ ਸਿੰਘ (ਮਹਾਨ ਕੋਸ਼ ਪੰਨਾ 775)

-0-

# ਦਿੱਲੀ ਨਸਲਕੁਸ਼ੀ, ਹੋਂਦ ਚਿੱਲੜ, ਪਟੌਦੀ, ਚਿੱਠੀ ਸਿੰਘਪੁਰਾ ਤੇ ਪਹਿਲਗਾਮ ਦਾ ਦਰਦ ਇਕੋ ਜਿਹਾ ਪਰ...

**-ਕੁਲਵੰਤ ਕੌਰ (ਡਾ.) # 98156-20515**

ਬੇਕਸੂਰ, ਪੁਰਅਮਨ, ਸ਼ਾਂਤੀ ਪਸੰਦ, ਭੋਲੇ ਭਾਲੇ ਅਤੇ ਦੇਸ਼ ਪ੍ਰੇਮੀ ਲੋਕਾਂ ਦੀ ਮਾਰ ਵੱਢ, ਕਤਲੋਗਾਰਤ, ਮੌਤ ਤੇ ਅੰਨ੍ਹੇਵਾਹ ਦੁਸ਼ਮਣੀ ਭਾਵੇਂ ਯੁਕਰੇਨ 'ਚ ਹੋਵੇ ਜਾਂ ਰੂਸ ਵਿੱਚ, ਇਜ਼ਰਾਈਲ 'ਚ ਹੋਵੇ ਜਾਂ ਹਮਾਸ ਵੱਲੋਂ, ਮਨੀਪੁਰ 'ਚ ਹੋਵੇ ਜਾਂ ਦਾਤੇਵਾੜਾ 'ਚ ਅਤੇ ਜਾਂ ਫਿਰ ਗਵਾਂਢੀ ਮੁਲਕ ਵੱਲੋਂ ਹੋਵੇ, ਹਮੇਸ਼ਾਂ ਹੀ ਨਿੰਦਣੀਯ, ਭਿਅੰਕਰ ਅਤੇ ਤਬਾਹਕੁਨ ਹੋਇਆ ਕਰਦੀ ਹੈ। ਬੀਤੇ ਸਮਿਆਂ ਦਾ ਇਤਿਹਾਸ ਤੇ ਮਿਥਿਹਾਸ ਸਾਡੇ ਸਾਹਮਣੇ ਉਹ ਹੌਲਨਾਕ ਤੇ ਖੌਫ਼ਨਾਕ ਦ੍ਰਿਸ਼ ਲਿਆ ਖਲ੍ਹਾਰਦਾ ਹੈ ਜਦੋਂ ਮਨੁੱਖ ਨੇ ਮਨੁੱਖ ਦਾ ਜਿਉਣਾ ਦੁੱਭਰ ਕਰੀ ਰੱਖਿਆ। ਇਸ ਦੀ ਕਬਜ਼ੇ ਦੀ ਭਾਵਨਾ, ਬਦਲਾ ਲਊ ਨੀਤੀ, ਈਰਖਾ, ਲਾਲਸਾ ਤੇ ਵਾਸਨਾ ਨੇ ਹਜ਼ਾਰਾਂ ਵਰ੍ਹਿਆਂ ਤੋਂ ਦੁੱਖਾਂ, ਦਰਦਾਂ, ਪੀੜਾ, ਹਉਕਿਆਂ ਅਤੇ ਜ਼ਿਆਦਤੀਆਂ ਦੀ ਇਬਾਰਤ ਲਿਖੀ ਹੈ ਤੇ ਹੁਣ ਵੀ ਲਿਖਣੋ ਸੰਕੋਚ ਨਹੀਂ ਕਰ ਰਿਹਾ। ਭਾਵੇਂ ਸਾਡੇ ਮਹਾਂਪੁਰਖਾਂ ਨੇ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦੀ ਸਿੱਖ ਮੱਤ ਵੀ ਦਿੱਤੀ, 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' ਅਤੇ 'ਨਾ ਕੋ ਬੈਰੀ ਨਾਹਿ ਬੇਗਾਨਾ' ਫਰਮਾ ਕੇ ਸਮਝਾਉਣ ਦੇ ਯਤਨ ਕੀਤੇ ਪਰ ਕੁੱਤੇ ਦੀ ਪੂਛ ਵਾਂਗ ਕਦੇ ਵੀ ਸਿੱਧੀ ਨਾ ਹੋਣ ਦੀ ਸੱਚਾਈ ਵਾਂਗ ਦੋਖੀ, ਦੁਸ਼ਮਣ, ਕਮੀਨੇ, ਬੁਜ਼ਦਿਲ ਅਤੇ ਮੂੰਹ ਜ਼ੋਰ ਆਪਣੀ ਆਈ ਤੋਂ ਨਾ ਟਲੇ। ਮਨੁੱਖਤਾ ਦੇ ਵੈਰੀਆਂ ਨੇ ਸਭੋ ਕਦਰਾਂ-ਕੀਮਤਾਂ, ਮਾਨਵੀ ਮੁੱਲ ਅਤੇ ਚੰਗਿਆਈਆਂ ਛਿੱਕੇ ਟੰਗ ਕੇ ਅਜਿਹੀਆਂ ਕਰਤੂਤਾਂ ਅਤੇ ਸ਼ੈਤਾਨੀਆਂ ਕੀਤੀਆਂ ਕਿ ਜ਼ਮਾਨਾ ਕੰਬ ਉੱਠਿਆ।

ਪਿਛਲੇ ਦਿਨੀਂ, ਕਸ਼ਮੀਰ ਦੀ ਬਹਿਸ਼ਤੀ ਦੁਨੀਆਂ ਵਿੱਚ ਕੁਹਰਾਮ ਮਚਿਆ। ਪੂਰੇ ਸੰਸਾਰ ਵਿੱਚ ਹਾਹਾਕਾਰ ਮਚ ਉੱਠੀ। ਸਵਰਗੀ ਨਜ਼ਾਰੇ ਮਾਣਦੇ, ਸ਼ਿਕਾਰਿਆਂ ਦਾ ਮਜ਼ਾ ਲੁੱਟਦੇ, ਪਹਾੜਾਂ ਤੇ ਵਾਦੀਆਂ ਦਾ ਲੁਤਫ਼ ਉਠਾਉਂਦੇ। ਅਣਭੋਲ ਸੈਲਾਨੀਆਂ 'ਤੇ ਜਿਉਂ ਹੀ ਅਚਨਚੇਤੀ ਗੋਲੀਆਂ ਦੀਆਂ ਬੁਛਾੜਾਂ ਆਣ ਪਈਆਂ, 'ਕੇਲ ਕਰੇਂਦੇ ਹੰਝ ਨੂੰ ਅਚਿੰਤੇ ਬਾਜ ਪਏ' ਵਾਲੀ ਤੁਕ ਸਾਕਾਰ ਹੋ ਉਠੀ। ਯੋਜਨਾਬੱਧ ਢੰਗ ਨਾਲ ਕੀਤੇ ਇਸ ਆਤੰਕੀ ਹਮਲੇ ਦੀ ਤਿਆਰੀ ਚਿਰਾਂ ਤੋਂ ਕੀਤੀ ਜਾ ਰਹੀ ਸੀ ਭਾਵੇਂ ਸਾਡੀਆਂ ਖ਼ੁਫ਼ੀਆਂ ਏਜੰਸੀਆਂ ਪੂਰੀ ਤਰ੍ਹਾਂ ਅਵੇਸਲੀਆਂ ਹੋਈਆਂ ਬੈਠੀਆਂ ਸਨ। ਬੈਸਰਨ ਦੇ ਇਸ ਸੈਲਾਨੀ-ਸਥਲ 'ਤੇ ਕੋਈ ਸਕਿਓਰਿਟੀ, ਕੋਈ ਬਚਾਅ ਸਾਧਨ ਜਾਂ ਸੁਰੱਖਿਆ ਇੰਤਜ਼ਾਮ ਨਹੀਂ ਸਨ ਜਦੋਂ ਕਿ ਦੋਖੀ ਮਹੀਨਿਆਂ ਤੋਂ ਤਾਕ ਲਾਈ ਸਭ ਕੁੱਝ ਤੱਕ ਰਹੇ ਸਨ। ਐਡੀ ਅਣਗਹਿਲੀ ਮੌਕੇ, ਜਿਵੇਂ ਨਿਰਦੋਸ਼ ਸੈਲਾਨੀ ਫ਼ਿਰਕਾਪ੍ਰਸਤੀ ਤੇ ਕੱਟੜਵਾਦ ਦੀ ਆੜ ਹੇਠ ਗੋਲੀਆਂ ਨਾਲ ਭੁੰਨ ਦਿੱਤੇ ਗਏ ਤਿਵੇਂ ਹੀ ਚਿੱਠੀ ਸਿੰਘਪੁਰਾ (ਅਨੰਤ ਨਾਗ ਲਾਗੇ) ਵਿਖੇ ਵੀ 2000 ਈ. ਦੀ ਰਾਤ ਨੂੰ 36 ਬੇਕਸੂਰ ਭੋਲੇ-ਭਾਲੇ ਸਿੱਖ ਕਤਲ ਕਰ ਦਿੱਤੇ ਗਏ ਸਨ। ਉਦੋਂ ਅਮਰੀਕਾ ਦਾ ਰਾਸ਼ਟਰਪਤੀ (ਬਿੱਲ ਕਲਿੰਟਨ) ਭਾਰਤ ਦੇ ਦੌਰੇ 'ਤੇ ਸੀ ਅਤੇ ਹੁਣ, ਉਸ ਦੇਸ਼ ਦਾ ਉਪ ਰਾਸ਼ਟਰਪਤੀ ਇੱਥੋਂ ਦੀ ਯਾਤਰਾ ਦੇ ਨਜ਼ਾਰੇ ਮਾਣ ਰਿਹਾ ਸੀ। ਜਿੱਥੇ ਪਹਿਲਗਾਮ ਲਾਗੇ ਨਿਹੱਥੇ ਤੇ ਮਾਸੂਮ ਲੋਕਾਂ ਦਾ ਵਹਿਸ਼ੀਆਨਾ ਕਤਲ ਕਰਕੇ ਮਨੁੱਖਤਾ ਸ਼ਰਮਿੰਦੀ ਹੋ ਗਈ ਉੱਥੇ ਪੂਰੇ ਪੱਚੀ ਸਾਲ ਪਹਿਲਾਂ, (2000 ਈਸਵੀ ਵਿੱਚ) ਇਸੇ ਹੀ ਤਰ੍ਹਾਂ, ਆਪਣੇ ਘਰਾਂ ਪਰਿਵਾਰਾਂ ਵਿੱਚ ਬੈਠੇ ਬੇਗੁਨਾਹ ਸਿੱਖਾਂ 'ਤੇ ਠਾਹ-ਠਾਹ ਗੋਲੀਆਂ ਚਲਾ ਕੇ ਬਾਲ ਬੱਚਿਆਂ ਤੇ ਮਾਵਾਂ, ਭੈਣਾਂ ਸਾਹਮਣੇ ਸਾਰੇ ਮਰਦ ਮੈਂਬਰ ਖ਼ਤਮ ਕਰ ਦਿੱਤੇ ਗਏ। ਉਨ੍ਹਾਂ ਦਾ ਕਸੂਰ ਐਨਾ ਹੀ ਸੀ ਕਿ ਉਹ ਇਸ ਦੇਸ਼ ਦੀ ਇੱਜ਼ਤ ਆਬਰੂ ਬਚਾਉਣ ਵਾਲੇ ਗੁਰੂ ਸਾਹਿਬਾਨ ਦੀ ਉੱਮਤ ਸਨ-ਸਿੱਖ ਸਨ (ਜੋ ਦੂਜਿਆਂ ਨੂੰ ਬਚਾਉਣ ਵਾਲੇ ਸਨ) ਉਦੋਂ ਕੋਈ ਹਾਲ ਪਾਹਰਿਆ ਨਹੀਂ ਹੋਈ, ਕਿਸੇ ਨੇ ਐਨਾ ਮਾਤਮ ਵੀ ਨਹੀਂ ਮਨਾਇਆ। ਕਿਸੇ ਨੇ ਪਰਿਵਾਰਾਂ ਨੂੰ ਰੱਜ ਕੇ ਧਰਵਾਸ ਵੀ ਨਹੀਂ ਦਿੱਤਾ। ਇਹ ਇਸ ਦੇਸ਼ ਦੇ ਵਾਸੀਆਂ ਦੀ ਫ਼ਿਤਰਤ ਹੈ ਕਿ ਘੱਟ ਗਿਣਤੀ ਕੌਮ ਦੀ ਪੀੜਾ ਬਹੁਤ ਵਾਰ ਅਣਗੌਲੀ ਜਾਂਦੀ ਹੈ।

ਅਜੋਕੀ ਬੇਇਨਸਾਫ਼ੀ, ਦੁੱਖ-ਦਰਦ ਤੇ ਪੀੜਾ ਦੀ ਗੱਲ ਤੁਰੀ ਹੈ ਤਾਂ ਦਿੱਲੀ ਦੀ ਨਸਲਕੁਸ਼ੀ, ਹੋਂਦ ਚਿੱਲੜ ਤੇ ਪਟੌਦੀ ਦੀ ਬਰਬਾਦੀ ਦਾ ਮੰਜ਼ਰ ਵੀ ਯਾਦ ਆ ਗਿਆ। ਆਪਣੇ ਹੀ ਦੇਸ਼ ਵਿੱਚ, ਆਪਣੀ ਹੀ ਧਰਤੀ 'ਤੇ (ਧਰਤੀ ਵੀ ਉਹ ਜੋ ਉਨ੍ਹਾਂ ਦੇ ਪੁਰਖਿਆਂ ਦੀ ਆਪਣੀ ਖ਼ਰੀਦ ਸੀ ਤੇ ਜਿਸ 'ਤੇ ਪੂਰਾ ਦਿੱਲੀ ਸ਼ਹਿਰ ਵੱਸਿਆ ਹੋਇਆ ਹੈ) ਐਸੀ ਖ਼ੂਨੀ ਹੋਲੀ ਖੇਡੀ ਗਈ ਕਿ ਸ਼ੈਤਾਨ ਵੀ ਮਾਤ ਪੈ ਗਏ। ਮਾਵਾਂ ਦੀਆਂ ਬੇਬਸ ਚੀਕਾਂ ਆਸਮਾਨ ਛਲਣੀ ਕਰਦੀਆਂ, ਬੀਵੀਆਂ ਦੇ ਵੈਣ, ਧੁਰ ਅੰਦਰ ਤੱਕ ਚੀਰਦੇ, ਭੈਣਾਂ ਦੇ ਵਿਰਲਾਪ ਰੂਹ ਕੰਬਾਉਂਦੇ, ਬੇਪੱਤ ਤੇ ਬੇਪਰਦ ਹੁੰਦੀਆਂ ਧੀਆਂ ਭੈਣਾਂ ਦੇ ਹਉਕੇ ਰੱਬ ਨੂੰ ਵੀ ਉਲਾਂਭੇ ਦਿੰਦੇ ਹੋਏ - ਇਹ ਦ੍ਰਿਸ਼ ਸੀ 18 ਸੂਬਿਆਂ ਦੇ ਸੌ ਤੋਂ ਵੱਧ ਸ਼ਹਿਰਾਂ, ਨਗਰਾਂ ਤੇ ਕਸਬਿਆਂ ਦਾ ਜ਼ਿਕਰ । ਭਾਵੇਂ ਦਿੱਲੀ ਦਾ ਹੀ ਹੁੰਦਾ ਆਇਆ ਹੈ ਪਰ ਕਿੰਨੀਆਂ ਕੁ ਹੋਰ ਧਰਤੀਆਂ ਸਨ ਜਿੱਥੇ ਸਿੱਖਾਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਖ਼ਤਮ ਕਰ ਦਿੱਤੀਆਂ ਗਈਆਂ। ਜਿਸ ਨੂੰ ਤੱਕ ਕੇ ਹਰ ਸੁਹਿਰਦ, ਸੰਵੇਦਨਸ਼ੀਲ ਤੇ ਅਮਨ ਪਸੰਦ ਸ਼ਹਿਰੀ ਸ਼ਰਮਸਾਰ ਹੋਏ, ਮਰਣਹਾਕੇ ਹੋਏ। ਵੱਡੇ ਦਰੱਖ਼ਤ ਦੇ ਡਿੱਗਣ ਨਾਲ ਧਰਤੀ ਅਜਿਹੀ ਕੰਬੀ ਕਿ ਉਸ ਨੇ ਜਾਂਬਾਜ਼, ਬਹਾਦਰ, ਸਮਰਪਿਤ, ਸਿਦਕੀ ਤੇ ਸਿਰੜੀ ਸਿੱਖ ਕੌਮ ਦਾ ਖੁਰਾ-ਖੋਜ ਮਿਟਾ ਦੇਣ ਦਾ ਤਹੱਈਆ ਕਰ ਲਿਆ।

ਦਰਅਸਲ, ਜੂਨ ਚੌਰਾਸੀ ਦਾ ਸਿੱਖੀ ਦੇ ਮੱਕੇ 'ਤੇ ਹਥਿਆਰਬੰਦ ਹਮਲਾ ਇਕ ਅਜਿਹਾ ਅਮਲ ਸੀ ਜਿਸ ਨੇ ਨਾਨਕ ਵੰਸ਼ੀਆਂ ਨੂੰ ਗਹਿਰੇ ਤੇ ਅਭੁੱਲ ਜ਼ਖ਼ਮ ਦਿੱਤੇ। ਵਿਦੇਸ਼ੀ ਤਾਕਤਾਂ ਦੀ ਮੱਦਦ ਨਾਲ, ਸਿੱਖੀ ਨੂੰ ਤਹਿਸ-ਨਹਿਸ ਕਰਨ ਦੀ ਜੁਰਅਤ, ਦਰਬਾਰ ਸਾਹਿਬ ਦੇ ਮਾਡਲ ਬਣਾ-ਬਣਾ ਕੇ ਹਮਲਾ ਕਰਨ ਦੀਆਂ ਦੂਰ ਦੁਰਾਡੀਆਂ ਰਿਹਰਸਲਾਂ (ਜੋ ਬਾਅਦ ਵਿੱਚ ਜੱਗ ਜ਼ਾਹਿਰ ਹੋਈਆਂ)। ਤੱਤਕਾਲੀ ਪ੍ਰਧਾਨ ਮੰਤਰੀ ਵੱਲੋਂ ਬਰਪਾਇਆ ਅਜਿਹਾ ਕਹਿਰ ਸੀ ਜਿਸ ਦੀ ਦੇਸ਼ ਭਗਤ ਸਿੱਖ ਕੌਮ ਕਦੇ ਕਲਪਨਾ ਵੀ ਨਹੀਂ ਸੀ ਕਰ ਸਕਦੀ। ਆਪਣੇ ਗੁਰਧਾਮਾਂ ਦੀ ਰਾਖੀ ਕਰਦੇ ਮਰਜੀਵੜਿਆਂ ਨੇ ਕਈ ਦਿਨਾਂ ਤੱਕ ਫ਼ੌਜੀ ਹਮਲੇ ਨੂੰ ਠੱਲ੍ਹੀ ਹੀ ਨਹੀਂ ਰੱਖਿਆ ਬਲਕਿ ਅਣਕਿਆਸਿਆਂ ਮੁਕਾਬਲਾ ਵੀ ਕੀਤਾ। ਗੁਰੂ ਪਾਤਿਸ਼ਾਹੀਆਂ ਦੇ ਵਰੋਸਾਏ ਇਸ ਮੁਕੱਦਸ ਸਥੱਲ ਦੀ ਬਰਬਾਦੀ, ਖ਼ਰਾਬੀ, ਹੱਤਕ, ਨੁਕਸਾਨ ਅਤੇ ਜ਼ਾਲਮਾਨਾ ਕਾਰਵਾਈ ਨੇ ਸਮੁੱਚੀ ਸਿੱਖ ਕੌਮ ਨੂੰ ਛਲਣੀ-ਛਲਣੀ ਕਰ ਦਿੱਤਾ ਤੇ ਇਹੀ ਭਾਵਨਾ ਸਮਕਾਲੀ ਪ੍ਰਧਾਨ ਮੰਤਰੀ ਦੇ ਦੋ ਸਿੱਖ ਅੰਗ ਰੱਖਿਅਕਾਂ ਅੰਦਰ ਵੀ ਘਰ ਕਰ ਗਈ ਜਿਨ੍ਹਾਂ ਨੇ ਆਪਣੀ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ, ਬਦਲੇ ਦੀ ਕਾਰਵਾਈ ਕਰਦਿਆਂ ਉਸ ਨੂੰ ਮਾਰ ਮੁਕਾਇਆ। ਇੱਥੋਂ ਹੀ ਮੁੜ ਸ਼ੁਰੂ ਹੋਇਆ 31 ਅਕਤੂਬਰ ਤੋਂ 6 ਨਵੰਬਰ ਤੱਕ ਦਾ ਹੌਲਨਾਕ ਸਫ਼ਰ। ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਇਕਤਰਫ਼ਾ ਕਤਲ ਤੇ ਬਰਬਾਦੀ।

ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ, ਇਸ ਕਤਲ ਕਾਂਡ ਦੇ ਜ਼ਾਲਮਾਂ, ਜਨੂਨੀਆਂ, ਗੁੰਡਿਆਂ ਤੇ ਧਾਕੜਾਂ ਨੂੰ ਨੱਥ ਨਹੀਂ ਪਾਈ ਜਾ ਸਕੀ। ਗੁੱਸੇ, ਪੀੜਾ, ਰੰਜਿਸ਼, ਦੁੱਖ, ਦਰਦ, ਬੇਇਨਸਾਫ਼ੀ ਤੇ ਇਸ ਜ਼ਿਆਦਤੀ ਨਾਲ ਅੱਜ ਤੱਕ ਸਮੁੱਚੀ ਕੌਮ ਉੱਬਲ ਰਹੀ ਹੈ। ਮਨੁੱਖਤਾ ਦੇ ਇਤਿਹਾਸ ਦਾ ਸਿਆਹ ਪੰਨਾ ਬਣ ਚੁੱਕਾ ਇਸ ਕਤਲੇਆਮ ਦਾ ਕਹਿਰ ਅਜਿਹਾ ਕਿ ਪੂਰੇ 33

ਸਾਲ ਦੇਸ਼ ਦੀ ਸਰਵਉੱਚ ਅਦਾਲਤ ਨੇ ਇਸ ਦਾ ਨੋਟਿਸ ਤੱਕ ਨਹੀਂ ਲਿਆ ਜਦੋਂ ਕਿ ਕਾਂਗਰਸ ਦੇ ਗੁੰਡੇ ਲੀਡਰਾਂ ਨੇ ਪੂਰੀ ਵਿਉਂਤ ਨਾਲ ਵੋਟਰ ਸੂਚੀਆਂ ਹੱਥਾਂ ਵਿੱਚ ਫੜ ਕੇ ਸਿੱਖ ਬਸਤੀਆਂ, ਕਾਰੋਬਾਰਾਂ, ਦੁਕਾਨਾਂ, ਮਕਾਨਾਂ ਤੇ ਹੋਰ ਟਿਕਾਣਿਆਂ ਨੂੰ ਅੱਗਾਂ ਲਾਉਣ, ਰਾਡਾਂ ਨਾਲ ਹਮਲੇ ਕਰਨ ਤੇ ਜਲਦੇ ਬਲਦੇ ਟਾਇਰ ਨੌਜਵਾਨਾਂ ਤੇ ਬੁੱਢਿਆਂ ਦੇ ਗਲੇ ਵਿੱਚ ਪਾ ਕੇ ਹਜ਼ਾਰਾਂ-ਹਜ਼ਾਰਾਂ ਸਿੱਖਾਂ ਨੂੰ ਭਿਅੰਕਰ ਮੌਤ ਦਿੱਤੀ। ਗੁਰਦੁਆਰੇ ਅੱਗ ਦੇ ਹਵਾਲੇ ਕਰ ਦਿੱਤੇ ਗਏ। ਇੱਥੋਂ ਤੱਕ ਕਿ ਵੱਕਾਰੀ, ਸਮ੍ਰਿੱਧ, ਮਸ਼ਹੂਰ, ਜਾਣੇ ਮਾਨੇ ਅਤੇ ਅਸਰ ਰਸੂਖਦਾਰ ਵੀ ਬਚ ਨਾ ਸਕੇ - ਨਾ ਖ਼ੁਸ਼ਵੰਤ ਸਿੰਘ, ਨਾ ਡਾ. ਇੰਦਰਜੀਤ ਸਿੰਘ, ਨਾ ਕੈਂਪਾਂ ਕੋਲਾ ਵਾਲੇ ਸ੍ਰ. ਚਰਨਜੀਤ ਸਿੰਘ ਅਤੇ ਨਾ ਕੋਈ ਹੋਰ ਪਹੁੰਚ ਵਾਲਾ ਸਖਸ਼। ਵਿਦੇਸ਼ੀ ਐਮਬੈਸੀਆਂ ਵਿੱਚ ਜਾ-ਜਾ ਕੇ ਜਾਨ ਬਚਾਉਣ ਵਾਲੇ ਕੀ ਸੱਜਣ ਕੁਮਾਰ, ਟਾਇਟਲਰ, ਐਚ.ਐਲ.ਕੇ. ਭਗਤ, ਕਮਲ ਨਾਥ ਤੇ ਹੋਰ ਗੁੰਡਿਆਂ ਦੀਆਂ ਕਰਤੂਤਾਂ ਨੂੰ ਭੁੱਲ ਸਕਦੇ ਹਨ। ਜਿਨ੍ਹਾਂ ਨੇ ਲੁਟੇਰਿਆਂ ਦੀ ਅਗਵਾਈ ਕੀਤੀ ਸੀ। ਅੱਜ ਕਾਂਗਰਸ ਜੇ ਹਾਸ਼ੀਏ ਤੇ ਗਈ ਹੈ, ਉਸ ਦੀ ਜੇ ਕੋਈ ਪੁੱਛ-ਗਿੱਛ ਨਹੀਂ ਰਹੀ ਤਾਂ ਇਸ ਸਭ ਕੁਝ ਦੇ ਪਿਛੋਕੜ ਵਿੱਚ ਉਹੀ ਨਰਸੰਹਾਰ ਹੈ ਜੋ 1984 ਦੇ ਨਵੰਬਰ ਵਿੱਚ ਇਨ੍ਹਾਂ ਨੇ ਬਰਪਾਇਆ ਸੀ ਤੇ ਇਨ੍ਹਾਂ ਸ਼ੈਤਾਨ ਆਗੂਆਂ ਨੂੰ ਵੱਡੇ-ਵੱਡੇ ਵੱਕਾਰੀ ਅਹੁਦੇ ਬਖਸ਼ੇ ਜਾਂਦੇ ਰਹੇ, ਆਹਲਾ ਕਮੇਟੀਆਂ ਵਿੱਚ ਪਾਇਆ ਗਿਆ ਤੇ ਕਿਤੇ ਵੀ ਕਾਨੂੰਨ ਦੀ ਜ਼ਦ ਵਿੱਚ ਨਾ ਲਿਆਂਦਾ ਗਿਆ। ਅੱਜ ਵੀ ਦੇਸ਼ ਤੋਂ ਸਭ ਕੁੱਝ ਨਿਛਾਵਰ ਕਰ ਦੇਣ ਵਾਲੇ ਸਿੱਖ ਕੌਮ ਦੇ ਮਨ ਵਿੱਚ ਇਹ ਸਵਾਲ ਵਾਰ-ਵਾਰ ਉੱਠ ਰਿਹਾ ਹੈ ਕਿ ਕੋਈ ਦੇਸ਼ ਆਪਣੇ ਹੀ ਇਕ ਅਹਿਮ ਸੂਬੇ (ਪੰਜਾਬ, ਸਿੰਧ, ਗੁਜਰਾਤ ਮਰਾਠਾ...) ਤੇ ਅਜਿਹੀ ਫ਼ੌਜੀ ਚੜ੍ਹਾਈ ਕਿਵੇਂ ਕਰ ਸਕਦਾ ਹੈ? ਤਾਂ ਹੀ ਇਹ ਦਰਦ ਘਟਣ ਦਾ ਕਦੇ ਨਾਂ ਨਹੀਂ ਲੈਂਦੇ। ਇਹ ਹਉਕੇ ਘਟਦੇ ਨਹੀਂ। ਇਹ ਜ਼ਖ਼ਮ ਹਰ ਜੂਨ ਵਿੱਚ ਮੁੜ-ਮੁੜ ਉੱਚੜ ਜਾਂਦੇ ਹਨ। ਚਾਲੀ ਸਾਲ ਦਾ ਲੰਮਾ ਸਮਾਂ ਇਸ ਨਾਸੂਰ ਨੂੰ ਠੀਕ ਨਹੀਂ ਕਰ ਸਕਿਆ ਕਿਉਂਕਿ ਦੋਸ਼ੀਆਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਇੱਥੇ ਮੈਨੂੰ ੱ.ਝ. ਕਿਬਓਰ (ਨਿਦਓਿ, ਟਹਏ ਚੲਓਸੲ ੱਟਿਹਨਿ) ਦੀ ਇਹ ਗੱਲ ਵਜ਼ਨਦਾਰ ਜਾਪਦੀ ਹੈ ਕਿ 'ਮਹਾਤਮਾ ਗਾਂਧੀ ਦੇ ਕਤਲ ਨੇ ਦੇਸ਼ ਨੂੰ ਫ਼ਿਰਕੂ ਪਾਗਲਪਨ ਵਿੱਚੋਂ ਬਾਹਰ ਧੱਕ ਦਿੱਤਾ ਸੀ। ਸੰਭਵ ਹੈ ਕਿ ਇੰਦਰਾ ਗਾਂਧੀ ਦਾ ਦੋ ਸਿੱਖਾਂ ਰਾਹੀਂ ਕਤਲ, ਹਰਿਮੰਦਰ ਸਾਹਿਬ ਦੇ ਹਮਲੇ 'ਤੇ ਰੋਹ ਨਾਲ ਭਰੇ ਸਿੱਖ ਭਾਈਚਾਰੇ ਨੂੰ ਇਸ ਗੁੱਸੇ ਤੋਂ ਮੁਕਤ ਕਰ ਦਿੰਦਾ ਪਰ ਦਿੱਲੀ ਦੇ ਦੰਗਿਆਂ ਨੇ ਇਸ ਆਸ 'ਤੇ ਪਾਣੀ ਫੇਰ ਦਿੱਤਾ।'

ਨਿਰਸੰਦੇਹ, ਸਾਕਾ ਨੀਲਾ ਤਾਰਾ ਨੇ ਸਾਨੂੰ ਅਕਹਿ ਤੇ ਅਸਹਿ ਜ਼ਖ਼ਮ ਦਿੱਤੇ ਕਿਉਂਕਿ ਜਿਸ ਪਾਤਿਸ਼ਾਹ ਨੂੰ 'ਯਾਸਾ' ਦੀ ਸਜ਼ਾ ਅਧੀਨ, ਤਸੀਹੇ ਦੇ ਦੇ ਕੇ ਲਾਹੌਰ ਸ਼ਹੀਦ ਕੀਤਾ ਗਿਆ ਸੀ, ਉਨ੍ਹਾਂ ਦੇ ਹੀ ਸ਼ਹੀਦੀ ਦਿਹਾੜੇ ਮੌਕੇ, ਗੁਰਦੁਆਰਿਆਂ ਤੇ ਫ਼ੌਜੀ ਹਮਲੇ ਦੀ ਯੋਜਨਾ ਬਣਾਈ ਗਈ ਤਾਂ ਜੋ ਨੁਕਸਾਨ 'ਤੇ ਮੌਤਾਂ ਵੱਧ ਤੋਂ ਵੱਧ ਹੋਣ। ਛਬੀਲਾਂ ਦੀ ਰੁੱਤੇ ਪਾਣੀ ਤੋਂ ਤਰਸਾ-ਤਰਸਾ ਕੇ ਸੰਗਤਾਂ ਨੂੰ ਮਾਰ ਮੁਕਾਉਣ ਵਾਲੇ ਕੀ ਸਾਡੇ ਦੇਸ਼ ਦੇ ਹੀ ਲੋਕ ਸਨ? ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਤੇ 38 ਹੋਰ ਗੁਰਦੁਆਰਿਆਂ ਨੂੰ ਢਹਿ-ਢੇਰੀ ਕਰਕੇ, ਸਾਡੇ ਖ਼ੂਨ ਦੇ ਪਿਆਸੇ, ਸਾਡੇ ਦੁਸ਼ਮਣ ਕਿੰਨੇ ਕੁ ਭਿੰਡਰਾਂ ਵਾਲੇ ਢੂੰਡ ਰਹੇ ਸਨ? ਗੁਰਧਾਮਾਂ ਦੀ ਬੇਅਦਬੀ ਕੌਣ ਵਿਸਾਰ ਸਕਦੈ। ਬੀ.ਬੀ.ਸੀ. (ਕਦੇ ਦੁਨੀਆਂ ਦਾ ਸਭ ਤੋਂ ਵੱਧ ਭਰੋਸੇਯੋਗ ਮੀਡੀਆ) ਦੇ ਪੱਤਰਕਾਰ ਮਾਰਕ ਟਲੀ ਤੇ ਸਤੀਸ਼ ਜੈਕਬ (ਜਿਨਾਂ ਨੇ ਇਸ ਬਾਰੇ ਕਿਤਾਬ ਵੀ ਲਿਖੀ ਹੈ) ਓਦੋਂ ਵੀ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹਦੇ ਰਹੇ ਹਨ। ਸਵਾਲ ਪੈਦਾ ਹੁੰਦੈ ਕਿ ਜੇ ਕਸ਼ਮੀਰੀ ਅਤਿਵਾਦੀਆਂ ਨੂੰ ਫੜਣ ਲਈ, ਬਿਜਲੀ, ਪਾਣੀ, ਰਾਸ਼ਨ ਆਦਿ ਸਭ ਕੁਝ ਬੰਦ ਕਰਕੇ ਤੇ ਨਿਰੰਤਰ ਘੇਰਾ ਘੱਤ ਕੇ, ਇਹ ਤਰਕੀਬ ਵਰਤੀ ਗਈ ਤਾਂ ਫਿਰ ਸਾਡੇ ਪਵਿੱਤਰ ਅਸਥਾਨਾਂ ਦੀ ਬਰਬਾਦੀ ਕਿਉਂ ਕੀਤੀ ਗਈ? ਬੇਸ਼ੱਕ ਇਹ ਸੱਚ ਦੇ ਪੈਗਾਮ ਅਤੇ ਸਰਬ ਸਾਂਝੇ ਉਪਦੇਸ਼ਾਂ ਨੂੰ ਬੰਦ ਕਰਨ ਲਈ ਹੀ ਕੀਤੀ ਗਈ ਕਾਰਵਾਈ ਸੀ। ਪਰ

ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ
ਜਿਓਂ ਜਿਓਂ ਮਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

ਇਕ ਹੋਰ ਸਿਤਮਜ਼ਰੀਫੀ ਦੇਖੋ। ਭਾਰਤੀ ਫ਼ੌਜਾਂ ਦਾ ਸੁਪਰੀਮ ਕਮਾਂਡਰ ਹੋਵੇ ਰਾਸ਼ਟਰਪਤੀ ਪਰ ਉਸ ਨੂੰ ਇਸ ਫ਼ੌਜੀ ਹਮਲੇ ਦੀ ਕਨਸੋਅ ਤੱਕ ਨਾ ਲੱਗਣ ਦਿੱਤੀ ਗਈ ਹੋਵੇ ਤੇ ਫਿਰ ਉਹ ਸ਼ਖਸ ਇਕ ਸਿੱਖ ਵੀ ਹੋਵੇ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਚਾਰਕ ਰਹਿ ਚੁੱਕਾ ਹੋਵੇ। ਹਮਲੇ ਉਪਰੰਤ ਖ਼ੂਨ ਭਿੱਜੇ ਇਸ ਇਲਾਹੀ ਸਥੱਲ ਨੂੰ ਤੱਕ ਕੇ ਖ਼ੂਨ ਦੇ ਹੰਝੂ ਵਹਾਉਣ ਵਾਲਾ ਸਾਡਾ ਇਹ ਰਾਸ਼ਟਰਪਤੀ ਭਲੀ ਭਾਂਤ ਉਸ ਕਪਟੀ, ਕਮੀਨੀ, ਆਪਹੁਦਰੀ, ਬੇਰਹਿਮ ਤੇ ਜ਼ਾਲਮ ਪ੍ਰਧਾਨ ਮੰਤਰੀ ਦੀ ਮਨਸ਼ਾ ਤੇ ਕਰਤੂਤ ਸਮਝ ਗਿਆ ਸੀ। ਇਸ ਫ਼ੌਜੀ ਹਮਲੇ ਨਾਲ ਜਿੱਥੇ ਕਰੋੜਾਂ ਮਾਨਵਤਾਵਾਦੀਆਂ ਦੇ ਹਿਰਦੇ ਵਲੂੰਧਰੇ ਗਏ ਸਨ ਓਥੇ ਫ਼ੌਜ ਵਿੱਚ ਕਾਰਜਸ਼ੀਲ ਸਿੱਖ ਫ਼ੌਜੀ ਵੀ ਆਪਣੀਆਂ ਬੈਰਕਾਂ ਛੱਡ ਕੇ ਪੰਜਾਬ ਨੂੰ ਤੁਰ ਪਏ ਸਨ। ਕੁੱਝ ਰਾਹ ਵਿੱਚ ਮਾਰ ਦਿੱਤੇ ਗਏ, ਕੁਝ ਫੜ ਲਏ ਗਏ ਤੇ ਕੁਝ ਸ੍ਰੀ ਅੰਮ੍ਰਿਤਸਰ ਪਹੁੰਚਣ ਵਿੱਚ ਕਾਮਯਾਬ ਹੋ ਗਏ। ਇਹ ਧਰਮੀ ਫ਼ੌਜੀ, ਨੌਕਰੀਓਂ ਕੱਢ ਦਿੱਤੇ ਗਏ ਪਰ ਇਨ੍ਹਾਂ ਦੀ ਬਾਂਹ ਸਪੋਕਸਮੈਨ ਤੋਂ ਬਿਨਾਂ ਕਿਸੇ ਨੇ ਵੀ ਨਹੀਂ ਫੜੀ।

ਗੋਲੀਆਂ ਨਾਲ ਤਾਂ ਦੇਸ਼ ਦਾ ਬਾਪੂ ਵੀ ਭੁੰਨ ਦਿੱਤਾ ਗਿਆ ਸੀ ਪਰ ਉਦੋਂ ਅਕਤੂਬਰ/ਨਵੰਬਰ ਵਰਗੇ ਸੁਨਿਸ਼ਚਿਤ ਕਤਲੇਆਮ (ਨਸਲਕੁਸ਼ੀ) ਕਿਤੇ ਨਹੀਂ ਹੋਏ। ਇਕੱਲੀ ਦਿੱਲੀ ਦੀ ਗੱਲ ਚੱਲਦੀ ਤੇ ਮੁੱਕ ਜਾਂਦੀ ਹੈ ਪਰ 110 ਸ਼ਹਿਰਾਂ 'ਤੇ ਕਸਬਿਆਂ ਵਿੱਚ ਭੁੰਨ-ਭੁੰਨ ਕੇ ਮਾਰੇ ਸਿੱਖਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਹਿੰਦੂ ਅਖ਼ਬਾਰ ਨੇ ਇਸ ਨੂੰ ਘਰੁਏਸੋਮੲ ਟੳਲੲੱਡ ਸੲਸਟੲਮਚਿ ਡੲਲਿਰੲ ਕਿਹਾ ਸੀ ਕਿਉਂਕਿ ਕੱਟੜ ਪ੍ਰਸਤਾਂ ਤੇ ਵਹਿਸ਼ੀਆਂ ਨੇ ਹਰ ਥਾਂ ਕਹਿਰ ਕਮਾਇਆ ਸੀ। ਦਿੱਲੀ, ਕਾਨਪੁਰ, ਬਕਾਰ, ਮਹੀਪਾਲਪੁਰ ਅਤੇ ਦੂਸਰੇ ਥਾਵਾਂ ਤੇ ਭਾਵੇਂ ਹਜ਼ਾਰਾਂ-ਹਜ਼ਾਰਾਂ ਬੇਕਸੂਰ ਲੋਕ ਬੇਰਹਿਮੀ ਨਾਲ ਮਾਰ ਦਿੱਤੇ ਗਏ ਸਨ ਪਰ ਹੋਂਦ ਚਿੱਲੜ ਅਤੇ ਪਟੌਦੀ ਦੇ ਸਰਬਨਾਸ਼ ਦਾ ਜ਼ਿਕਰ 2011 ਤੱਕ ਦੱਬਿਆ ਹੀ ਰਿਹਾ। ਇਹ ਉਦੋਂ ਜੱਗ ਜ਼ਾਹਿਰ ਹੋਇਆ ਜਦੋਂ ਇਕ ਸਿੱਖ ਅਫ਼ਸਰ ਨੌਕਰੀ ਦੀ ਬਦਲੀ ਦੌਰਾਨ ਹੋਂਦ ਚਿੱਲੜ ਵਾਲੇ ਇਲਾਕੇ ਵੱਲ ਗਿਆ। ਉਥੋਂ ਦੇ ਥੇਹ ਅਤੇ ਸੜੇ ਗੁਰਦੁਆਰੇ ਦੇ ਨਿਸ਼ਾਨ ਦੇਖ ਕੇ ਉਸ ਨੂੰ ਕੁਝ ਹੋਰ ਬਸ਼ਿੰਦਿਆਂ ਨੇ ਪੂਰੀ ਸੱਚਾਈ ਦੱਸੀ। ਅੱਜ ਹੋਂਦ ਚਿੱਲੜ ਤੇ ਪਟੌਦੀ ਦੇ 32 ਅਤੇ 47 ਸਿੱਖਾਂ ਦੇ ਕਤਲ ਦਾ ਮੁਕੱਦਮਾ ਸ੍ਰ. ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿੱਚ ਲੜਿਆ ਜਾ ਰਿਹਾ ਹੈ। ਭਾਈ ਘੋਲੀਆਂ ਨੇ 133 ਪਟੀਸ਼ਨਾਂ ਦਰਜ ਕਰਵਾਈਆਂ ਹਨ ਜੋ ਇਸ ਨਸਲਕੁਸ਼ੀ ਵਿਰੁੱਧ ਇਨਸਾਫ਼ ਦੀ ਲੜੀ ਜਾ ਰਹੀ ਲੜਾਈ ਦਾ ਹਿੱਸਾ ਹਨ। ਉਹ ਇਸ ਨਸਲਕੁਸ਼ੀ ਦੀ ਲੰਮੀ ਲੜਾਈ ਅੰਜਾਮ ਤੱਕ ਲਿਜਾਣ ਲਈ ਬਜਿਦ ਹਨ। ਹਿਟਲਰ ਵੱਲੋਂ ਯਹੂਦੀਆਂ 'ਤੇ ਕੀਤੇ ਅੰਨ੍ਹੇਵਾਹ ਤਸ਼ੱਦਦ ਨੂੰ ਵੀ ਮਾਤ ਪਾਉਂਦੇ ਇਹ ਇਕਤਰਫ਼ਾ ਕਤਲ ਦੇਸ਼ ਦੀ ਸਾਖ 'ਤੇ ਵੀ ਧੱਬਾ ਹਨ ਤੇ ਕਾਂਗਰਸ ਦੇ ਪਤਨ ਦਾ ਕਾਰਨ ਵੀ ਜਿਨ੍ਹਾਂ ਨੇ ਦੇਸ਼ ਦੀ ਸਭ ਤੋਂ ਘੱਟ ਗਿਣਤੀ ਵਾਲੀ ਜੁਝਾਰੂ ਸਿੱਖ ਕੌਮ ਦੀਆਂ ਸਭ ਤੋਂ ਵੱਧ ਕੁਰਬਾਨੀਆਂ ਨੂੰ ਭੁਲਾ ਕੇ ਉਨ੍ਹਾਂ ਨੂੰ ਨਾ ਭਰਨ ਵਾਲੇ ਜ਼ਖ਼ਮ ਦਿੱਤੇ ਹਨ। ਇਹ ਭਾਰਤ ਦੇ ਇਤਿਹਾਸ ਦਾ ਕਾਲਾ ਦੌਰ ਕਿਹਾ ਜਾਵੇਗਾ। ਭਾਵੇਂ ਮੌਜੂਦਾ ਸਰਕਾਰ ਨੇ ਨਵੇਂ ਹੈਰਾਨੀ ਤੇ ਸਿਰੇ ਤੋਂ ਕਮਿਸ਼ਨ ਬਿਠਾ ਕੇ, ਇਨਸਾਫ਼ ਦੇ ਦਰਵਾਜ਼ੇ ਦੋਬਾਰਾ ਖੋਲ੍ਹੇ ਹਨ ਪਰ ਦੁਖ ਦੀ ਗੱਲ ਹੈ ਕਿ 33 ਸਾਲ, ਸੁਪਰੀਮ ਕੋਰਟ ਵੀ ਇਸ ਕਤਲੇਆਮ ਦਾ ਕੇਸ ਦਰਜ ਨਾ ਕਰੇ ਤੇ ਕੋਈ ਕਾਰਵਾਈ ਅੱਗੇ ਨਾ ਤੁਰੇ, ਇਹ ਸੁਪ੍ਰਸਿੱਧ ਵਕੀਲ ਫੂਲਕਾ ਦੀ ਪ੍ਰੈਸ ਵਾਰਤਾ 'ਚ ਕਿਹਾ ਗਿਆ ਸੀ। ਮਨੁੱਖਤਾ ਦਾ ਕਤਲ ਦੁਨੀਆਂ ਦਾ ਸਭ ਤੋਂ ਵੱਡਾ ਗੁਨਾਹ ਹੈ ਉਹ ਭਾਵੇਂ ਦਿੱਲੀ 'ਚ ਹੋਵੇ ਜਾਂ ਕਸ਼ਮੀਰ ਵਿੱਚ। ਅੰਤ ਵਿੱਚ ਮੈਂ, ਇਸ ਵਿਚਾਰ-ਚਰਚਾ ਨੂੰ ਇਨ੍ਹਾਂ ਸਤਰਾਂ ਨਾਲ ਸਮੇਟਣਾ ਚਾਹਾਂਗੀ ਕਿ

ਅੰਬਰ ਕਾਲਾ ਕਿਤ ਬਿਧ ਹੋਆ, ਅਸਾਂ ਦਰਦਮੰਦਾਂ ਦੀ ਆਹੀ।

# ਆਓ ਸਿੱਖ ਕੌਮ ਦੇ ਪਹਿਲੇ ਸ਼ਹੀਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਬਾਰੇ ਜਾਣੀਏ

ਪੁਨੀਤ ਕੌਰ

ਗੁਰੂ ਅਰਜਨ ਸਾਹਿਬ ਜੀ ਇੱਕ ਐਸੀ ਸ਼ਖ਼ਸੀਅਤ ਹਨ, ਜਿਨ੍ਹਾਂ ਦੇ ਨਾਲ ਪਹਿਲੀ ਵਾਰ ਸ਼ਹੀਦ ਸ਼ਬਦ ਲੱਗਾ ਹੈ। ਅਸੀਂ ਜਦੋਂ ਵੀ ਉਨ੍ਹਾਂ ਬਾਰੇ ਗੱਲ ਕਰਦੇ ਹਾਂ ਤਾਂ ਅਸੀਂ ਕਹਿੰਦੇ ਹਾਂ ਸ਼ਹੀਦਾਂ ਦੇ ਸਿਰਤਾਜ। ਦੁਨੀਆ ਦੇ ਧਾਰਮਿਕ ਜਗਤ ਵਿੱਚ ਜਿੰਨੇ ਵੀ ਲੋਕਾਂ ਦੇ ਨਾਲ ਸ਼ਹੀਦ ਸ਼ਬਦ ਲੱਗਦਾ ਹੈ, ਉਨ੍ਹਾਂ ਦੇ ਕੋਲ ਜ਼ਿੰਦਗੀ ਜਿਊਣ ਦਾ ਕੋਈ ਦਰਵਾਜ਼ਾ ਨਹੀਂ ਹੁੰਦਾ। ਉਹਨਾਂ ਦੇ ਵਾਸਤੇ ਸ਼ਹਾਦਤ (Martyrs) ਬਸ ਕਤਲ ਦਾ ਇੱਕ ਫਤਵਾ ਹੁੰਦਾ ਸੀ। ਜ਼ਿੰਦਗੀ ਜਿਊਣ ਦਾ ਇੱਕ ਖੁੱਲ੍ਹਾ ਦਰਵਾਜ਼ਾ ਸਿੱਖ ਕੌਮ ਦੇ ਧਾਰਮਿਕ ਜਗਤ ਵਿੱਚ ਪਹਿਲੇ ਸ਼ਹੀਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਮਿਲਿਆ, ਜਿਨ੍ਹਾਂ ਨੇ ਜ਼ਿੰਦਗੀ ਨੂੰ ਨਕਾਰ ਕੇ ਮੌਤ ਨੂੰ ਸਵੀਕਾਰ ਕੀਤਾ ਸੀ। ਇਸ ਲਈ ਅਸੀਂ ਗੁਰੂ ਸਾਹਿਬ ਨੂੰ ਸ਼ਹੀਦਾਂ ਦੇ ਸਿਰਤਾਜ ਕਹਿੰਦੇ ਹਾਂ।

ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ 1563 ਈਸਵੀ ਨੂੰ ਹੋਇਆ। ਗੁਰੂ ਅਰਜਨ ਸਾਹਿਬ ਜੀ ਨੇ ਬਚਪਨ ਦੇ ਮੁੱਢਲੇ 11 ਸਾਲ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਹੇਠ ਗੁਜ਼ਾਰੇ। ਆਪ ਗੁਰੂ ਅਮਰਦਾਸ ਸਾਹਿਬ ਜੀ ਦੀ ਗੋਦ ਵਿੱਚ ਅਕਸਰ ਖੇਡਦੇ ਸਨ ਤੇ ਗੁਰੂ ਅਮਰਦਾਸ ਸਾਹਿਬ ਜੀ ਦੀ ਅਸੀਸ ਅਕਸਰ ਆਪ ਜੀ ਨੂੰ ਨਸੀਬ ਹੁੰਦੀ। ਗੁਰੂ ਅਰਜਨ ਸਾਹਿਬ ਜੀ ਦਾ ਵਿਆਹ ਫਿਲੌਰ ਤਹਿਸੀਲ ਦੇ ਵਸਨੀਕ ਕਿਸ਼ਨ ਚੰਦ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ। ਵਿਆਹ ਸਮੇਂ ਉਹਨਾਂ ਦੀ ਉਮਰ ਲਗਭਗ 16 ਸਾਲ ਸੀ। ਮਾਤਾ ਗੰਗਾ ਜੀ ਦੀ ਕੁੱਖੋਂ ਛੇਵੇਂ ਗੁਰੂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਰਾਮਦਾਸ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੋਇੰਦਵਾਲ ਸਾਹਿਬ ਵਿਖੇ ਬਾਬਾ ਬੁੱਢਾ ਜੀ ਹੱਥੋਂ 1 ਸਤੰਬਰ, 1581 ਨੂੰ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ। ਗੁਰਿਆਈ ਮਿਲਣ ਸਮੇਂ ਗੁਰੂ ਅਰਜਨ ਸਾਹਿਬ ਜੀ ਦੀ ਉਮਰ 18 ਸਾਲ ਦੀ ਸੀ।

ਸ੍ਰੀ ਦਰਬਾਰ ਸਾਹਿਬ ਜੀ ਗੁਰੂ ਅਰਜਨ ਸਾਹਿਬ ਜੀ ਦੀ ਮਹਾਨ ਦੇਣ ਹੈ। ਆਪ ਜੀ ਨੇ ਕਰਤਾਰਪੁਰ ਸਾਹਿਬ ਵਸਾਇਆ ਅਤੇ ਉੱਥੇ ਸੱਚਖੰਡ ਦਾ ਮਹਾਨ ਪ੍ਰਵਾਹ ਚਲਾਇਆ। ਸੰਗੀਤ ਤੇ ਕਵਿਤਾ ਆਪ ਜੀ ਦੇ ਰੋਮ-ਰੋਮ ਵਿੱਚ ਸਮਾਈ ਹੋਈ ਹੈ। ਕੀਰਤਨ ਦੇ ਆਪ ਜੀ ਇੰਨੇ ਆਸ਼ਕ ਸਨ ਕਿ ਕੀਰਤਨ ਤੋਂ ਬਿਨਾਂ ਆਪ ਰਹਿ ਹੀ ਨਹੀਂ ਸਕਦੇ ਸੀ। ਇੱਕ ਵਾਰ ਜਦ ਸੱਤੇ ਤੇ ਬਲਵੰਡ ਨੇ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਆਪ ਜੀ ਖੁਦ ਹੀ ਸਾਰੰਦਾ ਲੈ ਕੇ ਝੂਮ-ਝੂਮ ਕੇ ਅਨੰਦਮਈ ਰੂਪ ਵਿੱਚ ਕੀਰਤਨ ਕਰਨ ਲੱਗ ਪਏ। ਸਾਰੰਦੇ ਦੀ ਧੁਨ ਨਾਲ ਗੁਰੂ ਜੀ ਨੇ ਆਪਣੇ ਅੰਦਰ ਦੇ ਸੰਗੀਤ ਨੂੰ ਬਾਹਰ ਪ੍ਰਗਟ ਕੀਤਾ।

ਇਸ ਤੋਂ ਇਹ ਗੱਲ ਸਪੱਸ਼ਟ ਹੈ ਕਿ ਜਿੱਥੇ ਆਪ ਜੀ ਮਹਾਨ ਬਾਣੀ ਦੇ ਬੋਹਿਥੇ ਹੋ, ਉੱਥੇ ਹੀ ਆਪ ਜੀ ਮਹਾਨ ਸੰਗੀਤਕਾਰ, ਕੀਰਤਨੀਏ ਵੀ ਹੋਏ। ਆਪ ਜੀ ਨੇ ਚਾਰ ਗੁਰੂ ਸਾਹਿਬਾਨਾਂ, ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਨੂੰ ਇਕੱਠਾ ਕਰਕੇ ਆਪਣੀ ਬਾਣੀ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਅਤੇ ਫਿਰ ਦਰਬਾਰ ਸਾਹਿਬ ਵਿਖੇ ਪ੍ਰਕਾਸ਼ ਕਰਵਾਇਆ। ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਦੇ ਨਾਲ-ਨਾਲ ਕਈ ਬਾਣੀਆਂ ਦੀ ਰਚਨਾ ਵੀ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਅਰਜਨ ਸਾਹਿਬ ਜੀ ਦੀ ਸਭ ਤੋਂ ਵੱਧ ਬਾਣੀ ਦਰਜ ਹੈ। ਆਪ ਜੀ ਦੇ ਕੁੱਲ 2312 ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਗੁਰੂ ਸਾਹਿਬ ਜੀ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਸੁਖਮਨੀ ਸਾਹਿਬ, ਬਾਰਹਮਾਂਹ, ਬਾਵਨ ਅੱਖਰੀ, ਵਾਰਾਂ ਆਦਿ ਸ਼ਾਮਿਲ ਹਨ। ਗੁਰੂ ਅਰਜਨ ਸਾਹਿਬ ਜੀ ਦੀ ਬਾਣੀ 30 ਰਾਗਾਂ ਵਿੱਚ ਦਰਜ ਹੈ।

ਅਕਬਰ ਦੇ ਪੁੱਤਰ ਜਹਾਂਗੀਰ ਦੇ ਤਖ਼ਤ 'ਤੇ ਬੈਠਣ ਤੋਂ ਬਾਅਦ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਗੁਰੂ ਅਰਜਨ ਸਾਹਿਬ ਜੀ ਨੇ ਬੜੇ ਭਿਆਨਕ ਅਤੇ ਦਿਲ-ਕੰਬਾਊ ਤਸੀਹੇ ਸਹਿੰਦਿਆਂ ਸ਼ਹਾਦਤ ਪ੍ਰਾਪਤ ਕਰਕੇ ਸਿੱਖ ਇਤਿਹਾਸ ਵਿੱਚ ਸ਼ਹੀਦੀ ਪ੍ਰੰਪਰਾ ਦਾ ਮੁੱਢ ਬੰਨਿਆ। ਸਿੱਖੀ ਦਾ ਵੱਧਦਾ ਪ੍ਰਚਾਰ, ਪ੍ਰਸਾਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੀ ਅਸਲ ਵਿੱਚ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਮੁੱਖ ਕਾਰਨ ਸਨ, ਕਿਉਂਕਿ ਉਸ ਸਮੇਂ ਦਾ ਹਾਕਮ ਜਹਾਂਗੀਰ ਕੱਟੜ ਮੁਸਲਮਾਨ ਬਾਦਸ਼ਾਹ ਸੀ, ਜੋ ਸਿੱਖ ਧਰਮ ਤੋਂ ਈਰਖਾ ਕਰਦਾ ਸੀ ਅਤੇ ਗੁਰੂ ਸਾਹਿਬ ਨੂੰ ਰਸਤੇ ਤੋਂ ਹਟਾਉਣਾ ਚਾਹੁੰਦਾ ਸੀ। ਸਿੱਖ-ਸਿਧਾਂਤ ਅਤੇ ਆਚਾਰ-ਵਿਹਾਰ ਦਾ ਨਿਆਰਾਪਨ ਅਤੇ ਉਸ ਦਾ ਦਿਨੋ-ਦਿਨ ਵੱਧ ਰਿਹਾ ਅਸਰ-ਰਸੂਖ਼ ਸਮੇਂ ਦੀ ਇਸਲਾਮੀ ਸਰਕਾਰ, ਕਰਮਕਾਂਡੀ ਸਿਸਟਮ ਅਤੇ ਕੱਟੜਪੰਥੀ ਸਲਾਹਕਾਰਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਚੁੱਕਾ ਸੀ।

ਜਹਾਂਗੀਰ ਨੇ ਗੁਰੂ ਸਾਹਿਬ ਜੀ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰਨ ਦੇ ਹੁਕਮ ਜਾਰੀ ਕਰ ਦਿੱਤੇ। ਗੁਰੂ ਸਾਹਿਬ ਜੀ ਨੂੰ ਉਬਲਦੇ ਪਾਣੀ ਵਿੱਚ ਅਤੇ ਫਿਰ ਤੱਤੀ ਤਵੀ ਉੱਪਰ ਬਿਠਾ ਕੇ, ਸਿਰ ਵਿੱਚ ਗਰਮ ਰੇਤ ਪਾ ਕੇ ਤਸੀਹੇ ਦਿੱਤੇ ਗਏ ਅਤੇ ਵਾਰ-ਵਾਰ ਗੁਰੂ ਜੀ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ ਗਿਆ, ਪਰ ਗੁਰੂ ਜੀ ਨਾ ਮੰਨੇ।

ਇਹ ਦੁੱਖ ਦੇਖ ਕੇ ਸਾਈਂ ਮੀਆਂ ਮੀਰ ਕੋਲੋਂ ਨਾ ਰਿਹਾ ਗਿਆ। ਉਨ੍ਹਾਂ ਨੇ ਗੁੱਸੇ ਵਿਚ ਆ ਕੇ ਕਿਹਾ ਕਿ ਗੁਰੂ ਜੀ, ਇਿਹਨਾਂ ਜ਼ਾਲਮਾਂ ਨੇ ਤੁਹਾਨੂੰ ਅੱਗ ਵਿੱਚ ਤਪਾ ਛੱਡਿਆ ਹੈ, ਤੁਹਾਡਾ ਸਰੀਰ ਦਾ ਚਮ ਝੁਲਸ ਰਿਹਾ ਹੈ , ਜੇਕਰ ਹੁਕਮ ਹੋਵੇ ਤਾਂ ਮੈਂ ਲਾਹੌਰ ਅਤੇ

ਬਾਕੀ ਸਫਾ 42 'ਤੇ



ਗੁਰਦੁਆਰਾ ਡੇਰਾ ਸਾਹਿਬ (ਲਾਹੌਰ)




# ਕੀ ਪੰਛੀ ਖਤਰਨਾਕ ਵੀ ਹੁੰਦੇ ਹਨ?

**ਲਖਵੀਰ ਸਿੰਘ ਭੱਟੀ**

ਬੱਚਿਓ, ਜਦੋਂ ਵੀ ਆਪਾਂ ਪੰਛੀਆਂ ਬਾਰੇ ਸੋਚਦੇ ਹਾਂ ਤਾਂ ਉਨ੍ਹਾਂ ਨੂੰ ਜ਼ਿਆਦਾ ਕਰਕੇ ਆਜ਼ਾਦੀ ਅਤੇ ਸ਼ਾਂਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸੰਸਾਰ ਵਿਚ ਇਨ੍ਹਾਂ ਦੀਆਂ 9000 ਤੋਂ ਵੱਧ ਕਿਸਮਾਂ ਹਨ, ਜੋ ਮਾਰੂਥਲਾਂ ਤੋਂ ਲੈ ਕੇ ਸਮੁੰਦਰਾਂ ਤੱਕ ਰਹਿੰਦੀਆਂ ਹਨ। ਇਹ ਆਪਣੇ ਭੋਜਨ ਦੀ ਭਾਲ ਸਿਰਫ਼ ਦੇਖ ਕੇ ਹੀ ਕਰ ਸਕਦੇ ਹਨ ਅਤੇ ਸਾਰੇ ਪੰਛੀ ਅੰਡਿਆਂ ਰਾਹੀਂ ਆਪਣਾ ਵੰਸ਼ ਵਧਾਉਂਦੇ ਹਨ। ਕੁਝ ਪੰਛੀ ਬਹੁਤ ਹੀ ਖ਼ਤਰਨਾਕ ਵੀ ਹੁੰਦੇ ਹਨ, ਜਿਨ੍ਹਾਂ ਬਾਰੇ ਤੁਹਾਨੂੰ ਦੱਸਣ ਲੱਗੇ ਹਾਂ:

**ਗਿਰਝ :** ਵੈਸੇ ਤਾਂ ਇਸ ਨੂੰ ਮਨੁੱਖ ਦਾ ਮਿੱਤਰ ਕਿਹਾ ਜਾ ਸਕਦਾ ਹੈ, ਕਿਉਂਕਿ ਇਹ ਮਰੇ ਹੋਏ ਪਸ਼ੂਆਂ ਦਾ ਮਾਸ ਖਾ ਕੇ ਵਾਤਾਵਰਨ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਂਦੇ ਹਨ। ਇਨ੍ਹਾਂ ਦੇ ਖੰਭ ਵੱਡੇ ਅਤੇ ਵਿਸ਼ਾਲ ਹੁੰਦੇ ਹਨ। ਇਨ੍ਹਾਂ ਦੀ ਚੁੰਝ ਅਤੇ ਪੰਜੇ ਬਹੁਤ ਤਿੱਖੇ ਅਤੇ ਤੇਜ਼ ਹੁੰਦੇ ਹਨ, ਜਿਨ੍ਹਾਂ ਨਾਲ ਇਹ ਪਸ਼ੂਆਂ ਦੀ ਮੋਟੀ ਖੱਲ ਨੂੰ ਆਸਾਨੀ ਨਾਲ ਚੀਰ ਫਾੜ ਕਰਕੇ ਦਿੰਦੇ ਹਨ। ਵੈਸੇ ਤਾਂ ਆਮ ਤੌਰ 'ਤੇ ਇਹ ਜ਼ਿੰਦਾ ਪਸ਼ੂਆਂ ਅਤੇ ਇਨਸਾਨਾਂ ਉੱਪਰ



ਹਮਲਾ ਨਹੀਂ ਕਰਦੇ ਪਰ ਕਦੇ-ਕਦੇ ਇਹ ਹਿੰਸਕ ਹੋ ਜਾਂਦੇ ਹਨ ਅਤੇ ਇਨਸਾਨਾਂ ਉੱਪਰ ਹਮਲਾ ਕਰਕੇ ਜ਼ਖ਼ਮੀ ਕਰ ਦਿੰਦੇ ਹਨ।

**ਸ਼ੁਤਰਮੁਰਗ :** ਇਹ ਦੁਨੀਆ ਦਾ ਸਭ ਤੋਂ ਵੱਡਾ ਪੰਛੀ ਮੰਨਿਆ ਜਾਂਦਾ ਹੈ, ਇਸ ਦੀ ਉਚਾਈ 9 ਫੁੱਟ, ਭਾਰ 158 ਕਿਲੋਗ੍ਰਾਮ ਅਤੇ ਲੱਤਾਂ ਇੰਨੀਆਂ ਮਜ਼ਬੂਤ ਹੁੰਦੀਆਂ ਹਨ ਕਿ ਕਿਸੇ ਵੀ ਜਾਨਵਰ ਨੂੰ ਠੋਕਰ ਮਾਰ ਕੇ ਮਾਰ ਸਕਦਾ ਹੈ। ਇਹ 10 ਕਿਲੋਮੀਟਰ ਤੱਕ 488 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਦੌੜ ਸਕਦਾ ਹੈ। ਇਸ ਤੋਂ



ਇਲਾਵਾ ਇਸ ਦੇ ਪੰਜੇ ਇੰਨੇ ਤੇਜ਼ ਹੁੰਦੇ ਹਨ ਕਿ ਮਨੁੱਖ ਦੇ ਸਿਰ ਵਿਚ ਇਕ ਵਾਰ ਨਾਲ ਹੀ ਸੁਰਾਖ ਕਰ ਸਕਦਾ ਹੈ ਅਤੇ ਰੀੜ੍ਹ ਦੀ ਹੱਡੀ ਤੋੜ ਸਕਦਾ ਹੈ।

**ਕੈਸੋਵਰੀ :** ਇਸ ਨੂੰ ਖ਼ੂਨੀ ਪੰਛੀ ਮੰਨਿਆ ਗਿਆ ਹੈ, ਇਸ ਦਾ ਅਕਾਰ ਬਹੁਤ ਹੀ ਵੱਡਾ ਹੁੰਦਾ



ਹੈ ਅਤੇ ਸਿਰ ਉੱਪਰ ਕਲਗੀ ਹੁੰਦੀ ਹੈ। ਇਸ ਦੀ ਉਚਾਈ 6 ਫੁੱਟ ਤੱਕ ਅਤੇ ਭਾਰ 58 ਕਿਲੋਗ੍ਰਾਮ ਤੱਕ ਹੋ ਸਕਦਾ ਹੈ। ਇਸ ਦੇ ਪੈਰ ਮਜ਼ਬੂਤ ਅਤੇ ਪੰਜੇ ਚਾਕੂ ਵਾਂਗ ਤਿੱਖੇ ਹੁੰਦੇ ਹਨ, ਜਿਨ੍ਹਾਂ ਦੀ ਲੰਬਾਈ 5 ਇੰਚ ਤੱਕ ਹੁੰਦੀ ਹੈ। ਇਸ ਨੂੰ 2007 ਵਿਚ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿਚ ਸਭ ਤੋਂ ਖ਼ਤਰਨਾਕ ਪੰਛੀ ਐਲਾਨਿਆ ਗਿਆ ਹੈ। ਜਦੋਂ ਇਹ ਮਨੁੱਖ 'ਤੇ ਹਮਲਾ ਕਰਦਾ ਹੈ ਤਾਂ ਉਹ ਏਨਾ ਭਿਆਨਕ ਹੁੰਦਾ ਹੈ ਕਿ ਖੱਲ ਨੂੰ ਚੀਰ ਕੇ ਅੰਦਰ ਦਾ ਮਾਸ ਬਾਹਰ ਕੱਢ ਦਿੰਦਾ ਹੈ।

**ਉਕਾਬ :** ਇਹ ਕਿਸੇ ਵੀ ਮਨੁੱਖ ਜਾਂ ਜਾਨਵਰ ਨੂੰ ਬਰਾਬਰ ਰੂਪ ਵਿਚ ਨੁਕਸਾਨ ਪਹੁੰਚਾ ਸਕਦਾ



ਹੈ। ਇਸ ਦੀਆਂ ਅੱਖਾਂ ਦੀ ਨਜ਼ਰ ਤੇਜ਼, ਮਜ਼ਬੂਤ ਪੰਜੇ ਅਤੇ ਨੋਕਦਾਰ ਚੁੰਝ ਹੋਣ ਕਾਰਨ ਇਹ ਦੂਜੀਆਂ ਖ਼ਤਰਨਾਕ ਪੰਛੀਆਂ ਦੀ ਸ਼੍ਰੇਣੀ ਵਿਚ ਗਿਣਿਆ ਜਾਂਦਾ ਹੈ। ਇਸ ਦਾ ਸ਼ਿਕਾਰ ਜ਼ਿਆਦਾ ਕਰਕੇ ਕੁੱਤੇ, ਛੋਟੇ ਭਾਲੂ ਅਤੇ ਪਹਾੜੀ ਬੱਕਰੀਆਂ ਆਦਿ ਬਣਦੀਆਂ ਹਨ।

## ਜੇਕਰ ਮੈਗਜ਼ੀਨ ਨਾ ਮਿਲੇ ਤਾਂ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ




'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਕੀ ਪਲਕਾਂ ਦੇ ਵਾਲਾਂ ਵਿਚ ਸੂਖਮਜੀਵ ਰਹਿੰਦੇ ਹਨ

-ਕਰਨੈਲ ਸਿੰਘ ਰਾਮਗੜ੍ਹ
79864-99563

ਬੱਚਿਓ! ਮਨੁੱਖ ਦੇ ਪਲਕਾਂ ਦੇ ਵਾਲਾਂ ਵਿੱਚ ਵੀ ਸੂਖਮਜੀਵ ਰਹਿੰਦੇ ਹਨ। ਇਨ੍ਹਾਂ ਨੂੰ ਨੰਗੀ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ। ਇਨ੍ਹਾਂ ਨੂੰ ਫੌਲਿਕਲ ਸੂਖਮਜੀਵ ਕਹਿੰਦੇ ਹਨ। ਇਹ ਵਾਲਾ ਦੇ ਫੌਲਿਕਲ ਅਤੇ ਤੇਲ ਗ੍ਰੰਥੀਆਂ ਵਿੱਚ ਰਹਿੰਦੇ ਹਨ। ਇਹ ਪਲਕਾਂ ਦੇ ਵਾਲਾਂ ਵਿੱਚ 1000 ਤੋਂ 2000 ਤਕ ਰਹਿੰਦੇ ਹਨ। ਇਹ ਚਿਹਰੇ, ਭਰਵੱਟਿਆਂ ਅਤੇ ਮੱਥੇ ਦੇ ਵਾਲਾਂ ਵਿੱਚ ਵੀ ਹੋ ਸਕਦੇ ਹਨ।

ਸਾਰੇ ਵਿਅਕਤੀਆਂ ਵਿੱਚ ਇਹ ਜੀਵ ਪਾਏ ਜਾਂਦੇ ਹਨ। ਪਲਕਾਂ ਦੇ ਵਾਲਾਂ ਵਿੱਚ ਡੈਮੋਡੈਕਸ ਫੌਲਿਕੁਲੋਰਮ ਅਤੇ ਡੈਮੋਡੈਕਸ ਬਰੇਵਿਸ ਨਾਂ ਦੇ ਜੀਵ ਰਹਿੰਦੇ ਹਨ। ਇਹ ਚਮੜੀ ਦੇ ਮਰੇ ਹੋਏ ਸੈੱਲ, ਤੇਲ ਗ੍ਰੰਥੀਆਂ ਅਤੇ ਬੈਕਟੀਰੀਆ ਨੂੰ ਖਾਂਦੇ ਹਨ। ਇਹ ਮਲ ਤਿਆਗ ਨਹੀਂ ਕਰਦੇ। ਇਨ੍ਹਾਂ ਦਾ ਸਰੀਰ ਪਤਲਾ, ਲੰਬਾ ਅਤੇ ਬੇਲਣਕਾਰ ਹੁੰਦਾ ਹੈ। ਇਹ ਅਰਧ ਪਾਰਦਰਸ਼ੀ ਹੁੰਦੇ ਹਨ। ਇਨ੍ਹਾਂ ਦੀ ਲੰਬਾਈ 0.3 ਤੋਂ 0.4 ਮਿਲੀਮੀਟਰ ਹੁੰਦੀ ਹੈ। ਇਨ੍ਹਾਂ ਦੀਆਂ ਅੱਠ ਲੱਤਾਂ ਹੁੰਦੀਆਂ ਹਨ। ਇਹ ਰਾਤ ਨੂੰ ਫੌਲਿਕਲ ਤੋਂ ਬਾਹਰ ਆਉਂਦੇ ਹਨ। ਚਮੜੀ 'ਤੇ ਨਰ ਅਤੇ ਮਾਦਾ ਮਿਲਾਪ ਕਰਦੇ ਹਨ। ਦਿਨ ਸਮੇਂ ਇਹ ਫਿਰ ਵਾਲਾਂ ਦੇ ਫੌਲਿਕਲ ਵਿੱਚ ਚਲੇ ਜਾਂਦੇ ਹਨ। ਇੱਕ ਮਾਦਾ 25 ਅੰਡੇ ਦਿੰਦੀ ਹੈ। ਇਨ੍ਹਾਂ ਦਾ ਜੀਵਨ ਕਾਲ ਕੁਝ ਹਫ਼ਤੇ ਜਾਂ ਮਹੀਨੇ ਹੁੰਦਾ ਹੈ। ਮੌਤ ਤੋਂ ਬਾਅਦ ਬੈਕਟੀਰੀਆ ਇਨ੍ਹਾਂ ਦੇ ਸਰੀਰ ਨੂੰ ਸਰਲ ਪਦਾਰਥਾਂ ਵਿੱਚ ਤੋੜ ਦਿੰਦੇ ਹਨ। ਇਹ ਹਾਨੀਕਾਰਕ ਨਹੀਂ ਹੁੰਦੇ। -0-

## ਬੱਚਿਆਂ ਨੂੰ ਸਵਾਲ ਜਵਾਬ

1. **ਪ੍ਰਸ਼ਨ:** ਬਾਣੀ ਜਪੁ ਵਿੱਚ ਕਿੰਨੇ ਸਲੋਕ ਤੇ ਕਿੰਨੀਆਂ ਪਉੜੀਆਂ ਹਨ? ਸਲੋਕ ਕਿਹੜੇ ਹਨ?

**ਉੱਤਰ:-** ਬਾਣੀ ਜਪੁ ਵਿੱਚ ਦੋ ਸਲੋਕ ਅਤੇ 38 ਪਉੜੀਆਂ ਹਨ। ਪਹਿਲਾ ਸਲੋਕ ਆਦਿ ਸਚੁ ਜੁਗਾਦਿ ਸਚੁ.... ਬਾਣੀ ਦੇ ਆਰੰਭ ਵਿੱਚ ਹੈ ਅਤੇ ਦੂਜਾ ਸਲੋਕ ਪਵਣੁ ਗੁਰੂ ਪਾਣੀ ਪਿਤਾ.... ਬਾਣੀ ਦੇ ਅਖੀਰ ਵਿੱਚ ਹੈ।

2. **ਪ੍ਰਸ਼ਨ:-** ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਜਪੁ ਕਿਥੇ ਦਰਜ ਹੈ?

**ਉੱਤਰ:-** ਬਾਣੀ ਜਪੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਅੰਗ 1 ਤੋਂ 8 ਤੱਕ ਦਰਜ ਹੈ।

3. **ਪ੍ਰਸ਼ਨ:-** ਜਪੁ ਬਾਣੀ ਦਾ ਪਹਿਲਾ ਸਲੋਕ ਕਿਹੜਾ ਹੈ? ਇਸ ਦਾ ਕੀ ਭਾਵ ਹੈ?

**ਉੱਤਰ:-** ਪਹਿਲਾ ਸਲੋਕ ਹੈ:- ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਇਸ ਦਾ ਭਾਵ ਹੈ ਕਿ ਅਕਾਲ ਪੁਰਖ ਆਰੰਭ ਤੋਂ ਹੀ ਹੈ ਸੀ, ਜੁਗਾਂ ਦੇ ਮੁੱਢ ਤੋਂ ਹੀ ਸੱਚਾ ਹੈ, ਹੁਣ ਵੀ ਤੇ ਅੱਗੋਂ ਵੀ ਉਹ ਸਦਾ ਸੱਚ ਹੀ ਰਹੇਗਾ।

4. **ਪ੍ਰਸ਼ਨ:-** ਪਹਿਲੀ ਪਉੜੀ ਕਿਥੋਂ ਆਰੰਭ ਹੁੰਦੀ ਹੈ?

**ਉੱਤਰ:-** ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ਤੋਂ ਆਰੰਭ ਹੁੰਦੀ ਹੈ

5. **ਪ੍ਰਸ਼ਨ:-** ਜਪੁਜੀ ਸਾਹਿਬ ਵਿੱਚ ਉਹ ਕਿਹੜਾ ਫੁਰਮਾਨ ਹੈ, ਜਿਸ ਦਾ ਭਾਵ ਹੈ ਕਿ ਅਕਾਲ ਪੁਰਖ ਹਰ ਥਾਂ ਹਾਜਰ ਹੈ ਅਤੇ ਕੋਈ ਜਗ੍ਹਾਂ ਐਸੀ ਨਹੀਂ ਜਿਥੇ ਅਕਾਲ ਪੁਰਖ ਨਹੀਂ ਹੈ?

**ਉੱਤਰ:-** ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ ॥

**ਬਾਲ ਕਹਾਣੀ:**

# ਘੁੱਗੀ ਅਤੇ ਕਾਂ

-ਪਰਮ ਪਿਆਰ ਸਿੰਘ ਨਕੋਦਰ # 99148-33670

ਬੱਚਿਓ, ਤੁਸੀਂ ਚਿੜੀ ਅਤੇ ਕਾਂ ਦੀਆਂ ਕਹਾਣੀਆਂ ਤਾਂ ਬਹੁਤ ਪੜ੍ਹੀਆਂ ਤੇ ਸੁਣੀਆਂ ਹੋਣਗੀਆਂ। ਤੁਹਾਨੂੰ ਇਹ ਵੀ ਪਤਾ ਲੱਗ ਹੀ ਗਿਆ ਹੋਵੇਗਾ ਕਿ ਕਾਂ ਇਕ ਬਹੁਤ ਹੀ ਚਤੁਰ ਪੰਛੀ ਹੈ, ਜੋ ਹਰ ਵਾਰ ਚਿੜੀ ਨਾਲ ਧੋਖਾ ਤੇ ਬੇਵਫ਼ਾਈ ਹੀ ਕਰਦਾ ਹੈ ਪਰ ਇਸ ਕਹਾਣੀ ਵਿਚ ਐਤਕੀਂ ਕਾਂ ਚਿੜੀ ਨਾਲ ਨਹੀਂ, ਬਲਕਿ ਘੁੱਗੀ ਨਾਲ ਬੇਵਫ਼ਾਈ ਕਰਦਾ ਦੱਸਿਆ ਗਿਆ ਹੈ। ਪਰ ਫਿਰ ਵੀ ਅਣਭੋਲ ਤੇ ਮਾਯੂਸ ਘੁੱਗੀ ਆਪਣਾ ਸਭ ਕੁਝ ਲੁਟਾ ਕੇ ਵੀ ਕਾਂ ਦੇ ਬੱਚਿਆਂ ਦੀ ਜਾਨ ਬਚਾਉਂਦੀ ਹੈ।

ਗੱਲ ਕੁਝ ਸਾਲ ਪੁਰਾਣੀ ਹੈ। ਪਿੰਡੋਂ ਬਾਹਰ ਖੇਤਾਂ ਵਿਚ ਟਾਹਲੀ ਦੇ ਰੁੱਖ 'ਤੇ ਘੁੱਗੀ ਆਪਣਾ ਆਲ੍ਹਣਾ ਪਾ ਕੇ ਰਹਿ ਰਹੀ ਸੀ। ਆਲ੍ਹਣੇ ਵਿਚ ਉਸ ਨੇ ਚਾਰ ਆਂਡੇ ਵੀ ਦਿੱਤੇ ਹੋਏ ਸਨ। ਉਸ ਦੇ ਆਲ੍ਹਣੇ ਦੇ ਸਾਹਮਣੇ ਹੀ ਟਾਹਣੀ 'ਤੇ ਇਕ ਕਾਂ ਵੀ ਰਾਤ ਕੱਟਣ ਲਈ ਆ ਠਹਿਰਦਾ ਸੀ। ਉਹ ਸਾਰਾ ਦਿਨ ਵਿਹਲਾ ਘੁੰਮਦਾ ਰਹਿੰਦਾ। ਚੁਗਲੀਆਂ ਕਰਕੇ ਦੂਜਿਆਂ ਦੇ ਪਰਿਵਾਰਾਂ ਵਿਚ ਲੜਾਈ ਪਾਈ ਰੱਖਦਾ। ਪਰ ਆਪਣੇ ਲਈ ਆਲ੍ਹਣਾ ਨਾ ਬਣਾ ਸਕਿਆ। ਹੁਣ ਅੱਗੇ ਆ ਰਹੀ ਠੰਢ ਤੋਂ ਬਚਣ ਲਈ ਮਨ ਹੀ ਮਨ ਘੁੱਗੀ ਦਾ ਆਲ੍ਹਣਾ ਹੜੱਪਣ ਦੀਆਂ ਸਕੀਮਾਂ ਘੜਨ ਲੱਗਾ ਪਰ ਉਸ ਨੂੰ ਕੋਈ ਮੌਕਾ ਜਾਂ ਬਹਾਨਾ ਨਹੀਂ ਮਿਲ ਰਿਹਾ ਸੀ। ਫਿਰ ਇਕ ਦਿਨ ਘੁੱਗੀ ਬਾਹਰ ਚੋਗਾ ਚੁਗਣ ਲਈ ਗਈ ਹੋਈ ਸੀ। ਟਾਹਲੀ 'ਤੇ ਬੈਠੇ ਕਾਂ ਦੇ ਮਨ ਵਿਚ ਬੇਈਮਾਨੀ ਜਾਗ ਪਈ। ਉਸ ਨੇ ਸੋਚਿਆ ਕਿ ਜੇਕਰ ਘੁੱਗੀ ਦੇ ਆਂਡੇ ਪੀ ਗਿਆ ਤਾਂ ਘੁੱਗੀ ਇਕੱਲੀ ਹੀ ਰਹਿ ਜਾਵੇਗੀ ਤੇ ਆਲ੍ਹਣਾ ਛੱਡ ਭੱਜ ਜਾਵੇਗੀ। ਬਸ ਫਿਰ ਕੀ ਸੀ, ਉਹ ਝੱਟ ਉਡਾਰੀ ਮਾਰ ਘੁੱਗੀ ਦੇ ਆਲ੍ਹਣੇ ਵਿਚ ਪੁੱਜ ਗਿਆ ਤੇ ਸਾਰੇ ਹੀ ਆਂਡੇ ਪੀ ਗਿਆ। ਸ਼ਾਮ ਨੂੰ ਘੁੱਗੀ ਜਦੋਂ ਵਾਪਸ ਆਈ ਤਾਂ ਆਪਣਾ ਖਾਲੀ ਆਲ੍ਹਣਾ ਦੇਖ ਵਿਚਾਰੀ ਬਹੁਤ ਰੋਈ। ਕਈ ਦਿਨ ਬੇਚੈਨ ਰਹੀ। ਮਨ ਹੀ ਮਨ ਕਾਂ ਨੂੰ ਕੋਸਦੀ ਰਹੀ। ਵਾਰ-ਵਾਰ ਇਹੀ ਸੋਚਦੀ ਰਹੀ ਕਿ ਕਾਂ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ। ਪਰ ਫਿਰ ਉਸ ਨੂੰ ਗੱਲ ਦੀ ਸਮਝ ਆ ਗਈ। ਉਹ ਕਾਂ ਕੋਲ ਜਾ ਕੇ ਤਰਲਾ ਕਰਦਿਆਂ ਬੋਲੀ, 'ਕਾਂ ਵੀਰਾ! ਤੂੰ ਬਹੁਤ ਮਾੜੀ ਕੀਤੀ ਆ, ਜੇ ਤੈਨੂੰ ਆਲ੍ਹਣੇ ਦੀ ਲੋੜ ਸੀ ਤਾਂ ਤੂੰ ਮੈਨੂੰ ਦੱਸ ਦਿੰਦਾ। ਮੈਂ ਤੈਨੂੰ ਆਪਣਾ ਆਲ੍ਹਣਾ ਦੇ ਦਿੰਦੀ।'

ਕਾਂ ਝੱਟ ਬੋਲਿਆ, 'ਲੈ, ਤੂੰ ਮੈਨੂੰ ਹੁਣ ਆਪਣਾ ਆਲ੍ਹਣਾ ਦੇ ਦੇ। ਹੁਣ ਤਾਂ ਤੂੰ ਇਕੱਲੀ ਆਂ, ਜਿਥੇ ਮਰਜ਼ੀ ਜਾ ਕੇ ਰਹਿ ਲੈ।' ਘੁੱਗੀ ਆਪਣਾ ਆਲ੍ਹਣਾ ਕਾਂ ਨੂੰ ਦੇ ਕੇ ਮਨ ਹੀ ਮਨ ਬਹੁਤ ਦੁਖੀ ਹੋਈ। ਹੁਣ ਉਸ ਨੇ ਕੁਝ ਦਿਨਾਂ ਵਿਚ ਹੀ ਨੇੜਲੀ ਟਾਹਣੀ ਉੱਤੇ ਆਪਣੇ ਲਈ ਇਕ ਨਵਾਂ ਆਲ੍ਹਣਾ ਪਾ ਲਿਆ। ਸਮਾਂ ਪਾ ਕੇ ਘੁੱਗੀ ਅਤੇ ਕਾਂ ਦੋਵਾਂ ਦੇ ਆਲ੍ਹਣਿਆਂ ਵਿਚ ਬੋਟ ਰਹਿ ਰਹੇ ਸਨ। ਇਕ ਵਾਰ ਕੀ ਹੋਇਆ, ਕਾਂ ਆਪਣੇ ਬੱਚਿਆਂ ਵਾਸਤੇ ਚੋਗਾ ਲੈਣ ਲਈ ਬਾਹਰ ਗਿਆ ਹੋਇਆ ਸੀ। ਚਿੜੀ ਨੇ ਆਪਣੇ ਆਲ੍ਹਣੇ ਵਿਚ ਬੈਠੇ ਦੇਖਿਆ ਕਿ ਇਕ ਵੱਡਾ ਸਾਰਾ ਸੱਪ ਟਾਹਲੀ 'ਤੇ ਚੜ੍ਹ ਕੇ ਕਾਂ ਦੇ ਬੱਚੇ ਖਾਣ ਲਈ ਅੱਗੇ ਵਧਦਾ ਜਾ ਰਿਹਾ ਹੈ। ਫਿਰ ਕੀ ਸੀ, ਚਿੜੀ ਨੇ ਚੀਂ-ਚੀਂ ਕਰਕੇ ਸਾਰੇ ਪੰਛੀ ਇਕੱਠੇ ਕਰ ਲਏ। ਉਸ ਦੀ ਮਦਦ ਲਈ ਘੁੱਗੀ, ਕਾਂ, ਸ਼ਰਕ, ਤੋਤਾ, ਕਬੂਤਰ ਆ ਗਏ। ਪੰਛੀਆਂ ਨੇ ਚੁੰਝਾਂ ਮਾਰ-ਮਾਰ ਕੇ ਸੱਪ ਦੀ ਪੇਸ਼ ਨਾ ਜਾਣ ਦਿੱਤੀ। ਘਬਰਾ ਕੇ ਜਾਨ ਬਚਾਅ ਕੇ ਸੱਪ ਥੱਲੇ ਉੱਤਰ ਖੇਤਾਂ ਵੱਲ ਭੱਜ ਗਿਆ। ਵਾਪਸ ਆ ਕੇ ਜਦੋਂ ਕਾਂ ਨੂੰ ਸਾਰੀ ਗੱਲ ਦਾ ਪਤਾ ਲੱਗਾ ਕਿ ਚਿੜੀ ਨੇ ਮੇਰੇ ਬੱਚਿਆਂ ਦੀ ਜਾਨ ਬਚਾਈ ਹੈ ਤਾਂ ਉਹ ਬਹੁਤ ਹੀ ਸ਼ਰਮਿੰਦਾ ਹੋਇਆ। ਹੁਣ ਉਹ ਘੁੱਗੀ ਅੱਗੇ ਬੈਠਾ ਅੱਖਾਂ 'ਚ ਅੱਥਰੂ ਭਰ ਕੇ ਵਾਰ-ਵਾਰ ਆਪਣੇ ਕੀਤੇ ਮਾੜੇ ਕਾਰੇ ਦੀ ਮੁਆਫ਼ੀ ਮੰਗ ਰਿਹਾ ਸੀ।

**ਸਿੱਖਿਆ** : ਸਾਨੂੰ ਕਦੇ ਵੀ ਕਿਸੇ ਨਾਲ ਮਾੜਾ ਵਰਤਾਓ ਨਹੀਂ ਕਰਨਾ ਚਾਹੀਦਾ।

ਸਿੰਘ ਸਭਾ ਲਹਿਰ ਦੀ 150 ਸਾਲਾ ਸ਼ਤਾਬਦੀ ਨੂੰ ਸਮਰਪਿਤ

## ਭਾਈ ਤਖ਼ਤ ਸਿੰਘ ਸਿੱਖ ਕੰਨਿਆਂ ਮਹਾਂ ਵਿਦਿਆਲਾ ਵੱਲੋਂ

# ਬੀ.ਏ. ਯੂਨੀਵਰਸਿਟੀ ਤੋਂ ਸੀ.ਸੀ. ਪ੍ਰਬੰਧ ਹੇਠ

## ਦਾਖਲਾ ਸ਼ੁਰੂ (ਸੈਸ਼ਨ 2025-2026)

ਕੇਵਲ 15 ਧੀਆਂ ਹੀ ਦਾਖਲ ਹੋਣਗੀਆਂ

### ਗੁਰਸਿੱਖ ਧੀਆਂ ਲਈ

### ਗੁਰਮਤਿ ਸਿਖਿਆ ਅਤੇ ਬੀ.ਏ. ਦੀ ਪੜ੍ਹਾਈ ਦਾ ਸੁਨਹਿਰੀ ਮੌਕਾ

ਅੰਮ੍ਰਿਤਧਾਰੀ ਵਿਦਿਆਰਥੀ ਨੂੰ ਦਾਖਲਾ ਪਹਿਲ ਦੇ ਆਧਾਰ ਉੱਤੇ ਦਿੱਤਾ ਜਾਵੇਗਾ।

<u>ਦਾਖਲੇ ਲਈ ਯੋਗਤਾ</u>:-

* 10+2 ਪਾਸ ਗੁਰਸਿੱਖ ਬੱਚੀਆਂ ਵਾਸਤੇ।

<u>ਵਿਸ਼ੇਸ਼ ਸਹੂਲਤਾਂ</u>:-

* ਕੁਦਰਤੀ ਗੁਰਮਤਿ ਰੰਗ ਰੰਗਿਆ ਮਾਹੌਲ।
* ਕੰਪਿਊਟਰ ਸਿਖਿਆ ਅਤੇ ਗੱਤਕਾ ਸਿਖਲਾਈ ਦਾ ਪ੍ਰਬੰਧ।
* ਗੁਰਮਤਿ ਸੰਗੀਤ ਦਾ ਵਿਸ਼ੇਸ਼ ਪ੍ਰਬੰਧ।
* ਸਹਿਯੋਗ ਲਈ ਤਜਰਬੇਕਾਰ ਅਨੁਭਵੀ ਅਧਿਆਪਕ।
* ਮਹਾਨ ਸਖ਼ਸ਼ੀਅਤ ਨਾਲ ਮਿਲਣੀ ਵਿਚਾਰ ਸਾਂਝ।
* ਸਿਲਾਈ ਕਢਾਈ ਸਿਖਿਆ ਵੀ ਨਾਲ ਦਿੱਤੀ ਜਾਂਦੀ ਹੈ।
* ਲੰਗਰ ਰਿਹਾਇਸ਼ ਦਾ ਖਾਸ ਪ੍ਰਬੰਧ।
* ਸਮਾਜਿਕ ਅਤੇ ਪੰਥਕ ਸਰੋਕਾਰਾਂ ਪ੍ਰਤੀ ਗਿਆਨ ਦਿੱਤਾ ਜਾਂਦਾ ਹੈ।
* ਵਰਤਮਾਨ ਅਤੇ ਭਵਿੱਖਤ ਆਗੂ ਵੱਲੋਂ ਜੀਵਨ ਉਸਾਰੀ ਨਿਸ਼ਾਨਾ ਹੈ।

ਦਾਖਲਾ ਫਾਰਮ 7878-8484-57 ਤੇ ਵੱਟਸਐਪ ਕਰਕੇ ਮੰਗਵਾਉ ਅਤੇ ਭਰ ਕੇ ਨਿੱਜੀ ਰੂਪ ਜਾਂ ਡਾਕ/ਕੋਰੀਅਰ ਰਾਹੀਂ ਹੇਠ ਲਿਖੇ ਪਤੇ ਉੱਤੇ ਜਮਾਂ ਕਰਵਾਉ ਜੀ।

<u>ਵਿਸ਼ੇਸ਼ ਜਾਣਕਾਰੀ</u>:-

* ਵਿਦਿਆ ਮੁਫਤ ਹੈ।
* ਰਿਹਾਇਸ਼, ਲੰਗਰ, ਵਰਦੀਆਂ ਸਭ ਸੇਵਾ ਵਜੋਂ ਦਿੱਤਾ ਜਾਵੇਗਾ।
* ਮਾਪਿਆਂ ਨੇ ਕੇਵਲ ਯੂਨੀਵਰਸਿਟੀ ਪੇਪਰਾਂ ਦਾ ਨਾ ਮਾਤਰ ਖਰਚਾ ਹੀ ਭਰਨਾ ਹੈ।
* ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੀ.ਸੀ. ਪ੍ਰਬੰਧ ਹੇਠ ਸਿਖਿਆ ਦਿੱਤੀ ਜਾਂਦੀ ਹੈ।
* ਕੋਰਸ ਕਰਨ ਲਈ ਅਦਾਰੇ ਵਿਚ ਰਿਹਾਇਸ਼ ਲਾਜ਼ਮੀ ਹੈ।

### ਦਾਖਲੇ ਸੰਬੰਧੀ ਜਾਣਕਾਰੀ

ਦਾਖਲਾ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ ਦੇ ਆਧਾਰ ਉੱਤੇ ਹੋਵੇਗਾ।

ਦਾਖਲਾ ਫਾਰਮ ਭੇਜਣ ਦੀ ਅੰਤਿਮ ਮਿਤੀ : 30 ਮਈ, 2025 (ਦਿਨ ਸ਼ੁੱਕਰਵਾਰ)
ਲਿਖਤੀ ਪ੍ਰੀਖਿਆ ਤੇ ਇੰਟਰਵਿਊ ਦੀ ਮਿਤੀ : 10 ਜੂਨ, 2025 (ਦਿਨ ਮੰਗਲਵਾਰ)
ਪ੍ਰੀਖਿਆ ਦਾ ਸਮਾਂ : ਸਵੇਰੇ 10 ਵਜੇ ਅਤੇ ਸਥਾਨ : ਮੁੱਖ ਦਫ਼ਤਰ, ਪਿੰਡ ਬੁੱਢੇਵਾਲ।

### ਭਾਈ ਲਾਲੋ ਕਿਰਤ ਟਕਸਾਲ ਅਤੇ ਗੁਰਮਤਿ ਅਧਿਐਨ ਕੇਂਦਰ

ਪ੍ਰਬੰਧ ਅਧੀਨ - ਗਿਆਨ ਪਰਗਾਸ ਟਰੱਸਟ ਲੁਧਿਆਣਾ (ਰਜਿ:)
ਸਾਹਮਣੇ ਸਹਿਕਾਰੀ ਖੰਡ ਮਿੱਲ, ਪਿੰਡ ਬੁੱਢੇਵਾਲ, ਲੁਧਿਆਣਾ - 141112

ਹੋਰ ਜਾਣਕਾਰੀ ਲਈ ਸੰਪਰਕ ਕਰੋ:
(ਕੰਮਕਾਜ ਵਾਲੇ ਦਿਨ : ਸਮਾਂ 9 ਵਜੇ ਤੋਂ 5 ਵਜੇ ਤੱਕ)

7878-8484-57, 9592-0333-09

ਵਿਸ਼ੇਸ਼ ਨੋਟ - ਕਿਰਪਾ ਕਰਕੇ ਇਹ ਜਾਣਕਾਰੀ ਦੂਜਿਆਂ ਨਾਲ ਵੀ ਸਾਂਝੀ ਕਰੋ ਜੀ।

# ਮਜੀਠਾ ਸ਼ਰਾਬ ਕਾਂਡ

## ਇੱਕ ਦਰਦ, ਇੱਕ ਅਪੀਲ, ਇੱਕ ਸੁਨੇਹਾ

– ਸਤਨਾਮ ਸਿੰਘ ਸਲੋਪੁਰੀ
79733-29833

ਪਿਛਲੇ ਦੋ-ਤਿੰਨ ਦਿਨਾਂ ਤੋਂ ਮਜੀਠਾ ਸ਼ਰਾਬ ਕਾਂਡ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਅਜਿਹੇ ਕਾਂਡ ਪਹਿਲਾਂ ਵੀ ਵਾਪਰਦੇ ਆਏ ਨੇ। 6 ਸਾਲ ਪੁਰਾਣੀ ਗੱਲ ਹੈ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਚ 100 ਤੋਂ ਵੱਧ ਲੋਕ ਸ਼ਰਾਬ ਪੀ ਕੇ ਮਰੇ ਸਨ। ਮੁੰਬਈ ਵਿੱਚ ਵੀ ਇੱਕ ਵਾਰ 100 ਤੋਂ ਵੱਧ ਲੋਕ ਨਕਲੀ ਸ਼ਰਾਬ ਪੀ ਕੇ ਮਰੇ ਸਨ ਤੇ ਅਜਿਹੀਆਂ ਘਟਨਾਵਾਂ ਪੰਜਾਬ ਵਿੱਚ ਪਹਿਲਾਂ ਵੀ ਵੱਖ ਵੱਖ ਸਮਿਆਂ ਤੇ ਵਾਪਰੀਆਂ ਹਨ, ਇਹ ਕੋਈ ਪਹਿਲੀ ਵਾਰ ਨਹੀਂ ਵਾਪਰਿਆ। ਹੁਣ ਫਿਰ ਮਜੀਠਾ ਵਿੱਚ 27 ਦੇ ਕਰੀਬ ਲੋਕ ਸ਼ਰਾਬ ਪੀ ਕੇ ਮਰੇ ਹਨ, ਗਿਣਤੀ ਹੋਰ ਵਧ ਸਕਦੀ ਹੈ, ਦੀ ਚਰਚਾ ਜੋਰਾ ਸੋਰਾ ਨਾਲ ਚੱਲ ਰਹੀ ਹੈ।

ਮੈਂ ਕਈ ਵਾਰੀ ਸੋਚਦਾ ਹਾਂ ਕਿ ਅਸੀਂ ਕਿੰਨੇ ਭਾਗਾਂ ਵਾਲੇ ਹਾਂ ਜਿਨਾਂ ਨੂੰ ਵਾਹਿਗੁਰੂ ਨੇ ਸਿੱਖਾਂ ਦੇ ਘਰ ਵਿੱਚ ਜਨਮ ਦਿੱਤਾ, ਗੁਰਸਿੱਖੀ ਦੀ ਗੁਰਤੀ ਦਿੱਤੀ ਤੇ ਅਸੀਂ ਅਜਿਹੇ ਬੁਰੇ ਵਰਤਾਰਿਆਂ ਤੋਂ ਬਚੇ ਹੋਏ ਹਾਂ।

ਗੁਰੂ ਜੀ ਫੁਰਮਾਉਂਦੇ ਹਨ –

"ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥

ਆਪਣਾ ਪਰਾਇਆ ਨਾ ਪਛਾਣਈ ਖਸਮਹੁ ਧਕੇ ਖਾਇ॥"

ਜਿਹਨੂੰ ਪੀ ਕੇ ਮੱਤ ਮਰਦੀ ਹੈ, ਬੰਦਾ ਆਪਣੇ ਤੇ ਪਰਾਏ ਦੀ ਪਛਾਣ ਭੁੱਲ ਜਾਂਦਾ, ਆਪਣਿਆਂ ਦਾ ਕਾਤਲ ਬਣ ਜਾਂਦਾ ਹੈ । ਇਹ ਸਿਹਤ ਵੀ ਖਰਾਬ ਕਰਦੀ ਹੈ, ਦਿਮਾਗ ਵੀ ਖਰਾਬ ਕਰਦੀ ਹੈ, ਮਨੁੱਖ ਤੋਂ ਪੁੱਠੇ ਕੰਮ ਵੀ ਕਰਾਉਂਦੀ ਹੈ ਤੇ ਮੌਤ ਦਾ ਕਾਰਨ ਵੀ ਬਣਦੀ ਹੈ, ਨੂੰ ਨਹੀਂ ਪੀਣਾ ਚਾਹੀਦਾ।

ਪੰਜਾਬ ਗੁਰਾਂ ਦੀ ਧਰਤੀ ਹੈ ਫਿਰ ਇਹ ਸੰਤਾਪ ਸਭ ਤੋਂ ਵੱਧ ਪੰਜਾਬ ਵਿੱਚ ਹੀ ਕਿਉਂ ਵਾਪਰਦੇ ਹਨ। ਇੱਕ ਤਾ ਅਸੀਂ ਬਾਣੀ ਤੋਂ ਦੂਰ ਹੋ ਗਏ, ਦੂਜਾ ਸ਼ਰਾਬ ਤੋਂ ਸਰਕਾਰਾਂ ਨੂੰ ਆਮਦਨ ਹੁੰਦੀ ਹੈ ਤੇ ਇਸ ਆਮਦਨ ਤੋਂ ਸਰਕਾਰਾਂ ਹੱਥ ਨਹੀਂ ਧੋਣਾ ਚਾਹੁੰਦੀਆਂ ਜਿਸ ਕਰਕੇ ਇਸ ਸ਼ਰਾਰਤ ਵਾਲੇ ਪਾਣੀ ਨੂੰ ਪੰਜਾਬ ਵਿੱਚ ਬੰਦ (Ban) ਨਹੀਂ ਕੀਤਾ ਜਾ ਰਿਹਾ ।

ਮੈਨੂੰ ਯਾਦ ਹੈ ਇੱਕ ਵਾਰ ਹਰਿਆਣੇ ਦੀਆਂ ਔਰਤਾਂ ਨੇ ਸ਼ਰਾਬ ਦੇ ਠੇਕਿਆਂ ਦੇ ਵਿਰੁੱਧ ਸੜਕਾਂ ਤੇ ਪਿੱਟ ਸਿਆਪਾ ਕੀਤਾ ਤੇ ਹਰਿਆਣਾ ਸਰਕਾਰ ਨੇ ਹਰਿਆਣਾ ਸੂਬੇ ਵਿੱਚ ਸ਼ਰਾਬ ਤੇ ਪਾਬੰਦੀ ਲਗਾ ਦਿੱਤੀ ਪਰ ਉਹ ਪਾਬੰਦੀ ਬਹੁਤ ਚਿਰ ਚੱਲ ਨਹੀਂ ਸਕੀ ਤੇ ਇਹ ਪਾਬੰਦੀ ਮੁੜ ਹਟ ਗਈ ।

ਸਮਝ ਨਹੀਂ ਆਉਂਦੀ ਕਿ ਵਾਹਿਗੁਰੂ ਨੇ ਮਨੁੱਖਾ ਦੇਹੀ ਦਿੱਤੀ ਹੈ, ਸੋਚ ਦਿੱਤੀ ਹੈ ਦਿਮਾਗ ਦਿੱਤਾ ਹੈ ਫਿਰ ਵੀ ਅਸੀਂ ਬੁਰਾਈਆਂ ਵੱਲ ਵਧ ਰਹੇ ਹਾਂ। ਧੀ ਦਾ ਬਾਪ ਜੇ ਧੀ ਦੇ ਵਿਆਹ ਤੇ ਸ਼ਰਾਬ ਦੀਆਂ ਪੇਟੀਆਂ ਰੋੜ ਨਹੀਂ ਲੈਂਦਾ ਤਾਂ ਉਹ ਸਮਝਦਾ ਹੈ ਮੇਰੀ ਨੱਕ ਨਹੀਂ ਰਹਿਣੀ। ਦੂਜੇ ਪਾਸੇ ਮੁੰਡੇ ਵਾਲੇ ਵੀ ਕਹਿੰਦੇ ਹਨ ਕਿ ਤੁਹਾਡੀ ਧੀ ਨੂੰ ਵਿਆਉਣ ਲਈ/ਲੈਣ ਲਈ ਆ ਰਹੇ ਹਾਂ ਸਾਡੇ ਪ੍ਰਾਹੁਣਿਆਂ ਦੀ ਸੇਵਾ ਚੰਗੀ ਤਰ੍ਹਾਂ ਕਰ ਦੇਣਾ। ਧੀ ਦਾ ਬਾਪ ਕਰਜੇ ਦੀ ਪੰਡ ਚੁੱਕਦਾ ਹੈ, ਸ਼ਰਾਬ ਦੀਆਂ ਪੇਟੀਆਂ ਲੈ ਕੇ ਆਉਂਦਾ ਹੈ। ਜਿਸ ਨੂੰ ਘਰ ਵਿੱਚ ਰਾਤ ਨੂੰ ਰੋਟੀ ਨਾ ਮਿਲਦੀ ਹੋਵੇ, ਭੁੱਖਾ ਸੌਂਦਾ ਹੋਵੇ, ਉਹ ਵੀ ਸੋਚਦਾ ਕਿ ਅੱਜ ਤਾਂ ਮੁਫ਼ਤ ਮਿਲਣੀ ਹੈ ਤੇ ਰੱਜ ਕੇ ਪੀ ਲਓ ਤੇ ਟੱਲੀ ਹੋ ਜਾਓ। ਵਿਆਹ ਵਿੱਚ ਸਾਰੇ ਆਪਣੇ ਰਿਸ਼ਤੇਦਾਰ ਹੁੰਦੇ ਨੇ ਤੇ ਓਹ ਸਾਰੇ ਸ਼ਰਾਬ (ਸ਼ਰਾਰਤ ਵਾਲਾ ਪਾਣੀ) ਪੀਂਦੇ ਨੇ, ਟੱਲੀ ਹੁੰਦੇ ਨੇ ਤੇ ਫਿਰ ਇੱਕ ਗਾਣਾ ਲੱਗਦਾ ਹੈ "ਤੇਰੇ ਲਹਿੰਗੇ ਤੇ ਸ਼ਰਾਬ ਰੋੜ ਦੂੰ।" ਮੈਂ ਕਈ ਵਾਰੀ ਸੋਚਦਾ ਹਾਂ ਕਿ ਟੱਲੀ ਬਾਪ ਨੂੰ ਹੋਸ ਹੁੰਦੀ ਹੈ ਕਿ ਨਾਲ ਨੱਚ ਰਹੀ ਮੇਰੀ ਧੀ ਹੈ? ਕੀ ਉਹ ਟੱਲੀ ਬਾਪ ਆਪਣੀ ਧੀ ਤੇ ਸ਼ਰਾਬ ਨਹੀਂ ਰੋੜੇਗਾ? ਟੱਲੀ ਮਾਮਾ ਤੇ ਮਾਸੜ ਭਾਣਜੀ ਤੇ ਸ਼ਰਾਬ ਨਹੀਂ ਰੋੜੇਗਾ? ਟੱਲੀ ਫੁੱਫੜ ਤੇ ਚਾਚਾ ਤਾਇਆ ਭਤੀਜੀ ਤੇ ਸ਼ਰਾਬ ਨਹੀਂ ਰੋੜੇਗਾ?, ਜਿਵੇਂ ਸਮਰਾਲੇ ਵੱਲ ਇੱਕ ਟੱਲੀ ਬੰਦੇ ਨੇ ਡਾਂਸਰ ਦੇ ਸ਼ਰਾਬ ਦਾ ਜੂਠਾ ਗਲਾਸ ਮਾਰਿਆ ਸੀ। ਫਿਰ ਲੱਭ ਲੋ ਰਿਸਪੈਕਟ (Respect)?, ਨਿਖਾਰਲੋ ਸ਼ਖ਼ਸੀਅਤ? ਲੱਭ ਲੋ Personality?

ਪਰ ਅਸੀਂ ਤਾਂ ਕਹਿੰਦੇ ਹਾਂ ਜੱਟ ਪੈੱਗ ਨਹੀਂ ਲਾਊ ਤੇ ਬੜਕਾਂ ਕਿੱਦਾਂ ਮਾਰੂ। ਕੀ ਬੜਕਾਂ ਮਾਰਨੀਆਂ ਪਰਸਨੈਲਿਟੀ ਹੈ? ਕੀ ਸੰਜਮ ਤੇ ਸਰਮ ਦੀਆਂ ਹੱਦਾਂ ਟੱਪਣੀਆਂ ਅਧੁਨਿਕਤਾ (ਮੌਡਰਨਿਸਮ) ਹੈ? ਇਹ ਸ਼ਰਾਰਤ ਵਾਲਾ ਪਾਣੀ ਜਿਸ ਤੋਂ ਆਮਦਨ ਲੈਣ ਲਈ ਸਰਕਾਰਾਂ ਇਸ ਤੇ ਪਾਬੰਦੀ ਲਾਉਣ ਤੋਂ ਗੁਰੇਜ ਕਰਦੀਆਂ ਨੇ ਸਾਇਦ ਜਿੰਨੀ ਕੋ ਆਮਦਨ ਸ਼ਰਾਬ ਦੀ ਵਿਕਰੀ ਤੇ ਹੁੰਦੀ ਹੈ ਉਸ ਤੋਂ ਵੱਧ ਨੁਕਸਾਨ ਹੋ ਜਾਂਦਾ ਹੈ। ਬਠਿੰਡੇ ਵਿੱਚ ਖਾਦੀ ਪੀਤੀ ਵਿੱਚ ਗੋਲੀ ਚੱਲੀ ਤੇ ਸਟੇਜ ਉੱਪਰ ਡਾਂਸਰ ਦੀ ਮੌਤ ਹੋ ਗਈ।ਪੱਟੀ ਵਿੱਚ ਇੱਕ ਵਿਆਹ ਵਿੱਚ ਗੋਲੀ ਨਾਲ ਲਾੜੇ ਦਾ ਜੀਜਾ ਮਰ ਗਿਆ। ਹੁਸ਼ਿਆਰਪੁਰ ਵਿੱਚ ਵਿਆਹ ਵਾਲੇ ਘਰੋਂ ਚੱਲੀ ਗੋਲੀ ਨਾਲ ਇੱਕ ਐਮ ਐਸ ਸੀ ਦੀ ਵਿਦਿਆਰਥਣ ਦੀ ਮੌਤ ਹੋ ਗਈ । ਕੋਟਕਪੂਰਾ ਵਿੱਚ ਵਿਆਹ ਵਾਲੇ ਘਰੋਂ ਆਈ ਗੋਲੀ ਨਾਲ ਸੜਕ ਤੇ ਖੇਡਦਾ ਤੀਜੀ ਜਮਾਤ ਦਾ ਬੱਚਾ ਮਰ ਗਿਆ ।

ਪ੍ਰੋਫੈਸਰ ਪੂਰਨ ਸਿੰਘ ਸਿੱਖ ਚਿੰਤਕ ਕਵੀ ਲਿਖਦੇ ਨੇ ----

"ਪੰਜਾਬ ਵਸਦਾ ਗੁਰਾਂ ਦੇ ਨਾਮ ਤੇ

ਪੰਜਾਬ ਜਿਉਂਦਾ ਗੁਰਾਂ ਦੇ ਨਾਮ ਤੇ ।"

ਦਰਅਸਲ ਜਦੋਂ ਪੰਜਾਬ ਦੇ ਲੋਕ ਬਾਣੀ ਪੜਦੇ ਸੀ, ਲੋਕ ਚੜਦੀ ਕਲਾ ਵਿੱਚ ਸੀ ਬੁਰਾਈਆਂ/ਨਸ਼ਿਆਂ ਤੋਂ ਬਚੇ ਸੀ, ਜਦੋਂ ਪਦਾਰਥਵਾਦੀ ਯੁੱਗ ਚ ਬਾਣੀ ਤੋਂ ਦੂਰ ਹੋਏ ਜਾਂ ਟੁੱਟ ਗਏ ਤਾਂ ਅਸੀਂ ਪੰਜਾਬੀ ਅਖੌਤੀ ਮਾਡਰਨ ਤੇ ਐਡਵਾਂਸ ਅਖਵਾਉਣ ਲੱਗੇ। ਮੈਂ ਸੋਚਦਾ ਗੁਰਾਂ ਦੀ ਧਰਤੀ ਪੰਜਾਬ ਨੂੰ ਨਸ਼ਿਆਂ ਰਹਿਤ ਪੰਜਾਬ ਦਾ ਰਾਸ਼ਟਰਪਤੀ ਕੋਲੋਂ ਅਵਾਰਡ ਮਿਲਣਾ ਚਾਹੀਦਾ ਸੀ, ਪਰ ਇੱਥੇ ਤਾਂ ਨਿਤ ਮਜੀਠਾ ਕਾਂਡ ਵਾਪਰਦੇ ਨੇ ਤੇ ਕਿੰਨੇ ਕਿੰਨੇ ਲੋਕ ਮੌਤ ਦੇ ਮੂੰਹ ਜਾ ਪੈਂਦੇ ਨੇ ਤੇ ਸਰਕਾਰਾਂ ਦੀ ਨੀਤੀ ਸ਼ਰਾਬ ਪੀ ਕੇ ਮਰਨ ਵਾਲੇ ਦੇ ਪਰਿਵਾਰ ਨੂੰ 10 ਲੱਖ ਰੁਪਏ, ਪਰਿਵਾਰ ਦੇ ਜੀਅ ਨੂੰ ਨੌਕਰੀ ਅਤੇ ਪਾਕਿਸਤਾਨ ਤੋਂ ਆਏ ਡਰੋਨ ਨਾਲ ਮਰਨ ਵਾਲੇ ਪ੍ਰਾਣੀ ਨੂੰ ਸਿਰਫ ਪੰਜ ਲੱਖ ਰੁਪਏ ਦਿੱਤੇ ਜਾਂਦੇ ਨੇ ।

ਹਿੰਦੁਸਤਾਨ ਦਾ ਬਾਦਸ਼ਾਹ ਬਾਬਰ ਜਦ ਐਮਨਾਬਾਦ ਤੇ ਹਮਲਾ ਕਰਦਾ ਹੈ , ਹਿੰਦੁਸਤਾਨੀ ਲੋਕਾਂ ਨੂੰ ਰੱਜ ਕੇ ਲੁੱਟਦਾ ਕੁੱਟਦਾ, ਮਾਰਦਾ ਤੇ ਬੇਇੱਜਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਕਤਲਗਾਹ ਤੇ ਜਾ ਕੇ ਬਾਬਰ ਨੂੰ ਜਾਬਰ ਕਹਿੰਦੇ ਨੇ ਤੇ ਬਾਬਰ ਗੁਰੂ ਨਾਨਕ ਦੇਵ ਜੀ ਨੂੰ ਗ੍ਰਿਫਤਾਰ ਕਰ ਲੈਂਦਾ ਹੈ ਤੇ ਜੇਲ ਚ ਬੰਦ ਕਰ ਦਿੰਦਾ ਹੈ। ਫਿਰ ਪ੍ਰਭਾਵਿਤ ਹੋ ਕੇ ਗੁਰੂ ਜੀ ਨੂੰ ਰਿਹਾ ਕਰ ਦਿੰਦਾ ਹੈ ਤੇ ਗੁਰੂ ਦੇ ਦਰਸ਼ਨ ਕਰਨ ਦੀ ਬਾਬਰ ਦੇ ਮਨ ਵਿੱਚ ਰੀਝ ਪੈਦਾ ਹੁੰਦੀ ਹੈ ਤੇ ਉਹ ਹਾਕਮ ਤੋਹਫੇ ਵਜੋਂ ਗੁਰੂ ਜੀ ਨੂੰ ਦੇਣ ਲਈ ਸੌਗਾਤ ਵਜੋਂ ਮਹਿੰਗੀ ਸ਼ਰਾਬ ਦਾ ਪਿਆਲਾ ਨਾਲ ਲੈ ਤੁਰਦਾ ਹੈ ਤੇ ਗੁਰੂ ਨਾਨਕ ਦੇਵ ਜੀ ਉਸ ਤੋਹਫੇ ਨੂੰ ਜਹਿਰ ਕਹਿ ਕੇ ਠੁਕਰਾ ਦਿੰਦੇ ਨੇ। ਬਾਬਰ ਵਰਗੇ ਜਾਬਰ ਹਾਕਮ ਦੇ ਤੋਹਫ਼ੇ ਨੂੰ ਠੁਕਰਾਣਾ ਸੌਖਾ ਕੰਮ ਨਹੀਂ ਸੀ। ਪਰ ਗੁਰੂ ਨਾਨਕ ਦੇਵ ਜੀ ਨੇ ਜ਼ੋਰਦਾਰ ਢੰਗ ਨਾਲ ਪਿਆਲੇ ਨੂੰ ਠੁਕਰਾਇਆ। ਅਸੀਂ ਆਪਣੇ ਆਪ ਨੂੰ ਉਸ ਗੁਰੂ ਨਾਨਕ ਦੇ ਪਾਂਧੀ ਸਮਝਦੇ ਹਾਂ, ਪਰ ਜਿਸ ਪਿਆਲੇ ਨੂੰ ਗੁਰੂ ਨਾਨਕ ਦੇਵ ਜੀ ਨੇ ਠੁਕਰਾਇਆ, ਓਸ ਪਿਆਲੇ ਦੀ ਗੁਲਾਮੀ ਆਪਣੇ ਗਲੋਂ ਲਾਹੁਣ ਲਈ ਤਿਆਰ ਨਹੀਂ ਹੁੰਦੇ। ਜਿਹੜੀ ਅਣਖ ਗੁਰੂ ਨਾਨਕ ਨੇ ਭਰੀ ਸੀ, ਉਹ ਪੰਜਾਬੀਆਂ ਦੀ ਅਣਖ ਅਜ ਕਿੱਥੇ ਗਈ?

ਪ੍ਰੋਫੈਸਰ ਪੂਰਨ ਸਿੰਘ ਪੰਜਾਬੀਆਂ ਦੀ ਅਣਖ ਬਾਰੇ ਲਿਖਦੇ ਨੇ,

"ਪਰ ਟੈ ਨਾ ਮੰਨਣ ਕਿਸੇ ਦੀ ਖੜ ਜਾਂਣ ਡਾਂਗਾਂ ਮੋਢੇ ਤੇ ਉਲਾਰ ਕੇ।"

ਤੁਸੀਂ ਮੈਨੂੰ ਸਮਝਾ ਦਿਓ ਕਿ ਸ਼ਰਾਬ ਦੇ ਪਿਆਲਿਆਂ ਵਿੱਚ ਡੁੱਬਿਆਂ ਦੀ ਅਣਖ ਕਿੱਥੇ ਹੁੰਦੀ ਹੈ? ਸ਼ਰਾਬ ਸਾਡੀ ਮਹਿਮਾਨਬਾਜੀ, ਸਾਡੀਆਂ ਵਿਆਹ ਪਾਰਟੀਆਂ ਦੀ ਸ਼ਿੰਗਾਰ ਬਣੀ ਹੋਈ ਹੈ, ਸ਼ਰਾਬ ਪਿਆਉਣ ਨੂੰ ਮਹਿਮਾਨਾਂ ਦੀ ਸੇਵਾ ਦਾ ਕਿਹਾ ਜਾਂਦਾ ਹੈ।ਦੱਸੋ ਹੋਰ ਸਾਡੇ ਮੰਦੇ ਭਾਗ ਕੀ ਹੋ ਸਕਦੇ ਨੇ ?

ਅਮਲ ਬਾਣੀ ਪੜਨ ਦਾ ਰਖਣਾ ਚਾਹੀਦਾ ਹੈ। ਬਾਣੀ ਪੜ ਕੇ ਮਨੁੱਖ ਸਿਆਣਾ ਬਣਦਾ ਹੈ। ਸਿਆਣਿਆਂ ਦੀ ਭੀੜ ਨਹੀਂ ਹੁੰਦੀ ਤੇ ਸਿਆਣਾ ਮਨੁੱਖ ਭੀੜ ਵਿੱਚ ਨਹੀਂ ਗਵਾਚਦਾ। ਹੈਰਾਨਗੀ ਦੀ ਗੱਲ ਉਦੋਂ ਹੁੰਦੀ ਹੈ ਜਦੋਂ ਅੰਮ੍ਰਿਤਧਾਰੀਆਂ ਨੂੰ ਧੀਆਂ ਪੁੱਤਾਂ ਦੇ ਵਿਆਹਾਂ ਵਿੱਚ ਸ਼ਰਾਬਾਂ ਪਿਆਉਂਦਿਆਂ ਦੇਖਦੇ ਹਾਂ। ਜਿਨਾਂ ਨੇ ਪ੍ਰਚਾਰ ਕਰਨ ਚ ਜਿੰਦਗੀ ਲਾਈ ਹੁੰਦੀ ਹੈ ਜਦੋਂ ਅਸੀਂ ਉਹਨਾਂ ਦੇ ਧੀਆਂ ਪੁੱਤਰਾਂ ਦੇ ਵਿਆਹਾਂ ਤੇ ਵੀ ਸ਼ਰਾਬ ਦੀ ਵਰਤੋਂ ਦੇਖਦੇ ਹਾਂ ਤਾਂ ਹੋਰ ਵੀ ਹੈਰਾਨੀ ਹੁੰਦੀ ਹੈ ਤੇ ਵਰਤਾਉਣ ਵਾਲੇ ਕਹਿੰਦੇ ਨੇ, ਜੀ ਅਸੀਂ ਤਾਂ ਪੀਂਦੇ ਨਹੀਂ, ਵਰਤਾਉਣੀ ਤਾਂ ਪੈਣੀ ਹੈ, ਸਮਾਜ ਵਿੱਚ ਤਾਂ ਰਹਿਣਾ ਹੈ। ਇਹਨੂੰ ਤਾਂ ਬਦਨੀਤੀ ਵੀ ਕਹਿੰਦੇ ਹਨ ਤੇ ਡਬਲ ਸਟੈਂਡਰਡ ਵੀ ਕਹਿੰਦੇ ਨੇ।

ਗੁਰੂ ਜੀ ਅਜਿਹੇ ਲੋਕਾਂ ਪ੍ਰਤੀ ਸੁਚੇਤ ਕਰਦੇ ਹਨ —

"ਨਾਨਕ ਕਚੜਿਆ ਸਿਉ ਤੋੜਿ ਢੂਡਿ ਸਜਣ ਸੰਤ ਪਕਿਆ ॥"

ਗੁਰੂ ਜੀ ਇਹ ਵੀ ਫਰਮਾਉਂਦੇ ਨੇ –

"ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿੱਤ੍ਰ ਅਸਾਡੜੇ ਸੇਈ ॥"

ਗੁਰੂ ਜੀ ਇਹ ਵੀ ਸਮਝਾਉਂਦੇ ਨੇ –

"ਜਿਨ ਮਨਿ ਹੋਰੁ ਮੁਖਿ ਹੋਰ ਸਿ ਕਾਂਢੇ ਕੱਚਿਆ ॥"

ਪਰ ਅਸੀਂ ਨਾ ਪੀਣ ਵਾਲੇ ਵੀ ਕੱਚਿਆਂ ਨਾਲੋਂ ਤੋੜਨ ਦੀ ਬਜਾਏ ਉਹਨੂੰ ਖੁਸ਼ ਕਰਨ ਤੇ ਲੱਗੇ ਹੁੰਦੇ ਹਾਂ।

ਇੱਕ ਵਾਰ ਲੁਧਿਆਣੇ ਚ ਕੁਝ ਗੁਰਮੁਖ ਪਿਆਰਿਆਂ ਨੇ ਇਕੱਠਿਆਂ ਹੋ ਕੇ ਇਕ ਮਤਾ ਲਿਆਉਣ ਦਾ ਯਤਨ ਕੀਤਾ ਕਿ ਜਿਹੜਾ ਪਰਿਵਾਰ ਘਰੇਲੂ ਸਮਾਗਮਾਂ ਵਿੱਚ ਸ਼ਰਾਬ ਵਰਤਾਏਗਾ ,ਅਸੀਂ ਉਹਨਾਂ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੇ ਵਿਆਹਾਂ ਸ਼ਾਦੀਆਂ ਵਿੱਚ ਸ਼ਾਮਿਲ ਨਹੀਂ ਹੋਵਾਂਗੇ । ਤੁਸੀਂ ਸੁਣ ਕੇ ਹੈਰਾਨ ਹੋਵੋਗੇ ਜੋ ਰੂਹਾਂ, ਜੋ ਪਰਿਵਾਰ ਸ਼ਰਾਬ ਪੀਂਦੇ ਨਹੀਂ ਤੇ ਪਿਆਉਂਦੇ ਵੀ ਨਹੀਂ, ਸ਼ਰਾਬ ਵਿਰੁੱਧ ਪ੍ਰਚਾਰ ਵੀ ਕਰਦੇ ਨੇ, ਜਿਨਾਂ ਦੇ ਗੁਰਸਿੱਖੀ ਜੀਵਨ ਅੱਗੇ ਸਿਰ ਝੁਕਦਾ ਹੈ , ਉਹ ਵੀ ਮਤੇ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰੀ ਹੋ ਗਏ। ਕਹਿੰਦੇ ਸੁਣੇ ਗਏ "ਦੇਖੋ ਜੀ ਅਸੀਂ ਤਾਂ ਪੀਂਦੇ ਨਹੀਂ, ਅਸੀਂ ਪਿਆਉਂਦੇ ਵੀ ਨਹੀਂ ਪਰ ਰਿਸ਼ਤੇਦਾਰ ਤੇ ਹੁਣ ਸਾਰੇ ਪੀਂਦੇ ਨੇ ਜੀ, ਉਹ ਵਰਤਾਉਂਦੇ ਵੀ ਨੇ ਜੀ, ਰਿਸ਼ਤੇਦਾਰਾਂ ਨੂੰ ਕਿਵੇਂ ਛੱਡ ਦੇਈਏ ਜੀ, ਇਹ ਤਾਂ ਬੜਾ ਮੁਸ਼ਕਿਲ ਹੈ ਜੀ, ਬਾਈਕਾਟ ਕਿਵੇਂ ਕਰ ਸਕਦੇ ਹਾਂ ਜੀ।" ਅਜਿਹੇ ਹਾਲਾਤ ਨੇ ਸਾਡੇ ਸਾਹਮਣੇ ।

ਕਈ ਲੋਕ ਕਹਿੰਦੇ ਨੇ ਜੀ ਕਦੇ ਕਦੇ ਪੀਣ ਨਾਲ ਕੁਝ ਨਹੀਂ ਹੁੰਦਾ ਪਰ

ਬੋਤਲ ਕੀ ਕਹਿੰਦੀ ਹੈ ਉਹ ਵੀ ਸੁਣਨ ਦਾ ਯਤਨ ਕਰਨਾ ਚਾਹੀਦਾ ਹੈ --

ਬੋਤਲ ਕਹਿੰਦੀ ਹੈ– "ਮੂਰਖਾ ਤੂੰ ਮੇਰਾ ਢੱਕਣ ਖੋਲ ਤੇ ਸਹੀ ਮੈ ਉੱਡ ਕੇ ਤੇਰੇ ਮੂੰਹ ਨੂੰ ਚੰਬੜ ਜਾਵਾਂਗੀ, ਭਾਵੇਂ ਮੈਂ ਕੌੜੀ ਹਾਂ ਤੈਨੂੰ ਮਿੱਠੀ ਲੱਗਾਂਗੀ, ਤੇਰਾ ਹੋਰ ਪਿਆਲਾ ਭਰ ਕੇ ਪੀਣ ਨੂੰ ਚਿੱਤ ਕਰੇਗਾ, ਤੂੰ ਮੈਨੂੰ ਵਾਰ ਵਾਰ ਪੀਵੇਂਗਾ, ਇਹ ਵੀ ਅਸੰਭਵ ਨਾ ਜਾਣੀ ਕਿ ਮੈਂ ਪੂਰਨ ਤੌਰ ਤੇ ਤੇਰੇ ਉਪਰ ਕਾਬੂ ਪਾ ਲਵਾਂਗੀ, ਤੇਰੇ ਹੋਸ ਹਵਾੜ ਉੱਡ ਜਾਣਗੇ, ਤੇਰੀ ਜੁਬਾਨ ਥਥਲਾਏਗੀ, ਤੇਰੇ ਹੱਥ ਪੈਰ ਕੰਬਣਗੇ, ਤੂੰ ਸੜਕ ਤੇ ਡਿੱਗਿਆ ਹੋਏਗਾ, ਕੁੱਤੇ ਤੇਰਾ ਮੂੰਹ ਚੱਟਣਗੇ ਤੇ ਲੋਕ ਤੈਨੂੰ ਲਾਹਣਤਾਂ ਪਾਉਣਗੇ।"

ਸੁਣਿਆ ਹੈ ਕਿ ਜਦ ਕੋਈ ਸ਼ਰਾਬ ਦੀ ਬੋਤਲ ਫੜਦਾ ਹੈ ਤਾਂ ਤੋਤੇ ਵਾਂਗ ਗੱਲਾਂ ਕਰਦਾ ਹੈ, ਜਦ ਪੀ ਲੈਂਦਾ ਹੈ ਤਾਂ ਹਾਥੀ ਵਾਂਗ ਝੂਮਦਾ ਹੈ, ਜਦ ਚੜ ਜਾਂਦੀ ਹੈ ਤਾਂ ਖੋਤੇ ਵਾਂਗ ਬੇਵਕੂਫੀ ਦੀਆਂ ਹਰਕਤਾਂ ਕਰਦਾ ਹੈ।

ਗੱਲ ਸਮਝਣੀ ਬੜੀ ਜਰੂਰੀ ਹੈ ਕਿ ਬਿਜਲੀ ਦੇ ਖੰਭੇ ਉਪਰ ਲਿਖਿਆ ਹੁੰਦਾ ਹੈ 'ਖਤਰਾ' ਜਿਸ ਬੰਦੇ ਨੂੰ ਪੰਜਾਬੀ ਨਹੀਂ ਆਉਂਦੀ, ਉਸਨੂੰ ਸਮਝਾਉਣ ਲਈ ਲਿਖਿਆ ਹੁੰਦਾ ਹੈ ਡੇਂਜਰ (Danger), ਜਿਹੜਾ ਅਨਪੜ ਹੋਵੇ ਉਹਨੂੰ ਸਮਝਾਉਣ ਲਈ ਇੱਕ ਖੋਪਰ (ਕਰਾਸ) ਬਣਾਇਆ ਹੁੰਦਾ ਹੈ ਤਾਂ ਕਿ ਉਹ ਸਮਝ ਸਕੇ ਕਿ ਇਸ ਬਿਜਲੀ ਦੇ ਖੰਭੇ ਚ 440 ਵੋਲਟੇਜ ਖਤਰਾ ਹੈ, ਇਸ ਨੂੰ ਹੱਥ ਲਾਉਣ ਨਾਲ ਮੌਤ ਹੋ ਸਕਦੀ ਹੈ। ਬੰਦਾ ਖਤਰਾ ਲਿਖਿਆ ਸਮਝ ਲਵੇ, ਡੇਂਜਰ (ਧਉਨਗੲਰ) ਲਿਖਿਆ ਵੀ ਸਮਝ ਲਵੇ, ਫਿਰ ਕਹੇ ਕਿ ਮੈਂ ਖੰਭੇ ਨੂੰ ਹੱਥ ਲਾ ਕੇ ਦਿਖਾਵਾਂ? ਲੋਕ ਕਹਿਣਗੇ ਇਹ ਤਾਂ ਪੱਕਾ ਪਾਗਲ ਹੈ।

ਇਸੇ ਤਰ੍ਹਾਂ ਸ਼ਰਾਬ ਦੀ ਬੋਤਲ ਤੇ ਲਿਖਿਆ ਹੁੰਦਾ ਹੈ "ਸਿਹਤ ਲਈ ਹਾਨੀਕਾਰਕ ਹੈ" ਪੜਿਆ ਲਿਖਿਆ ਬੰਦਾ ਪੜ ਲਵੇ ਤੇ ਫਿਰ ਕਹੇ ਪੀ ਕੇ ਦਿਖਾਵਾ ? ਫਿਰ ਦੱਸੋ ਉਸ ਤੋਂ ਵੱਡਾ ਕੋਈ ਪਾਗਲ ਹੋ ਸਕਦਾ ਹੈ?

ਰੋਜ਼ਾਨਾ 'ਅਜੀਤ' ਜਲੰਧਰ ਦੀ ਇੱਕ ਰਿਪੋਰਟ ਅਨੁਸਾਰ ਪੰਜਾਬੀ 2024 ਦੀ ਦੀਵਾਲੀ ਦੀ ਇੱਕ ਰਾਤ ਚ 75 ਕਰੋੜ ਦੀ ਸ਼ਰਾਬ ਡਕਾਰ ਗਏ।

ਅਸ਼ਲੀਲ ਗਾਣਿਆਂ, ਗੀਤਕਾਰਾਂ, ਗਾਇਕਾਂ ਦਾ ਵੀ ਪੰਜਾਬ ਨੂੰ ਬਰਬਾਦ ਕਰਨ ਚ ਵੱਡਾ ਰੋਲ ਹੈ।

ਕਾਫੀ ਸਾਲ ਪੁਰਾਣੀ ਗੱਲ ਹੈ ਇੱਕ ਗੀਤ ਮੇਰੇ ਕੰਨੀ ਪਿਆ---

"ਹੋਸਟਲ ਦੇ ਵਿੱਚ ਇੱਕ ਦਿਨ ਦੇ ਲਈ ਕਮਰਾ ਲੈ ਦਿਓ ਜੀ

ਯਾਰਾਂ ਦੇ ਨਾਲ ਬਹਿ ਕੇ ਦਾਰੂ ਪੀਣੀ ਆ।"

ਵਿਦਿਅਕ ਅਦਾਰੇ ਵਿਦਿਆ ਦਾ ਮੰਦਰ ਹੁੰਦੇ ਨੇ ਤੇ ਮੰਦਰ ਵਿੱਚ ਦਾਰੂ ਪੀਣ ਦਾ ਕੀ ਕੰਮ?

ਵਿਦਿਆ ਦਾ ਮੰਤਵ ਵਿਦਿਆਰਥੀ ਦੀ ਸ਼ਖਸੀਅਤ ਦਾ ਸਰਪੱਖੀ ਵਿਕਾਸ ਕਰਨਾ, ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਕਰਨਾ, ਵਿਦਿਆਰਥੀ ਨੂੰ ਪੈਰਾਂ ਤੇ ਖੜੇ ਕਰਨਾ, ਜਿੰਦਗੀ ਦੇ ਚੱਜ ਆਚਾਰ ਸਿਖਾਉਣਾ,ਜਿੰਦਗੀ ਦੀਆਂ ਚਣੌਤੀਆਂ (Challenges) ਨਾਲ ਮੁਕਾਬਲਾ ਕਰਨਾ ਸਿਖਾਉਣਾ ਹੈ, ਵਿਦਿਆਰਥੀਆਂ ਅੰਦਰ ਸੂਝ, ਬੂਝ ਤੇ ਸਿਆਣਪ ਪੈਦਾ ਕਰਨਾਂ ਹੈ। ਪਰ ਜੇ ਹੋਸਟਲ ਦੇ ਕਮਰੇ ਦਾਰੂ ਪੀਣ ਲਈ ਬੁਕ ਕਰਨੇ ਹਨ ਤਾਂ ਪੜ੍ਹਾਈ ਕਰਨ ਲਈ ਮੜੀਆਂ (ਕਬਰਾਂ ) ਬੁੱਕ ਕਰਨੀਆਂ ਪੈਣਗੀਆਂ। ਕਿਉਂਕਿ ਫਿਰ ਸ਼ਰਾਬ ਪੀ ਕੇ ਤਾਂ ਬੰਦਾ ਮੜੀਆਂ 'ਚ ਹੀ ਜਾਊ ਨਾ।

ਕੀ ਅਜਿਹੇ ਗਾਣੇ ਲਿਖਣੇ ਦੇਸ਼ ਧਰੋਹੀ ਨਹੀਂ? ਅਜਿਹੇ ਗਾਣੇ ਗਾਉਣੇ ਦੇਸ਼ ਧਰੋਈ ਨਹੀਂ? ਡੀਜੇ ਲਗਾ ਕੇ ਅਜਿਹੇ ਗਾਣਿਆਂ ਤੇ ਡਾਂਸ ਕਰਨ ਵਾਲਿਆਂ ਨੂੰ ਦੇਸ਼ ਧਰੋਹੀ ਗ਼ਰਦਾਨ ਕੇ ਐਫ ਆਈ ਆਰ ਦਰਜ ਨਹੀਂ ਕਰਨੀ ਚਾਹੀਦੀ? ਕੀ ਅਜਿਹਾ ਕਾਨੂੰਨ ਨਹੀਂ ਬਣਨਾ ਚਾਹੀਦਾ? ਕੀ ਮਨੁੱਖੀ ਜਾਨਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ?

ਜੇ ਸੁਚੇਤ ਨਾ ਹੋਏ, ਜੇ ਨਾ ਜਾਗੇ, ਜੇ ਸੁੱਤੇ ਰਹਿ ਗਏ, ਫਿਰ ਹੋਰ ਕਈ ਮਜੀਠਾ ਕਾਂਡ ਵਾਪਰਨਗੇ। ਕਿੰਨੀਆਂ ਮਾਵਾਂ ਦੀ ਮਮਤਾ ਕੁਰਲਾਏਗੀ? ਕਿੰਨੀਆਂ ਸੁਹਾਗਣਾਂ ਵਿਧਵਾ ਹੋਣਗੀਆਂ? ਕਿੰਨੇ ਬੱਚੇ ਅਨਾਥ ਹੋਣਗੇ? ਫਿਰ ? ਫਿਰ??

"ਡੁੱਬੇਗੀ ਕਿਸ਼ਤੀ ਤੋ ਡੁਬੋਗੇ ਸਾਰੇ ਨਾ ਬਚੋਗੇ ਤੁਸੀਂ ਨਾ ਸਾਥੀ ਤੁਮਾਰੇ।"

ਮੇਰੇ ਪਿੰਡ ਦਾ ਇੱਕ ਬੰਦਾ ਆਪਣੇ ਬਿਮਾਰ ਪੁੱਤ ਨੂੰ ਡੀ ਐਮ ਸੀ ਲੁਧਿਆਣੇ ਲੈ ਕੇ ਆਇਆ, ਉਹ ਪੁੱਤਰ ਸ਼ਰਾਬ ਬਹੁਤ ਪੀਂਦਾ ਸੀ , ਜਿਸ ਕਾਰਨ ਉਹਦਾ ਪਿਸ਼ਾਬ ਰੁਕ ਗਿਆ ਤੇ ਉਸ ਦੀ ਮੌਤ ਹੋ ਗਈ। ਡਾਕਟਰਾਂ ਨੇ ਦੱਸਿਆ ਕਿ ਮੌਤ ਦਾ ਕਾਰਨ ਸ਼ਰਾਬ ਦਾ ਜਿਆਦਾ ਪੀਣਾ ਸੀ। ਪਰ ਇਸ ਵਾਪਰੇ ਇਤਿਹਾਸ ਤੋਂ ਬਾਪ ਨੇ ਵੀ ਸਬਕ ਨਹੀਂ ਲਿਆ, ਅੱਜ ਤੱਕ ਵੀ ਓਹ ਬਾਪ ਸ਼ਰਾਬ ਪੀਂਦਾ ਹੈ।

ਡਾ. ਸਰਬਜੀਤ ਸਿੰਘ ਰੇਣਕਾ ਦੀ ਧੀ ਡਾ ਜਲ ਨਿਧ ਕੌਰ ਦਾ ਆਨੰਦ ਕਾਰਜ ਹੋਇਆ। ਕੋਈ ਪੈਲਸ ਬੁੱਕ ਨਹੀਂ ਕੀਤਾ, ਕੋਈ ਸ਼ਰਾਬ ਦੇ ਦੌਰ ਨਹੀਂ ਚੱਲੇ ।ਸਵੇਰੇ 6 ਵਜੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਇਆ, 9 ਵਜੇ ਤੱਕ ਅਨੰਦ ਕਾਰਜ ਸੰਪੂਰਨ ਹੋਇਆ ਤੇ ਸਵੇਰੇ 11 ਵਜੇ ਗੁਰੂ ਘਰ ਦੇ ਕਮਿਊਨਟੀ ਹਾਲ ਵਿਚ ਪ੍ਰੀਤੀ ਭੋਜਨ ਤੋਂ ਬਾਅਦ ਵਿਆਹੁਤਾ ਜੋੜੀ ਵਿਆਹ ਕਰਾਕੇ ਆਪਣੇ ਘਰ ਪਹੁੰਚ ਗਈ। ਉਹਨਾਂ ਦੀ ਨੱਕ ਤਾ ਖਰਾਬ ਹੋਈ ਨਹੀਂ? ਅਸੀਂ ਨੱਕ ਦੀ ਪਰਵਾਹ ਦਾ ਹਵਾਲਾ ਦੇ ਕੇ ਇਥੇ ਅਡੰਬਰ ਕਰਦੇ ਹਾਂ, ਸ਼ਰਾਬਾਂ ਪੀਂਦੇ ਹਾਂ ਤੇ ਫਿਰ ਮੌਤ ਦੇ ਮੂੰਹ ਡਿਗਦੇ ਹਾਂ।

ਡੁੱਲੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ। ਆਓ ਸੰਭਲੀਏ, ਗੁਰੂ ਦੀ ਬਾਣੀ ਨਾਲ ਜੁੜੀਏ, ਸਹਿਜ ਪਾਠ ਕਰੀਏ, ਫਿਰ ਨਸ਼ੇ ਸਾਡੇ ਘਰਾਂ ਚੋਂ ਨਿਕਲਣਗੇ, ਸਰਾਬ ਵਰਗੀਆਂ ਭੈੜੀਆਂ ਆਦਤਾਂ ਤੋਂ ਅਸੀਂ ਬਚਾਂਗੇ, ਸਾਡੇ ਪਰਿਵਾਰ ਸੁਖੀ ਵਸਣਗੇ, ਗੁਰਾਂ ਦਾ ਪੰਜਾਬ ਸੁਖੀ ਵਸੇਗਾ ਤੇ ਫਿਰ ਸੰਸਾਰ ਵੀ ਸੁਖੀ ਵਸੇਗਾ।

–0–

# ਤਪਸ਼ ਅਤੇ ਲੂਅ ਦਾ ਮਹੀਨਾ ਜੇਠ

–ਹਰਮਨਪ੍ਰੀਤ ਸਿੰਘ
98550–10005

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਜੇਠ ਦੇ ਮਹੀਨੇ ਦੀ ਤਪਸ਼ ਵਿੱਚ ਜੋ ਵੀ ਮਨੁੱਖ ਅਕਾਲ ਪੁਰਖ ਦੀ ਸਿਫ਼ਤਿ–ਸਾਲਾਹ ਕਰਕੇ ਉਸ ਨੂੰ ਆਪਣੇ ਮਨ ਵਿੱਚ ਵਸਾ ਲੈਂਦਾ ਹੈ, ਉਸ ਨੂੰ ਹਿਰਦੇ ਵਿੱਚ ਅਨੁਭਵ ਕਰ ਲੈਂਦਾ ਹੈ, ਉਹ ਉਸ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਕੋਈ ਤਪਸ਼ ਨਹੀਂ ਪੋਂਹਦੀ। ਅਜਿਹੇ ਜੀਵ ਨੂੰ ਉਸ ਅਕਾਲ ਪੁਰਖ ਦੀ ਸਿਰਜੀ ਹਰ ਰੁੱਤ, ਹਰ ਮੌਸਮ ਚੰਗਾ ਲੱਗਦਾ ਹੈ। ਨਾਨਕਸ਼ਾਹੀ ਜੰਤਰੀ ਦੇ ਹਿਸਾਬ ਨਾਲ ਜੇਠ ਦਾ ਮਹੀਨਾ ਸਾਲ ਦੇ ਦੇਸੀ ਮਹੀਨਿਆਂ ਦਾ ਤੀਜਾ ਮਹੀਨਾ ਹੈ। ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਤੇ ਨਵੀਂ ਮੌਸਮੀ ਤਬਦੀਲੀ ਲੈ ਕੇ ਆਉਂਦਾ ਹੈ। ਹਰ ਮਹੀਨਾ, ਹਰ ਰੁੱਤ, ਆਪਣੇ ਆਪ ਵਿੱਚ ਖ਼ਾਸ ਹੁੰਦੀ ਹੈ।

ਜੇਠ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਮਈ ਤੋਂ ਸ਼ੁਰੂ ਹੋ ਕੇ ਅੱਧ ਜੂਨ ਤੱਕ ਦਾ ਹੁੰਦਾ ਹੈ। ਇਹ ਮਹੀਨਾ ਆਪਣੇ ਆਪ ’ਚ ਗਰਮ ਮਹੀਨਾ ਹੁੰਦਾ ਹੈ। ਇਸ ਮਹੀਨੇ ਧਰਤ ਦੀ ਹਿੱਕ ’ਤੇ ਬੇਪਰਵਾਹ ਜਿਹੇ ਖੜ੍ਹੇ ਅੰਬਾਂ ਦੇ ਰੁੱਖਾਂ ’ਤੇ ਲੱਗੀਆਂ ਅੰਬੀਆਂ ਸੂਰਜ ਦੀ ਪਹਿਲੀ ਕਿਰਨ ਨਾਲ ਹੀ ‘ਪਹੁ ਫੁੱਟਦਿਆਂ ਸਾਰ’ ਚਾਰੇ ਪਾਸੇ ਮਹਿਕਾਂ ਫੈਲਾਅ ਰਹੀਆਂ ਹੁੰਦੀਆਂ ਹਨ। ਕੁਦਰਤ ਦੀ ਕਾਇਨਾਤ ’ਚ ਮਿੰਨੀ–ਮਿੰਨੀ ਵਗਦੀ ਲੂ ’ਚ ਝੂਲਦੇ ਲੀਚੀਆਂ, ਆੜੂਆਂ ਤੇ ਅਨਾਰਾਂ ਦੇ ਰੁੱਖ ਧਰਤ ਦਾ ਰੂਪ ਸ਼ਿੰਗਾਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਨੂੰ ਲੂਆਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ।



ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ ਆਪਣਾ ਅਸਰ ਹਰ ਪਸ਼ੂ, ਪੰਛੀ, ਰੁੱਖ ਅਤੇ ਮਨੁੱਖ ’ਤੇ ਦਿਖਾਉਂਦੀ ਹੈ। ਇਸ ਮੌਸਮ ’ਚ ਵਗਦੀ ਲੂ ਫੁੱਲ, ਪੱਤੀਆਂ ਅਤੇ ਮਨੁੱਖੀ ਸਰੀਰਾਂ ਨੂੰ ਜਦੋਂ ਛੂਹ ਕੇ ਲੰਘਦੀ ਹੈ ਤਾਂ ਇੱਕ ਵਾਰ ਤਾਂ ਜੇਠ ਮਹੀਨਾ ਆਪਣੇ ਗਰਮ ਸੁਭਾਅ ਦਾ ਅਹਿਸਾਸ ਕਰਵਾ ਜਾਂਦਾ ਹੈ। ਇਉਂ ਜਾਪਦਾ ਕਿ ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ ’ਚ ਤਪਦੀ ਧਰਤੀ ਦੀ ਰੂਹ ਵੀ ਪਾਣੀ–ਪਾਣੀ ਕੁਰਲਾਉਂਦੀ ਹੋਵੇ। ਸੱਥਾਂ ਵਿੱਚ ਲੱਗੇ ਪਿੱਪਲ ਅਤੇ ਬੋਹੜ ਦੀਆਂ ਛਾਵਾਂ ’ਚ ਬੈਠੇ ਲੋਕ ਭੱਠ ਵਾਂਗ ਤਪਦੀ ਧਰਤੀ ਨੂੰ ਵੇਖ ਪਰਮਾਤਮਾ ਨੂੰ ਛਿੱਟ ਮੀਂਹ ਦੀ ਪਾਉਣ ਦੀ ਅਰਜੋਈ ਕਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਚਾਰੇ ਪਾਸੀ ਵਗਦੀ ਲੂ ਕਾਰਨ ਟੋਬੇ, ਖੂਹ ਸੁੱਕਣ ਕੰਢੇ ਜਾ ਪੁੱਜਦੇ ਹਨ। ਜੇ ਕਿਤੇ ਜੇਠ ਮਹੀਨੇ ਕਿਤੇ ਇੱਕ–ਦੋ ਮੀਂਹ ਪੈ ਜਾਣ ਤਾਂ ਪਸ਼ੂ, ਪੰਛੀ ਤੇ ਮਨੁੱਖ ਜੇਠ ਮਹੀਨੇ ਦੀ ਗਰਮੀ ਨੂੰ ਭੁੱਲ ਕੁੱਝ ਸਮੇਂ ਲਈ ਠੰਢੇ ਬੁੱਲਿਆਂ ਦਾ ਆਨੰਦ ਮਾਣਦੇ ਨਜ਼ਰ ਆਉਂਦੇ ਹਨ।

ਜੇਠ ਦਾ ਮਹੀਨਾ ਸਦਾ ਤੋਂ ਅਜਿਹਾ ਨਹੀਂ ਸੀ। ਜੇ ਕਹਿ ਲਈਏ ਕਿ ‘ਜਿਹੇ ਲੋਕ ਤਹੀਆਂ ਰੁੱਤਾਂ’ ਤਾਂ ਗ਼ਲਤ ਨਹੀਂ ਹੋਵੇਗਾ ਕਿਉਂਕਿ ਮਨੁੱਖ ਨੇ ਆਪਣੇ ਸੁਆਰਥ ਲਈ ਕੁਦਰਤ ਨਾਲ ਜਦੋਂ ਤੋਂ ਛੇੜ–ਛਾੜ ਕਰਨੀ ਸ਼ੁਰੂ ਕੀਤੀ, ਬਸ ਉਦੋਂ ਤੋਂ ਹੀ ਮੌਸਮੀ ਚੱਕਰ ’ਚ ਆਈ ਤਬਦੀਲੀ ਨੇ ਰੁੱਤਾਂ ਦਾ ਸੁਭਾਅ ਵੀ ਬਦਲ ਕੇ ਰੱਖ ਦਿੱਤਾ ਹੈ।

ਇਸ ਮਹੀਨੇ ਜਿੱਥੇ ਚਾਰੇ ਪਾਸੇ ਵਗਦੀ ਲੂ ਨੇ ਮਨੁੱਖੀ ਚਿਹਰਿਆਂ ਤੋਂ ਰੌਣਕ ਉਡਾਈ ਹੁੰਦੀ ਹੈ, ਉੱਥੇ ਹੀ ਅਮਲਤਾਸ ਤੇ ਗੁਲਮੋਹਰ ਜਿਹੇ ਰੁੱਖਾਂ ’ਤੇ ਇਉਂ ਜਾਪਦਾ ਜਿਵੇਂ ਜੇਠ ਮਹੀਨੇ ਬਾਹਰ ਰੁੱਤ ਮੁਹੱਬਤ ਦੀ ਬਾਤ ਪਾਉਣ ਆਈ ਹੋਵੇ, ਇਸੇ ਨੂੰ ਹੀ ਤਾਂ ਕੁਦਰਤ ਕਹਿੰਦੇ ਨੇ ਤੇ ਇਸੇ ਨੂੰ ਕੁਦਰਤ ਦੇ ਰੰਗ। ਜੇਠ ਦੇ ਮਹੀਨੇ ਅਮਲਤਾਸ ਦੇ ਰੁੱਖਾਂ ’ਤੇ ਖਿੜੇ ਪੀਲੇ, ਕੇਸਰੀ ਰੰਗਾਂ ਦੇ ਫੁੱਲ ਇਸ ਮਹੀਨੇ ਦੇ ਤਪਸ਼ ਭਰੇ ਮਾਹੌਲ ’ਚ ਵੀ ਮਨੁੱਖੀ ਮਨਾਂ ਨੂੰ ਮੋਹ ਲੈਂਦੇ ਹਨ। ਜੇਠ ਮਹੀਨਾ ਚੜ੍ਹਦੇ ਹੀ ਇਹ ਖ਼ੂਬਸੂਰਤ ਰੁੱਖ ਫੁੱਲਾਂ ਨਾਲ ਲੱਦਿਆ ਜਾਂਦਾ ਹੈ। ਜੇਠ ਦੇ ਤਪਦੇ ਮਹੀਨੇ ’ਚ ਬਹਾਰ ਰੁੱਤ ਦੇ ਰੁੱਖਾਂ ਵਾਂਗ ਖਿੜਨ ਤੇ ਗਰਮ ਵਗਦੀਆਂ ਹਵਾਵਾਂ ਨਾਲ ਮੁਹੱਬਤ ਦੀਆਂ ਬਾਤਾਂ ਪਾਉਣੀਆਂ ਕੋਈ ਅਮਲਤਾਸ ਦੇ ਰੁੱਖਾਂ ਤੋਂ ਸਿੱਖੇ। ਭੱਠ ਵਾਂਗ ਤਪਦੇ ਇਸ ਮਹੀਨੇ ’ਚ ਅਮਲਤਾਸ ਦੇ ਰੁੱਖ ਇਉਂ ਜਾਪਦੇ ਨੇ ਕਿ ਇਹ ਸੰਸਾਰ ਨੂੰ ਸੰਦੇਸ਼ ਦਿੰਦੇ ਹੋਣ ਕਿ ਮੌਸਮ, ਬਹਾਰਾਂ ਤੇ ਜ਼ਿੰਦਗੀ ’ਚ ਉਤਰਾਅ–ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ, ਉਨ੍ਹਾਂ ਦੀ ਪਰਵਾਹ ਕੀਤੇ ਬਿਨਾਂ ਚੱਲਦੇ ਰਹੋ, ਖ਼ੁਸ਼ ਰਹੋ ਅਤੇ ਖਿੜੇ ਰਹੋ।

ਇਸੇ ਤਰ੍ਹਾਂ ਗੁਲਮੋਹਰ ਰੁੱਖ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ’ਤੇ ਆ ਕੇ ਲਾਲ–ਸੂਹੇ ਹੋ ਕੇ ਕੁਦਰਤ ’ਚ ਆਪਣਾ ਰੰਗ ਭਰਦੇ ਨਜ਼ਰ ਆਉਂਦੇ ਹਨ। ਗੁਲਮੋਹਰ ਦੇ ਫੁੱਲ ਵੇਖਣ ਵਾਲਿਆਂ ਦੇ ਮਨ ਮੋਹ ਲੈਂਦੇ ਹਨ। ਜੇਠ ਦੇ ਤਪਦੇ ਮਹੀਨੇ ’ਚ ਅਮਲਤਾਸ ਤੇ ਗੁਲਮੋਹਰ ਦੇ ਰੁੱਖਾਂ ’ਚ ਘਿਰਿਆ ਮਨੁੱਖ ਜੇਠ ਮਹੀਨੇ ਦੀ ਤਪਸ਼ ਭੁੱਲ ਕੇ ਬਹਾਰ ਰੁੱਤ ਦਾ ਆਨੰਦ ਮਾਣਦਾ ਨਜ਼ਰ ਆਉਂਦਾ ਹੈ।

ਜੇਠ ਦੇ ਮਹੀਨੇ ’ਚ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਕਰਨ ਦੀ ਵਿਉਂਤਬੰਦੀ ਕਰਦੇ ਹਨ। ਇਸ ਮਹੀਨੇ ਖੇਤ ਦੂਰ–ਦੂਰ ਤੱਕ ਜ਼ਿਆਦਾਤਰ ਖਾਲੀ ਹੀ ਨਜ਼ਰ ਆਉਂਦੇ ਹਨ, ਦੂਰ–ਦੂਰ ਤੱਕ ਖਾਲੀ ਪਏ ਖੇਤਾਂ ਦਾ ਕਾਰਨ ਇਹ ਵੀ ਹੈ ਕਿ ਮੌਜੂਦਾ ਸਮੇਂ ਕਿਸਾਨ ਦੋ ਹੀ ਮੁੱਖ ਫ਼ਸਲਾਂ ਦੀ ਬਿਜਾਈ ਕਰਦੇ ਹਨ, ਇੱਕ ਕਣਕ ਤੇ ਦੂਜੀ ਝੋਨਾ, ਜੇ ਕਿਤੇ ਨਾਲ ਹੋਰ ਫ਼ਸਲਾਂ ਦੀ ਬਿਜਾਈ ਵੀ ਕੀਤੀ ਜਾਵੇ ਤਾਂ ਜੇਠ ਦੇ ਮਹੀਨੇ ’ਚ ਦੂਰ–ਦੂਰ ਤੱਕ ਖੇਤ ਇਉਂ ਖਾਲੀ ਨਜ਼ਰ ਨਾ ਆਉਣ, ਨਾਲ ਹੀ ਧਰਤੀ ਦੀ ਤਪਸ਼ ਘਟਾਉਣ ਲਈ ਸਾਨੂੰ ਇਸ ਕਣਕ, ਝੋਨੇ ਦੇ ਫ਼ਸਲੀ ਚੱਕਰ ’ਚੋਂ ਨਿਕਲ ਕੇ ਹੋਰ ਮੌਸਮੀ ਫ਼ਸਲਾਂ ਦੀ ਪੈਦਾਵਾਰ ਵਧਾਉਣੀ ਪਵੇਗੀ। ਨਤੀਜੇ ਵਜੋਂ ਧਰਤੀ ਦੀ ਤਪਸ਼ ਘਟੇਗੀ, ਪਾਣੀ ਦੀ ਵਰਤੋਂ ਘਟੇਗੀ ਅਤੇ ਤੇਜ਼ੀ ਨਾਲ

ਮੌਸਮੀ ਬਦਲਾਅ 'ਚ ਆਉਂਦੀ ਖ਼ਤਰਨਾਕ ਤਬਦੀਲੀ ਘਟੇਗੀ, ਸੋ ਖ਼ਤਰਨਾਕ ਮੌਸਮੀ ਬਦਲਾਅ ਨੂੰ ਰੋਕਣ ਲਈ ਸਾਨੂੰ ਖ਼ੁਦ ਨੂੰ ਬਦਲਣਾ ਪਵੇਗਾ। ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰਨੀ ਹੋਵੇਗੀ, ਕੁਦਰਤੀ ਸਰੋਤਾਂ ਦਾ ਦੁਰਉਪਯੋਗ ਬੰਦ ਕਰਨਾ ਹੋਵੇਗਾ ਤਾਂ ਜੋ ਕੋਈ ਵੀ ਮਹੀਨਾ ਮੌਸਮੀ ਤਬਦੀਲੀ ਕਾਰਨ ਆਪਣਾ ਪੁਰਾਤਨ ਰੂਪ ਨਾ ਗੁਆ ਬੈਠੇ।

ਇਹ ਵੀ ਦੇਖਣ, ਸੁਣਨ ਵਿੱਚ ਆਇਆ ਹੈ ਕਿ ਪੁਰਾਤਨ ਸਮਿਆਂ 'ਚ ਜਿਸ ਮਹੀਨੇ ਬੱਚੇ ਨੇ ਜਨਮ ਲੈਣਾ ਤਾਂ ਘਰ ਦੇ ਬਜ਼ੁਰਗਾਂ ਨੇ ਉਸ ਮਹੀਨੇ 'ਤੇ ਹੀ ਝੱਟ-ਪੱਟ ਬੱਚੇ ਦਾ ਨਾਂ ਰੱਖ ਦੇਣਾ ਜਿਵੇਂ ਜੇਠ ਮਹੀਨਾ ਚੱਲ ਰਿਹਾ ਹੈ ਤਾਂ ਜੇਠੂ ਮੱਲ, ਜੇਠਾ ਸਿਉਂ, ਜੇਠੇ ਖਾਂ ਆਦਿ। ਜੇਠ ਮਹੀਨੇ ਦਾ ਪੰਜਾਬੀ ਸੱਭਿਆਚਾਰ ਨਾਲ ਵੀ ਗੂੜ੍ਹਾ ਸਬੰਧ ਹੈ, ਜਿੱਥੇ 'ਜੇਠ' ਸ਼ਬਦ ਜੇਠ ਮਹੀਨੇ ਨਾਲ ਸਬੰਧਤ ਹੈ, ਉੱਥੇ ਹੀ 'ਜੇਠ' ਸ਼ਬਦ ਸਮਾਜਿਕ ਰਿਸ਼ਤਿਆਂ 'ਚ ਵੀ ਕਈ ਥਾਈਂ ਵਰਤਿਆ ਜਾਂਦਾ ਹੈ। ਸਮਾਜਿਕ ਰਿਸ਼ਤਿਆਂ 'ਚ 'ਜੇਠ' ਸ਼ਬਦ ਦਾ ਸ਼ਾਬਦਿਕ ਅਰਥ ਵੱਡਾ ਹੁੰਦਾ ਹੈ, ਘਰ 'ਚ ਪਹਿਲੇ ਜਨਮ ਲੈਣ ਵਾਲੇ ਬੱਚੇ ਨੂੰ ਜੇਠਾ ਕਿਹਾ ਜਾਂਦਾ ਜੋ ਅੱਜ ਵੀ ਪ੍ਰਚੱਲਿਤ ਹੈ। ਇਉਂ ਹੀ ਪੁਰਾਤਨ ਸਮਿਆਂ 'ਚ ਘਰ ਦੇ ਮੋਢੀ ਪੁਰਸ਼ ਨੂੰ ਵੀ 'ਜੇਠ' ਆਖ ਬੁਲਾਇਆ ਜਾਂਦਾ ਸੀ ਅਤੇ ਵਿਆਹੁਤਾ ਜੀਵਨ ਹੰਢਾ ਰਹੀਆਂ ਇਸਤਰੀਆਂ ਦਾ ਆਪਣੇ ਪਤੀ ਦੇ ਵੱਡੇ ਭਰਾ ਨਾਲ ਰਿਸ਼ਤਾ ਵੀ 'ਜੇਠ' ਵਾਲਾ ਹੁੰਦਾ ਹੈ।

ਜਿੱਥੇ ਜੇਠ ਮਹੀਨਾ ਆਪਣੇ ਕੁਦਰਤੀ ਸੁਭਾਅ ਕਾਰਨ ਗਰਮ ਮਹੀਨਾ ਤਾਂ ਹੁੰਦਾ ਹੀ ਹੈ, ਉੱਥੇ ਹੀ ਇਸ ਮਹੀਨੇ ਦੀ ਤਪਸ਼ ਵਧਾਉਣ 'ਚ ਮਨੁੱਖ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਪਾਣੀ ਦੀ ਦੁਰਵਰਤੋਂ, ਇਸੇ ਮਹੀਨੇ ਕਣਕ ਦੀ ਕਟਾਈ ਮਗਰੋਂ ਨਾੜ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਵਾਤਾਵਰਨ ਨੂੰ ਗੰਧਲਾ ਕਰਨ ਦੇ ਨਾਲ-ਨਾਲ ਤਪਸ਼ ਵੀ ਵਧਾ ਰਹੇ ਹਾਂ। ਦੂਜੇ ਪਾਸੇ ਜੇਠ ਮਹੀਨਾ ਚੜ੍ਹਦੇ ਹੀ ਮੋਟਰ ਗੱਡੀਆਂ, ਦਫ਼ਤਰਾਂ, ਘਰੇਲੂ ਤੇ ਵਪਾਰਕ ਥਾਵਾਂ 'ਤੇ ਚੱਲਦੇ ਏਅਰਕੰਡੀਸ਼ਨਰ ਬਾਹਰੀ ਤਪਸ਼ ਵਧਾਉਣ 'ਚ ਆਪਣਾ ਪੂਰਾ ਯੋਗਦਾਨ ਪਾਉਂਦੇ ਹਨ। ਏਅਰਕੰਡੀਸ਼ਨਰ ਵੱਲੋਂ ਬਾਹਰ ਵੱਲ ਛੱਡੀ ਗਰਮ ਹਵਾ ਵਾਤਾਵਰਨ 'ਚ ਗਰਮੀ ਵਧਾਉਣ ਦਾ ਕੰਮ ਕਰਦੀ ਹੈ ਤੇ ਅਸੀਂ ਦੋਸ਼ ਇਕੱਲਾ ਜੇਠ ਮਹੀਨੇ ਨੂੰ ਹੀ ਦਈ ਜਾਂਦੇ ਹਾਂ। ਅਸੀਂ ਇਸ ਮਹੀਨੇ ਦੀ ਤਪਸ਼ ਘਟਾ ਸਕਦੇ ਹਾਂ, ਆਪਣੇ ਆਲੇ ਦੁਆਲੇ ਰੁੱਖ ਲਗਾ ਕੇ, ਜੰਗਲਾਂ ਹੇਠਲਾ ਰਕਬਾ ਵਧਾ ਕੇ ਜਿੱਥੇ ਖ਼ੂਬਸੂਰਤ ਵਾਤਾਵਰਨ ਸਿਰਜ ਸਕਦੇ ਹਾਂ, ਉੱਥੇ ਹੀ ਤਪਦੇ ਜੇਠ ਮਹੀਨੇ ਨੂੰ ਕੁੱਝ ਹੱਦ ਤੱਕ ਠੰਢਾ ਰੱਖਣ ਦਾ ਯਤਨ ਵੀ ਕਰ ਸਕਦੇ ਹਾਂ।

-0-

# ਪੰਜਾਬ ਦੇ ਦੋਆਬੇ

**ਅਜ਼ਾਦ ਦੀਪ ਸਿੰਘ # 98148-98179**

**ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੋਆਬਾ ਕਿਹਾ ਜਾਂਦਾ ਹੈ। ਦੋ ਆਬ ਯਾਨੀ ਦੋ ਪਾਣੀ। ਪੰਜਾਬ ਦਾ ਮੈਦਾਨੀ ਇਲਾਕਾ ਦੋਆਬਿਆਂ ਵਿੱਚ ਵੰਡਿਆ ਹੋਇਆ ਹੈ। ਆਮ ਤੌਰ 'ਤੇ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ਦੋਆਬਾ ਕਿਹਾ ਜਾਂਦਾ ਹੈ, ਜਦੋਂਕਿ ਪੰਜਾਬ ਦੇ ਸਾਰੇ ਦਰਿਆਵਾਂ ਦੇ ਵਿਚਕਾਰਲਾ ਖੇਤਰ ਦੋਆਬਾ ਹੁੰਦਾ ਹੈ। ਮੁਗ਼ਲ ਰਾਜ ਸਮੇਂ ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਭਾਵ ਦੋਆਬਿਆਂ ਦੇ ਨਾਮ ਦੋਵਾਂ ਦਰਿਆਵਾਂ ਦੇ ਪਹਿਲੇ ਹਰਫ਼ਾਂ ਨੂੰ ਜੋੜ ਕੇ ਘੜੇ ਗਏ। ਸਿੰਧ ਤੇ ਜਿਹਲਮ ਵਿਚਲਾ ਇਲਾਕਾ ਸਿੰਧ ਸਾਗਰ ਦੋਆਬ, ਚਨਾਬ ਤੇ ਜਿਹਲਮ ਵਿਚਕਾਰਲਾ ਇਲਾਕਾ ਚਜ ਦੋਆਬ, ਰਾਵੀ ਤੇ ਚਨਾਬ ਦਰਮਿਆਨ ਦਾ ਇਲਾਕਾ ਰਚਨਾ ਦੋਆਬ, ਬਿਆਸ ਤੇ ਰਾਵੀ ਵਿਚਕਾਰਲੀ ਧਰਤੀ ਬਾਰੀ ਦੋਆਬ, ਬਿਆਸ ਤੇ ਸਤਲੁਜ ਵਿਚਕਾਰ ਦੀ ਧਰਤੀ ਬਿਸਤ ਦੋਆਬ ਅਖਵਾਉਂਦੀ ਹੈ।**



ਪੰਜਾਬ ਰਾਜ ਹਿੰਦੋਸਤਾਨ ਦਾ ਉੱਤਰ ਪੱਛਮੀ ਇਲਾਕਾ ਹੈ। ਪੰਜਾਬ ਨਾਂ ਦੋ ਫ਼ਾਰਸੀ ਸ਼ਬਦਾਂ 'ਪੰਜ' ਅਤੇ 'ਆਬ' ਦੇ ਜੋੜ ਤੋਂ ਬਣਿਆ ਹੈ। ਹੌਲੀ ਹੌਲੀ ਇਹ ਪੰਜਾਬ ਸ਼ਬਦ ਬਣ ਗਿਆ, ਜਿਸ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਯੂਨਾਨੀ ਇਤਿਹਾਸਕਾਰਾਂ ਨੇ ਪੰਜਾਬ ਨੂੰ ਪੈਂਟਾਪੋਟੇਮੀਆ ਲਿਖਿਆ ਹੈ। ਹੱਦਬੰਦੀ ਦੀ ਗੱਲ ਕਰੀਏ ਤਾਂ ਇਸ ਦੇ ਉੱਤਰ ਵਿੱਚ ਵਿਸ਼ਾਲ ਹਿਮਾਲਿਆ ਪਰਬਤ ਲੜੀ ਹੈ, ਜੋ ਇਸ ਨੂੰ ਚੀਨ, ਤਿੱਬਤ ਤੇ ਕਸ਼ਮੀਰ ਤੋਂ ਵੱਖ ਕਰਦੀ ਹੈ; ਪੂਰਬ ਵੱਲ ਦਰਿਆ ਯਮੁਨਾ, ਦੱਖਣ ਵਿੱਚ ਰਾਜਪੂਤਾਨਾ (ਰਾਜਸਥਾਨ) ਤੇ ਸੂਬਾ ਸਿੰਧ, ਪੱਛਮ ਵੱਲ ਸੁਲੇਮਾਨ ਪਹਾੜ ਲੜੀ ਹੈ, ਜੋ ਇਸ ਨੂੰ ਅਫ਼ਗ਼ਾਨਿਸਤਾਨ ਤੇ ਬਲੋਚਿਸਤਾਨ ਤੋਂ ਵੱਖਰਾ ਕਰਦੀ ਹੈ। ਇਸ ਦੇ ਉੱਚੇ ਹਿਮਾਲਿਆ ਪਹਾੜਾਂ ਦੀ ਲੜੀ ਵਿੱਚ ਚੰਬਾ, ਮੰਡੀ, ਸੁਕੇਤ, ਨਾਹਨ, ਸ਼ਿਮਲਾ, ਕਾਂਗੜਾ, ਕੁੱਲੂ, ਲਾਹੌਲ, ਸਪਿਤੀ ਅਤੇ ਡਲਹੌਜ਼ੀ ਆਦਿ ਦੀਆਂ ਖ਼ੂਬਸੂਰਤ ਵਾਦੀਆਂ ਹਨ। ਇਹ ਪਹਾੜੀ ਇਲਾਕਾ ਹੁਣ ਹਿਮਾਚਲ ਪ੍ਰਦੇਸ਼ ਨਾਂ ਦਾ ਵੱਖਰਾ ਸੂਬਾ ਬਣ ਚੁੱਕਾ ਹੈ। ਜੇ ਦੇਸ਼ ਪੰਜਾਬ ਦੇ ਭੂਗੋਲ ਦੀ ਗੱਲ ਕਰੀਏ ਤਾਂ ਇਸ ਵਿੱਚ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੇ ਦਰਿਆਵਾਂ ਦੀ ਹੈ, ਜੋ ਹਿਮਾਲਿਆ ਪਰਬਤ ਦੇ ਸੈਂਕੜੇ ਮੀਲਾਂ ਵਿੱਚੋਂ ਲੰਘ ਕੇ ਮੈਦਾਨੀ ਇਲਾਕੇ ਵਿੱਚ ਉੱਤਰ ਆਉਂਦੇ ਅਤੇ ਅਖੀਰ ਦੱਖਣ ਵੱਲ ਵੱਡੇ ਦਰਿਆ ਸਿੰਧ ਵਿੱਚ ਜਾ ਮਿਲਦੇ ਹਨ, ਜਿਸ ਨੂੰ ਹਿੰਦੋਸਤਾਨ ਦਾ ਨੀਲ ਦਰਿਆ ਵੀ ਆਖਿਆ ਜਾਂਦਾ ਹੈ। ਅੰਤ ਇਹ ਸਾਰੇ ਦਰਿਆ ਸਮੁੰਦਰ ਵਿੱਚ ਜਾ ਡਿੱਗਦੇ ਹਨ। ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ। ਇਹ ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ ਹਨ। ਸਿੰਧ ਦਰਿਆ ਨੂੰ ਵੀ ਪੰਜਾਬ ਦਾ ਦਰਿਆ ਮੰਨਿਆ ਜਾ ਸਕਦਾ

ਹੈ ਕਿਉਂਕਿ ਇਹ ਵੀ ਦੂਜੇ ਪੰਜ ਦਰਿਆਵਾਂ ਵਾਂਗ ਹਿਮਾਲਿਆ ਦੀਆਂ ਚੋਟੀਆਂ ਵਿੱਚੋਂ ਨਿਕਲਦਾ ਹੈ। ਸਿੰਧ ਦੂਜੇ ਪੰਜਾਂ ਦਰਿਆਵਾਂ ਤੋਂ ਵੱਡਾ ਹੈ ਤੇ ਇਹ ਪੰਜੇ ਦਰਿਆ ਵੱਖ-ਵੱਖ ਥਾਵਾਂ ਤੋਂ ਅਖੀਰ ਸਿੰਧ ਦਰਿਆ ਵਿੱਚ ਜਾ ਡਿੱਗਦੇ ਹਨ। ਪੰਜ ਦਰਿਆ ਜਿੱਥੇ ਸਿੰਧ ਦਰਿਆ ਵਿੱਚ ਜਾ ਕੇ ਮਿਲਦੇ ਹਨ, ਉਸ ਨੂੰ ਪੰਜਨਦ ਕਿਹਾ ਜਾਂਦਾ ਹੈ। ਸਿੰਧ ਦਰਿਆ ਕੈਲਾਸ਼ ਪਰਬਤ ਵਿੱਚੋਂ ਨਿਕਲਦਾ ਹੈ। ਉੱਥੋਂ ਇਹ ਲੇਹ ਲੱਦਾਖ ਵਿੱਚ ਦਾਖਲ ਹੁੰਦਾ ਹੋਇਆ ਦਰਬੰਦ ਤੋਂ ਪੰਜਾਬ ਵਿੱਚ ਦਾਖਲ ਹੋ ਜਾਂਦਾ ਹੈ। ਇਹ ਦੁਨੀਆ ਦੇ ਵੱਡੇ ਦਰਿਆਵਾਂ ਵਿੱਚ ਗਿਣਿਆ ਜਾਂਦਾ ਹੈ। ਸਿੰਧੂ (ਭਾਵ ਸਾਗਰ) ਨੂੰ ਸੰਸਕ੍ਰਿਤ ਵਾਲੇ ਸਿੰਧੂ, ਯੂਨਾਨੀ ਸਿੰਥੂ, ਰੋਮਨ ਸਿੰਧਸ, ਚੀਨੀ ਸਿੰਟੋ ਅਤੇ ਇਰਾਨੀ ਆਬਿ ਸਿੰਧ ਆਖਦੇ ਹਨ। ਪਾਲਿਨੀ ਇਸ ਨੂੰ ਇੰਡਸ ਕਹਿੰਦਾ ਹੈ। ਦਰਿਆ ਜਿਹਲਮ ਆਕਾਰ ਦੇ ਲਿਹਾਜ਼ ਨਾਲ ਦੂਜੇ ਸਥਾਨ 'ਤੇ ਆਉਂਦਾ ਹੈ। ਪ੍ਰਾਚੀਨ ਕਾਲ ਵਿੱਚ ਇਸ ਨੂੰ ਹਾਈਡਸਪਸ ਕਿਹਾ ਜਾਂਦਾ ਸੀ। ਸੰਸਕ੍ਰਿਤ ਵਿੱਚ ਇਸ ਦਾ ਨਾਮ ਵਿਦਾਸਤਾ ਹੈ। ਸਥਾਨਕ ਬੋਲੀ ਵਿੱਚ ਇਸ ਨੂੰ ਵਾਯਾਤ ਤੇ ਬੇਬੂਤ ਆਖਦੇ ਹਨ। ਪੱਛਮ ਤੋਂ ਪੂਰਬ ਵੱਲ ਨੂੰ ਆਉਂਦਿਆਂ ਜਿਹਲਮ ਤੋਂ ਅੱਗੇ ਦਰਿਆ ਚਨਾਬ ਆਉਂਦਾ ਹੈ। ਹੋਰ ਪੂਰਬ ਵੱਲ ਅੱਗੇ ਰਾਵੀ ਦਰਿਆ ਹੈ। ਪਹਾੜੀ ਇਲਾਕਿਆਂ ਵਿੱਚ ਇਸ ਨੂੰ ਰਾਇਣਾ ਆਖਦੇ ਹਨ। ਜੰਮੂ ਇਲਾਕੇ ਵਿੱਚੋਂ ਨਿਕਲਣ ਵਾਲੀ ਤਵੀ ਨਦੀ ਵੀ ਇਸ ਵਿੱਚ ਆ ਕੇ ਮਿਲਦੀ ਹੈ। ਪੱਛਮ ਤੋਂ ਪੂਰਬ ਵੱਲ ਚਲਦਿਆਂ ਇਸ ਤੋਂ ਅੱਗੇ ਦਰਿਆ ਬਿਆਸ ਆਉਂਦਾ ਹੈ। ਯੂਨਾਨੀ ਭੂਗੋਲਕਾਰਾਂ ਨੇ ਇਸ ਦਾ ਨਾਮ ਹਾਈਫੇਸਿਸ ਲਿਖਿਆ ਹੈ। ਪਟੋਲਮੀ ਨੇ ਇਸ ਨੂੰ ਬਿਹਾਸਿਸ, ਪਲੀਨੀ ਨੇ ਹਾਈਪਾਸਿਸ ਅਤੇ ਸੰਸਕ੍ਰਿਤ ਵਿੱਚ ਵਿਆਸ ਨਾਮ ਦਿੱਤਾ ਗਿਆ ਹੈ। ਇਸ ਤੋਂ ਹੋਰ ਪੂਰਬ ਵੱਲ ਸਤਲੁਜ ਦਰਿਆ ਆਉਂਦਾ ਹੈ, ਜਿਸ ਨੂੰ ਪੁਰਾਤਨ ਸਮੇਂ ਵਿੱਚ ਹੇਸੁਡਰੂਸ ਕਿਹਾ ਜਾਂਦਾ ਸੀ। ਇਸ ਨੂੰ ਆਈਨ-ਏ-ਅਕਬਰੀ ਨੇ ਸੇਤਲੂਜ ਅਤੇ ਸੰਸਕ੍ਰਿਤ ਵਾਲਿਆਂ ਨੇ ਸ਼ਤਾਦਰੂ ਲਿਖਿਆ ਹੈ। ਇਹ ਦਰਿਆ ਹਰੀਕੇ ਪੱਤਣ ਕੋਲ ਬਿਆਸ ਨਾਲ ਜਾ ਮਿਲਦਾ ਹੈ। ਰਿਗਵੇਦ ਵਿੱਚ ਪੰਜਾਬ ਨੂੰ ਸਪਤ ਸਿੰਧਵਾਂ ਕਿਹਾ ਗਿਆ ਹੈ। ਰਿਗਵੇਦ ਵਿੱਚ ਸਿੰਧੂ (ਸਿੰਧ), ਵਿਤਸਤਾ (ਜਿਹਲਮ), ਅਸੈਸਣੀਸ (ਚਨਾਬ), ਐਰਾਵਤੀ (ਰਾਵੀ), ਵਿਪਾਸਾ (ਬਿਆਸ), ਸ਼ਤਾਦਰੂ (ਸਤਲੁਜ) ਤੇ ਸਰਸਵਤੀ ਦਾ ਵਰਣਨ ਹੈ। ਵਿਦਵਾਨਾਂ ਦੇ ਕਿਆਸ ਅਨੁਸਾਰ ਸੱਤਵਾਂ ਦਰਿਆ ਸਰਸਵਤੀ ਥਨੇਸਰ ਦੇ ਕੋਲ ਵਹਿਣ ਵਾਲੀ ਸਰਸਵਤੀ ਹੈ।

ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੋਆਬਾ ਕਿਹਾ ਜਾਂਦਾ ਹੈ। ਦੋ ਆਬ ਯਾਨੀ ਦੋ ਪਾਣੀ। ਪੰਜਾਬ ਦਾ ਮੈਦਾਨੀ ਇਲਾਕਾ ਦੋਆਬਿਆਂ ਵਿੱਚ ਵੰਡਿਆ ਹੋਇਆ ਹੈ। ਆਮ ਤੌਰ 'ਤੇ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ਦੋਆਬਾ ਕਿਹਾ ਜਾਂਦਾ ਹੈ, ਜਦੋਂਕਿ ਪੰਜਾਬ ਦੇ ਸਾਰੇ ਦਰਿਆਵਾਂ ਦੇ ਵਿਚਕਾਰਲਾ ਖੇਤਰ ਦੋਆਬਾ ਹੁੰਦਾ ਹੈ। ਮੁਗ਼ਲ ਰਾਜ ਸਮੇਂ ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਭਾਵ ਦੋਆਬਿਆਂ ਦੇ ਨਾਮ ਦੋਵਾਂ ਦਰਿਆਵਾਂ ਦੇ ਪਹਿਲੇ ਹਰਫ਼ਾਂ ਨੂੰ ਜੋੜ ਕੇ ਘੜੇ ਗਏ। ਸਿੰਧ ਤੇ ਜਿਹਲਮ ਵਿਚਲਾ ਇਲਾਕਾ ਸਿੰਧ ਸਾਗਰ ਦੋਆਬ, ਚਨਾਬ ਤੇ ਜਿਹਲਮ ਵਿਚਕਾਰਲਾ ਇਲਾਕਾ ਚਜ ਦੋਆਬ, ਰਾਵੀ ਤੇ ਚਨਾਬ ਦਰਮਿਆਨ ਦਾ ਇਲਾਕਾ ਰਚਨਾ ਦੋਆਬ, ਬਿਆਸ ਤੇ ਰਾਵੀ ਵਿਚਕਾਰਲੀ ਧਰਤੀ ਬਾਰੀ ਦੋਆਬ, ਬਿਆਸ ਤੇ ਸਤਲੁਜ ਵਿਚਕਾਰ ਦੀ ਧਰਤੀ ਬਿਸਤ ਦੋਆਬ ਅਖਵਾਉਂਦੀ ਹੈ।

ਸਿੰਧ ਸਾਗਰ ਦੋਆਬ ਵਿੱਚ ਸਾਂਝੇ ਪੰਜਾਬ ਦੇ ਰਾਵਲਪਿੰਡੀ, ਅਟਕ, ਜਿਹਲਮ, ਮੀਆਂਵਾਲੀ, ਮੁਜ਼ੱਫਰਗੜ੍ਹ ਆਦਿ ਦੇ ਇਲਾਕੇ ਆਉਂਦੇ ਹਨ। 1947 ਦੀ ਪੰਜਾਬ ਵੰਡ ਤੋਂ ਬਾਅਦ ਇਸ ਦੋਆਬੇ ਵਿੱਚ ਪਾਕਿਸਤਾਨ ਵੱਲੋਂ ਰਾਵਲਪਿੰਡੀ ਨੇੜੇ ਇਸਲਾਮ ਦੇ ਨਾਮ ਉੱਪਰ ਇਸਲਾਮਾਬਾਦ ਨਾਂ ਦਾ ਨਵਾਂ ਸ਼ਹਿਰ ਵਸਾ ਕੇ ਉਸ ਨੂੰ ਦੇਸ਼ ਦੀ ਰਾਜਧਾਨੀ ਬਣਾਇਆ ਗਿਆ। ਚਜ ਦੋਆਬ ਵਿੱਚ ਗੁਜਰਾਤ ਤੇ ਝੰਗ ਜ਼ਿਲ੍ਹੇ ਦੇ ਇਲਾਕੇ ਆਉਂਦੇ ਹਨ। ਰਚਨਾ ਦੋਆਬ ਅੰਦਰ ਸਿਆਲਕੋਟ, ਗੁੱਜਰਾਂਵਾਲਾ, ਸ਼ੇਖੂਪੁਰਾ ਤੇ ਲਾਇਲਪੁਰ ਜ਼ਿਲ੍ਹਿਆਂ ਦਾ ਇਲਾਕਾ ਸ਼ਾਮਿਲ ਹੈ। ਬਾਰੀ ਦੋਆਬ ਬਿਆਸ ਤੇ ਰਾਵੀ ਦੇ ਵਿਚਕਾਰਲਾ ਇਲਾਕਾ ਹੈ। ਬਾਰੀ ਦੋਆਬ ਵਿੱਚ ਗੁਰਦਾਸਪੁਰ, ਅੰਮ੍ਰਿਤਸਰ, ਲਾਹੌਰ, ਮਿੰਟਗੁਮਰੀ ਤੇ ਮੁਲਤਾਨ ਜ਼ਿਲ੍ਹੇ ਆਉਂਦੇ ਸਨ। ਬਿਆਸ ਤੇ ਸਤਲੁਜ ਦਰਿਆਵਾਂ ਨਾਲ ਘਿਰੀ ਹੋਈ ਧਰਤੀ ਬਿਸਤ ਦੋਆਬ ਹੈ। ਇਸ ਦੋਆਬ ਵਿੱਚ ਬਰਤਾਨਵੀ ਰਾਜ ਵੇਲੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਾ ਅਤੇ ਰਿਆਸਤ ਕਪੂਰਥਲਾ (ਹੁਣ ਜ਼ਿਲ੍ਹਾ) ਸ਼ਾਮਲ ਹੈ।

ਪੰਜਾਬ ਦੇ ਦੋਆਬਿਆਂ ਵਿੱਚੋਂ ਬਾਰੀ ਦੋਆਬ ਸਭ ਦਾ ਸਰਦਾਰ ਹੈ। ਇਸ ਦੋਆਬ ਨੂੰ ਆਮ ਤੌਰ 'ਤੇ ਮਾਝਾ ਕਿਹਾ ਜਾਂਦਾ ਹੈ। ਮਾਝਾ ਦਾ ਅਰਥ ਕੇਂਦਰ ਹੈ। 1947 ਦੀ ਵੰਡ ਤੋਂ ਪਹਿਲਾਂ ਆਬਾਦੀ ਪੱਖੋਂ ਪੰਜਾਬ ਦੇ ਸਭ ਤੋਂ ਵੱਡੇ ਸ਼ਹਿਰ ਕ੍ਰਮਵਾਰ ਲਾਹੌਰ, ਅੰਮ੍ਰਿਤਸਰ ਤੇ ਮੁਲਤਾਨ ਇਸ ਦੋਆਬ ਵਿੱਚ ਹੀ ਪੈਂਦੇ ਸਨ। ਸਦੀਆਂ ਤੋਂ ਇਸ ਦੋਆਬ ਦੇ ਸ਼ਹਿਰ- ਪਹਿਲਾਂ ਮੁਲਤਾਨ ਤੇ ਫਿਰ ਲਾਹੌਰ - ਪੰਜਾਬ ਦੀ ਰਾਜਧਾਨੀ ਰਹੇ। ਦੇਸ਼ਵੰਡ ਤੋਂ ਪਹਿਲਾਂ ਲਾਹੌਰ ਤੇ ਅੰਮ੍ਰਿਤਸਰ ਸਾਂਝੇ ਪੰਜਾਬ ਦੇ ਵਪਾਰ, ਕਲਾ ਤੇ ਵਿੱਦਿਆ ਦੇ ਗੜ੍ਹ ਸਨ। ਸਾਰੀ ਦੁਨੀਆ ਨੂੰ ਜਿੱਤਣ ਦਾ ਸੁਪਨਾ ਲੈਣ ਵਾਲਾ ਮਹਾਨ ਜਰਨੈਲ ਸਿਕੰਦਰ ਰਾਵੀ ਅਤੇ ਬਿਆਸ ਵਿਚਕਾਰਲਾ ਸਾਰਾ ਦੇਸ਼ ਫ਼ਤਹਿ ਕਰਕੇ ਹਾਈਫੇਸਸ (ਬਿਆਸ) ਦਰਿਆ ਤੀਕ ਪਹੁੰਚਿਆ। ਕਰਟੀਅਸ ਦੇ ਕਥਨ ਅਨੁਸਾਰ ਇਸ ਇਲਾਕੇ ਵਿੱਚ ਵਸਣ ਵਾਲੇ ਲੋਕ ਆਪਣੀ ਸੁੰਦਰਤਾ ਲਈ ਬੜੇ ਪ੍ਰਸਿੱਧ ਸਨ। ਫ਼ੌਜ ਵੱਲੋਂ ਬਗਾਵਤ ਕਰਨ ਕਰਕੇ ਸਿਕੰਦਰ ਹਾਈਫੇਸਸ (ਬਿਆਸ) ਦਰਿਆ ਤੋਂ ਵਾਪਸ ਹੋ ਗਿਆ।

ਵਾਪਸੀ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਸਿਕੰਦਰ ਨੇ ਪੱਥਰ ਦੇ 12 ਵੱਡੇ ਵੱਡੇ ਮੁਨਾਰੇ, ਜੋ ਪੰਜਾਹ ਪੰਜਾਹ ਫੁੱਟ ਉੱਚੇ ਸਨ, ਦਰਿਆ ਬਿਆਸ ਦੇ ਕਿਨਾਰੇ ਉੱਤੇ ਬਣਵਾਏ। ਇਹ ਮੁਨਾਰੇ ਬਿਆਸ ਤੇ ਸਤਲੁਜ ਦੇ ਸੰਗਮ ਤੋਂ ਥੱਲੇ ਵੱਲ ਨੂੰ ਸਨ ਅਤੇ ਇਹ ਉਸ ਦੀਆਂ ਜਿੱਤਾਂ ਦੀ ਯਾਦ ਵਿੱਚ ਖੜ੍ਹੇ ਕੀਤੇ ਗਏ ਸਨ। ਏਰੀਅਨ ਲਿਖਦਾ ਹੈ ਕਿ ਇਹ ਮੁਨਾਰੇ ਕਿਲ੍ਹੇਬੰਦ ਬੁਰਜਾਂ ਦੀ ਉਚਾਈ ਦੇ ਬਰਾਬਰ ਸਨ, ਪਰ ਆਕਾਰ ਵਿੱਚ ਉਨ੍ਹਾਂ ਤੋਂ ਵੀ ਵੱਡੇ ਸਨ। ਪਲੂਟਰਚ ਆਪਣੀ ਰਚਨਾ ਵਿਟਾ ਅਲੈਗਜ਼ੰਡਰੀਸ ਵਿੱਚ ਦੱਸਦਾ ਹੈ ਕਿ ਇਹ ਮੁਨਾਰੇ ਉਸ ਦੇ ਸਮੇਂ ਤੀਕ ਕਾਇਮ ਰਹੇ। ਮਿਸਟਰ ਪ੍ਰਿੰਸਿਪ ਨੇ ਸਿਕੰਦਰ ਦੀ ਮੁਹਿੰਮ ਦੇ ਵਿਸ਼ੇ ਉੱਪਰ 'ਜਰਨਲ ਆਫ ਦਿ ਏਸ਼ਿਐਟਿਕ ਸੁਸਾਇਟੀ ਆਫ ਬੰਗਾਲ' ਵਿੱਚ ਲਿਖਿਆ ਹੈ- ''ਅਪੋਲੀਨੀਬਸ ਟਿਆਨੀਅਸ ਨੇ ਸੰਨ ਈਸਵੀ ਦੀ ਪਹਿਲੀ ਸਦੀ ਵਿੱਚ ਇਨ੍ਹਾਂ ਮੁਨਾਰਿਆਂ ਨੂੰ ਉਸ ਸਮੇਂ ਡਿੱਠਾ ਜਿਸ ਸਮੇਂ ਯੂਨਾਨੀ ਨਸਲ ਦਾ ਬਾਦਸ਼ਾਹ ਫੈਰੋਟਸ ਪੰਜਾਬ ਵਿੱਚ ਰਾਜ ਕਰਦਾ ਸੀ।'' ਬਰਨਜ਼ ਨੇ ਬਿਆਸ ਤੇ ਸਤਲੁਜ ਦੇ ਸੰਗਮ ਦੇ ਥੱਲੇ ਵਾਲੇ ਪਾਸੇ ਇਨ੍ਹਾਂ ਮੁਨਾਰਿਆਂ ਦੀ ਹੋਂਦ ਦਾ ਪਤਾ ਲਾਉਣ ਦਾ ਭਰਪੂਰ ਯਤਨ ਕੀਤਾ ਪਰ ਉਹ ਕੋਈ ਪਤਾ ਨਾ ਲਾ ਸਕਿਆ।

ਹੁਣ ਜਦੋਂ ਵਿਗਿਆਨ ਬਹੁਤ ਜ਼ਿਆਦਾ ਤਰੱਕੀ ਕਰ ਚੁੱਕਾ ਹੈ ਤਾਂ ਪੰਜਾਬ ਤੇ ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਨੂੰ ਉਪਗ੍ਰਹਿ ਆਦਿ ਦੇ ਜ਼ਰੀਏ ਇਨ੍ਹਾਂ ਮੁਨਾਰਿਆਂ ਦੀਆਂ ਨੀਹਾਂ ਦੀ ਖੋਜ ਕਰਨੀ ਚਾਹੀਦੀ ਹੈ। ਸਮੇਂ ਦੇ ਬੀਤਣ ਨਾਲ ਭਾਵੇਂ ਇਹ ਇਤਿਹਾਸਕ ਮੁਨਾਰੇ ਲੋਪ ਹੋ ਚੁੱਕੇ ਹਨ, ਪਰ ਇਨ੍ਹਾਂ ਦੀਆਂ ਨੀਹਾਂ ਮੌਜੂਦ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਬੰਧਿਤ ਵਿਭਾਗਾਂ ਨੂੰ ਉਪਗ੍ਰਹਿ ਤੇ ਹੋਰ ਵਿਗਿਆਨਕ ਤਰੀਕਿਆਂ ਨਾਲ ਇਨ੍ਹਾਂ ਮੁਨਾਰਿਆਂ ਦੀਆਂ ਬਚੀਆਂ ਖੁਚੀਆਂ ਨਿਸ਼ਾਨੀਆਂ ਦੀ ਖੋਜ ਕਰਕੇ ਦੁਨੀਆ ਨੂੰ ਮਹਾਨ ਜੇਤੂ ਸਿਕੰਦਰ ਦੀ ਯਾਦਗਾਰ ਦਿਖਾਉਣੀ ਚਾਹੀਦੀ ਹੈ। ਜੇਕਰ ਇਨ੍ਹਾਂ ਮੁਨਾਰਿਆਂ ਦੀ ਹੋਂਦ ਦਾ ਪਤਾ ਲੱਗ ਜਾਵੇ ਤਾਂ ਦੁਨੀਆ ਭਰ ਤੋਂ ਇਤਿਹਾਸ ਤੇ ਪੁਰਾਤਤਵ ਖੋਜੀ ਇਸ ਜਗ੍ਹਾ 'ਤੇ ਖੋਜ ਲਈ ਆਉਣਗੇ। ਇਸ ਨਾਲ ਪੰਜਾਬ ਦੇ ਸੈਰ ਸਪਾਟਾ ਖੇਤਰ ਨੂੰ ਵੀ ਬਹੁਤ ਲਾਭ ਹੋਵੇਗਾ।

-0-

# ਜੰਗਲਾਂ ਦਾ ਸਫਾਇਆ

ਪੰਜਾਬ ਦੇ ਵਾਤਾਵਰਣ ਵਿਚ ਨਿਘਾਰ ਦਾ ਸੱਭ ਤੋਂ ਵੱਡਾ ਕਾਰਣ ਹੈ, ਜੰਗਲਾਂ ਦੀ ਅੰਨ੍ਹੇਵਾਹ ਕਟਾਈ। ਪੰਜਾਬ ਅੰਦਰ ਜੰਗਲਾਤ ਤਹਿਤ ਰਕਬਾ ਦੇਸ਼ ਦੀ ਵੰਡ ਤੋਂ ਬਾਅਦ 40 ਫ਼ੀਸਦ ਤੋਂ ਘਟ ਕੇ ਹੁਣ 3.7 ਫ਼ੀਸਦ ਰਹਿ ਗਿਆ ਹੈ। ਚਿੰਤਾ ਦੀ ਗੱਲ ਹੈ ਕਿ ਇਹ ਬਚਿਆ-ਖੁਚਿਆ ਰਕਬਾ ਵੀ ਸਨਅਤੀ ਤੇ ਮਕਾਨ ਉਸਾਰੀ ਦੇ ਪਸਾਰੇ ਨਾਲ ਖ਼ਤਰੇ ਦੇ ਮੂੰਹ ਵਿੱਚ ਹੈ। ਮਾਹਿਰਾਂ ਦੀ ਰਾਏ ਹੈ ਕਿ ਵੱਸੋਂ ਲਈ ਵਧੀਆ ਵਾਤਾਵਰਣ ਵਾਸਤੇ ਧਰਤੀ ਦੇ 33 ਫ਼ੀਸਦ ਹਿੱਸੇ ਉੱਪਰ ਜੰਗਲ ਹੋਣਾ ਜ਼ਰੂਰੀ ਹੈ। ਜ਼ਾਹਿਰ ਹੈ ਕਿ ਪੰਜਾਬ ਦਾ ਮੌਜੂਦਾ ਜੰਗਲਾਤੀ ਰਕਬਾ ਵਾਤਾਵਰਣੀ ਪਤਨ ਨੂੰ ਮੋੜਾ ਦੇਣ ਲਈ ਨਾਕਾਫ਼ੀ ਹੈ।

ਇਸ ਮਾਮਲੇ ਵਿਚ ਜੰਗਲਾਂ ਨੂੰ ਵੱਢਣ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਖੇਤੀ ਦੇ ਮਸ਼ੀਨੀਕਰਨ ਸਿਰ ਆਉਂਦੀ ਹੈ। ਪੰਜਾਬ ਚਾਹੇ ਦੇਸ਼ ਦੇ ਭੂਗੋਲਿਕ ਇਲਾਕੇ ਦਾ ਸਿਰਫ਼ 1.57 ਫ਼ੀਸਦ ਬਣਦਾ ਹੈ, ਪਰ ਇਹ ਕੇਂਦਰ ਦੇ ਅੰਨ ਦੇ ਭੜੋਲੇ ਵਿੱਚ 50 ਫ਼ੀਸਦ ਯੋਗਦਾਨ ਪਾਉਂਦਾ ਹੈ। ਲਿਹਾਜ਼ਾ, ਪੰਜਾਬ ਦੀ ਜ਼ਮੀਨ ਦਾ ਲੋੜ ਨਾਲੋਂ ਜ਼ਿਆਦਾ ਸ਼ੋਸ਼ਣ ਹੋਇਆ ਹੈ; ਜਿਸ ਕਰਕੇ ਇੱਥੇ ਜੰਗਲਾਤ ਦਾ ਰਕਬਾ ਲੋੜ ਨਾਲੋਂ ਕਿੱਤੇ ਘੱਟ ਹੈ।

ਸਭ ਨੂੰ ਪਤਾ ਹੈ ਕਿ ਦਰੱਖ਼ਤ ਔਕਸੀਜਨ ਪੈਦਾ ਕਰਦੇ ਹਨ, ਜਿਹੜੀ ਸਾਡੇ ਜਿਉਂਦੇ ਰਹਿਣ ਦਾ ਵਸੀਲਾ ਹੈ। ਇੱਕ ਵੱਡਾ ਰੁੱਖ ਚਾਰ ਜਣਿਆਂ ਲਈ ਦਿਨ ਭਰ ਦੇ ਔਕਸੀਜਨ ਦੀ ਪੂਰਤੀ ਕਰਦਾ ਹੈ। ਜੰਗਲ ਕਾਰਬਨ, ਨਾਈਟ੍ਰੋਜਨ ਤੇ ਗੰਧਕ ਕੰਪਾਊਂਡਾਂ ਵਰਗੇ ਜ਼ਹਿਰੀਲੇ ਤੱਤ ਸੋਖ ਲੈਂਦੇ ਹਨ। ਇਹ ਕਾਰਬਨ ਨੂੰ ਜਮ੍ਹਾਂ ਕਰਾ ਕੇ ਇਹਨੂੰ ਹਵਾ ਵਿਚ ਰਲ਼ਣੋਂ ਰੋਕਦੇ ਹਨ। ਦਰੱਖ਼ਤ ਨਾ ਹੋਣ ਤਾਂ ਵਾਯੂਮੰਡਲ ਵਿਚਲੀ ਕਾਰਬਨ ਸੂਰਜ ਦੀ ਤਪਸ਼ ਨੂੰ ਵਾਤਾਵਰਣ ਵਿੱਚ ਡੱਕ ਕੇ ਤਾਪਮਾਨ ਵਧਣ ਦਾ ਕਾਰਨ ਬਣਦੀ ਹੈ। ਦਰਖ਼ਤਾਂ ਦੀ ਛਾਂ ਵਾਤਾਵਰਣ ਨੂੰ ਠੰਡਕ ਬਖ਼ਸ਼ਦੀ ਹੈ। ਇਹ ਸਾਨੂੰ ਖਾਧ ਸਮੱਗਰੀ ਤੇ ਦਵਾਈਆਂ ਵੀ ਦਿੰਦੇ ਹਨ। ਦਰੱਖ਼ਤਾਂ ਦਾ ਜਿਸਮਾਨੀ ਤੇ ਮਾਨਸਿਕ ਸਿਹਤ ਉੱਪਰ ਬਹੁਤ ਵਧੀਆ ਅਸਾਰ ਪੈਂਦਾ ਹੈ।



ਜੰਗਲ ਮੀਂਹ ਵਰਸਾਉਣ ਵਿੱਚ ਮਦਦਗਾਰ ਹੁੰਦੇ ਹਨ ਤੇ ਮਿੱਟੀ ਦੇ ਖੋਰੇ ਨੂੰ ਵੀ ਰੋਕਦੇ ਹਨ। ਇਹ ਮਨੁੱਖ ਲਈ ਲਾਭਕਾਰੀ ਪੰਛੀਆਂ, ਜਾਨਵਰਾਂ ਤੇ ਕੀੜੇ-ਮਕੌੜਿਆਂ ਦਾ ਨਿਵਾਸ ਹੁੰਦੇ ਹਨ। ਇਹ ਵਣ ਸੰਭਾਲ਼, ਪ੍ਰਬੰਧਨ ਤੇ ਮਨੋਰੰਜਨ ਵਰਗੇ ਖੇਤਰਾਂ ਵਿੱਚ ਰੁਜ਼ਗਾਰ ਦਾ ਸਾਧਨ ਵੀ ਬਣਦੇ ਹਨ। ਫ਼ਲਾਂ ਤੇ ਗਿਰੀਆਂ (ਮੇਵੇ) ਦੇ ਬਗ਼ੀਚੇ ਚੋਖੀ ਆਮਦਨ ਦਾ ਵਸੀਲਾ ਬਣਦੇ ਹਨ ਤੇ ਸਥਾਨਕ ਪੱਧਰ 'ਤੇ ਖ਼ੁਰਾਕ ਸੁਰੱਖਿਆ ਵਿਚ ਸੁਧਾਰ ਲਿਆਉਂਦੇ ਹਨ। ਵਣ ਕਾਗ਼ਜ਼ ਤੇ ਲੱਕੜ ਮੁਹੱਈਆ ਕਰਦੇ ਹਨ।

ਵੈਟਲੈਂਡਜ਼ (ਜਲਗਾਹ, ਝੀਲਾਂ) ਜਿਨ੍ਹਾਂ ਨੂੰ ਕਿਸੇ ਜ਼ਮੀਨ ਦੇ ਗੁਰਦਿਆਂ ਦਾ ਨਾਂ ਦਿੱਤਾ ਜਾਂਦਾ ਹੈ, ਬਨਸਪਤੀ ਜ਼ਰੀਏ ਪਾਣੀ 'ਚੋ ਜ਼ਹਿਰੀਲੇ ਤੱਤ ਸਾਫ਼ ਕਰਨ ਦਾ ਵਧੀਆ ਸਾਧਨ ਮੰਨੇ ਜਾਂਦੇ ਹਨ। ਇਹ ਬਹੁਤ ਸਾਰੇ ਸਥਾਨਕ ਤੇ ਪਰਵਾਸੀ ਪੰਛੀਆਂ ਤੋਂ ਇਲਾਵਾ ਪਾਣੀ ਵਿਚਲੇ ਜੀਵ-ਜੰਤੂਆਂ ਦਾ ਬਸੇਰਾ ਬਣਦੇ ਹਨ। ਇਹ ਭੂਮੀ ਹੇਠਲੇ ਪਾਣੀ ਦੇ ਘਾਟੇ ਨੂੰ ਪੂਰਾ ਕਰਨ ਦੇ ਨਾਲ-ਨਾਲ ਕਾਰਬਨ ਨੂੰ ਜਮਾਂ ਕਰ ਕੇ ਹਵਾ ਨੂੰ ਸਾਫ਼ ਕਰਦੇ ਹਨ। ਇਹ ਮੀਂਹ ਦੇ ਵਾਧੂ ਪਾਣੀ ਨੂੰ ਸਪੰਜ ਵਾਂਙ ਜਜ਼ਬ ਕਰਦੇ ਹਨ, ਜਿਸ ਨਾਲ ਹੜ੍ਹਾਂ ਦੀ ਰੋਕਥਾਮ ਵਿੱਚ ਸਹਾਇਤਾ ਹੁੰਦੀ ਹੈ ਤੇ ਖ਼ੁਸ਼ਕੀ ਵੇਲੇ ਇਹ ਵਾਧੂ ਪਾਣੀ ਕੰਮ ਆ ਜਾਂਦਾ ਹੈ। ਇਹ ਬੋਟਿੰਗ ਤੇ ਪੰਛੀ-ਦਰਸ਼ਨ ਵਰਗਾ ਮਨਪਰਚਾਵਾ ਵੀ ਬਣਦੇ ਹਨ।

ਬਦਕਿਸਮਤੀ ਨਾਲ ਪੰਜਾਬ ਦੀਆਂ ਝੀਲਾਂ ਤੇ ਜਲਗਾਹ ਦਿਨ-ਬ-ਦਿਨ ਘਟ ਰਹੇ ਹਨ। ਵੰਡ ਤੋਂ ਬਾਅਦ ਇਨ੍ਹਾਂ ਦਾ ਰਕਬਾ ਘਟ ਕੇ ਜ਼ਮੀਨ ਦੇ ਅੱਧ ਫ਼ੀਸਦ ਤੋਂ ਵੀ ਘੱਟ ਰਹਿ ਗਿਆ ਹੈ। ਹਰੀਕੇ, ਕਾਂਜਲੀ, ਰੋਪੜ, ਰਣਜੀਤ ਸਾਗਰ ਤੇ ਨੰਗਲ ਦੀਆਂ ਝੀਲਾਂ ਵਲ ਫਿਰ ਵੀ ਥੋੜ੍ਹਾ ਬਹੁਤ ਧਿਆਨ ਦਿੱਤਾ ਜਾਂਦਾ ਹੈ; ਪਰ ਜਸਤਰਵਾਲ, ਕਾਹਨੂੰਵਾਨ ਛੰਭ, ਕੇਸ਼ੋਪੁਰ, ਮੰਡ ਬਰਥਲਾ, ਰਬਾਬਸਰ, ਬਰੋਟਾ, ਲੁਬਾਣਾ ਤੇ ਲ਼ਹਿਲ ਕਲਾਂ ਵਰਗੀਆਂ ਝੀਲਾਂ ਨਜ਼ਰਅੰਦਾਜ਼ੀ ਦਾ ਸ਼ਿਕਾਰ ਹਨ। ਕੁਝ ਹੋਰ ਬੜੀਆਂ ਮਸ਼ਹੂਰ ਝੀਲਾਂ ਜਿਹੜੀਆਂ ਆਪਣਾ ਵਾਤਾਵਰਣੀ ਖ਼ਾਸਾ ਗੁਆ ਬੈਠੀਆਂ ਹਨ, ਉਨ੍ਹਾਂ ਵਿੱਚ ਭੁਪਿੰਦਰ ਸਾਗਰ ਤੇ ਰਾਹੋਂ ਦੀ ਛੰਭ ਸ਼ਾਮਿਲ ਹੈ। ਇਨ੍ਹਾਂ ਦੀ ਜ਼ਮੀਨ ਹੁਣ ਖੇਤੀ ਲਈ ਹੀ ਕੰਮ ਆਉਂਦੀ।

**ਹੱਲ**

ਜੇ ਪੰਜਾਬ ਵਿਚ ਹਰ ਜਣਾ ਘੱਟੋ-ਘੱਟ ਇਕ ਦਰੱਖ਼ਤ ਲਾਵੇ, ਤਾਂ ਉਹ ਕਿਸੇ ਹੱਦ ਤੱਕ ਕਾਰਬਨ ਦੇ ਪ੍ਰਭਾਵ ਨੂੰ ਘੱਟ ਕਰ ਸਕਦਾ ਹੈ। ਚਾਹੀਦਾ ਤਾਂ ਇਹ ਹੈ, ਹਰ ਬੰਦਾ ਘੱਟੋ ਘੱਟ 10 ਦਰੱਖ਼ਤ ਲਾਵੇ। ਹਰ ਪਰਿਵਾਰ ਆਪਣੀ ਜ਼ਮੀਨ ਦਾ ਕੁਝ ਖ਼ਾਸ ਹਿੱਸਾ ਨਿੱਕਾ-ਜੰਗਲ ਉਗਾਉਣ ਲਈ ਰਾਖਵਾਂ ਰੱਖੇ। ਆਪਣੇ ਵਿਹੜੇ, ਬਾਗ਼ ਜਾਂ ਖੇਤ ਵਿਚ ਕੋਈ ਛਾਂ-ਦਾਰ ਜਾਂ ਫ਼ਲਾਂ ਦਾ ਦਰੱਖ਼ਤ ਲਾਇਆ ਜਾਵੇ। ਇਹਨੂੰ ਆਪਣੇ ਕਿਸੇ ਨਾਇਕ ਦੇ ਨਾਂ ਸਮਰਪਿਤ ਕੀਤਾ ਜਾਵੇ। ਇਸ ਨੂੰ ਆਪਣਾ ਦੋਸਤ ਸਮਝ ਕੇ ਹਰ ਰੋਜ਼ ਇਸ ਦੀ ਦੇਖਭਾਲ਼ ਕੀਤੀ ਜਾਵੇ। ਆਪਣੀਆਂ ਤਸਵੀਰਾਂ ਨੂੰ ਹੋਰਾਂ ਨਾਲ ਸਾਂਝੇ ਕਰ ਕੇ ਆਪਣੇ ਨਕਸ਼ੇ-ਕਦਮ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਜਾਵੇ।

· ਆਪਣੇ ਪਰਿਵਾਰ ਨੂੰ ਖੇਤ ਦੇ ਇਕ ਹਿੱਸੇ ਵਿਚ ਫ਼ਲਾਂ ਦੇ ਦਰੱਖ਼ਤ ਲਾਉਣ ਲਈ ਮਨਾਓ, ਤਾਂ ਜੁ ਖਾਣ ਲਈ ਸੱਜਰੇ ਫ਼ਲ ਵੀ ਮਿਲਨ ਤੇ ਆਮਦਨ ਦਾ ਜ਼ਰੀਆ ਵੀ ਬਣੇ।

· ਆਪਣੀ ਸਥਾਨਕ ਸਰਕਾਰ (ਪੰਚਾਇਤ/ਨਗਰਪਾਲਿਕਾ) ਨੂੰ ਬੇਨਤੀ ਕਰੋ ਕਿ ਸ਼ਾਮਲਾਟੀ ਜ਼ਮੀਨ ਤੇ ਜਲ ਸਰੋਤਾਂ ਦੇ ਦੁਆਲ਼ੇ ਛੋਟਾ-ਜਿਹਾ ਜੰਗਲ ਨੂੰ ਉਗਾਵੇ।

· ਪੰਜਾਬ ਵਿੱਚ ਨਿਜੀ ਕੋਸ਼ਿਸ਼ਾਂ ਨਾਲ ਉਗਾਏ ਲਘੂ-ਵਣਾਂ ਦਾ ਦੌਰ ਕਰੋ। ਜਰਮਨੀ ਦੀ ਕਿਸੇ ਬੀਬੀ ਨੇ ਹੁਸ਼ਿਆਰਪੁਰ ਜ਼ਿਲੇ ਵਿੱਚ ਢੋਲਬਾਹਾ ਨੇੜੇ 150 ਕਿੱਲਿਆਂ ਵਿਚ ਦੇਸੀ ਰੁੱਖਾਂ ਦਾ ਜੰਗਲ ਲਾਇਆ ਹੈ। ਇਹ ਜੰਗਲ ਇਹਨੇ ਗੁਰੂ ਨਾਨਕ ਜੀ ਨੂੰ ਸਮਰਪਿਤ ਕੀਤਾ ਹੈ।

· ਪੰਜਾਬ ਵਿੱਚ ਜੰਗਲ ਤੇ ਝੀਲਾਂ ਦੇ ਸੰਕਟ ਬਾਰੇ ਜਾਣਕਾਰੀ ਹਾਸਿਲ ਕਰੋ। ਦੇਖੋ, ਵਿਚਾਰੋ ਕਿ ਤੁਸੀਂ ਇਨ੍ਹਾਂ ਦੀ ਸੰਭਾਲ਼ ਤੇ ਫੈਲਾਉ ਵਿਚ ਕਿਵੇਂ ਮਦਦਗਾਰ ਸਾਬਤ ਹੋ ਸਕਦੇ ਹੋ। ਕੀ ਤੁਸੀਂ ਸੁਣਿਆ ਹੈ ਕਿ ਹਾਲ ਹੀ ਵਿਚ ਸਰਕਾਰ ਨੇ ਮੱਤੇਵਾੜਾ ਜੰਗਲ 'ਤੇ ਨਾਜਾਇਜ਼ ਕਬਜ਼ਾ ਕਰ ਕੇ ਇਹਨੂੰ ਸਨਅਤੀ ਪਾਰਕ ਵਿਚ ਤਬਦੀਲ ਕਰਨ ਦਾ ਉਪਰਾਲਾ ਕੀਤਾ ਸੀ? ਸੋਚੋ, ਤੁਸੀਂ ਜੰਗਲਾਤ ਤੇ ਜਲਗਾਹਾਂ ਨੂੰ ਬਚਾਉਣ ਲਈ ਕੀ ਕਰ ਸਕਦੇ ਹੋ?

ਧੰਨਵਾਦ ਸਹਿਤ www.pippal.org

## ਕਾਵਿ ਕਿਆਰੀ

# ਸਿੱਖੀ ਸਿਦਕ

-ਵਿਧਾਤਾ ਸਿੰਘ ਤੀਰ

ਸਿੱਖ ਧਰਮ ਦੇ ਵੱਡਿਆਂ ਛੋਟਿਆਂ ਨੇ,
ਆਪੋ ਆਪਣੀ ਚੰਗੀ ਨਿਭਾ ਦਿੱਤੀ।
ਕਿਸੇ ਪੁੱਗ ਕੇ ਸਿਦਕ ਦੀ ਖੇਡ ਅੰਦਰ,
ਬਾਜ਼ੀ ਵੈਰੀਆਂ ਦੀ ਮਾਤ ਪਾ ਦਿੱਤੀ।
ਕਿਸੇ ਜੱਗ ਦੀ ਅੱਗ ਬੁਝਾਣ ਖ਼ਾਤਰ,
ਤੱਤੀ ਤਵੀ ਤੇ ਰੱਤ ਵਗਾ ਦਿੱਤੀ।
ਮੋਤੀ ਸਿਦਕ ਲਈ ਕਿਸੇ ਮਰ-ਜੀਵੜੇ ਨੇ,
ਟੁੱਭੀ ਉਬਲਦੀ ਦੇਗ਼ ਵਿਚ ਲਾ ਦਿੱਤੀ।

ਕਿਸੇ ਚੰਦ ਨੇ ਚਾਂਦਨੀ ਚੌਕ ਅੰਦਰ,
ਨੂਰੀ ਦਿਲ ਦੀ ਦਿੱਲੀ ਲੁਟਾ ਦਿੱਤੀ।
ਕਿਸੇ ਹੀਰੇ ਨੇ ਚਮਕ ਵਿਖਾਈ ਐਸੀ,
ਦੇਹੀ ਆਰੇ ਦੇ ਨਾਲ ਚਿਰਵਾ ਦਿੱਤੀ।
ਕਿਸੇ ਚਾੜ੍ਹ ਕੇ ਸਿਦਕ ਦੀ ਡੋਰ ਉੱਤੇ,
ਖ਼ੂਬ ਸਿਰ ਦੀ ਗੁੱਡੀ ਉਡਾ ਦਿੱਤੀ।
ਕਿਸੇ ਸਾਹਮਣੇ ਵੇਖ ਕੇ ਆਈ ਚਰਖੀ,
ਜਿੰਦ ਆਪਣੀ ਪੂਣੀ ਬਣਾ ਦਿੱਤੀ।

ਕਿਸੇ ਏਤਨਾ ਅਣਖ ਦਾ ਜਾਪ ਕੀਤਾ,
ਅੰਗ ਅੰਗ ਦੀ ਮਾਲਾ ਫਿਰਾ ਦਿੱਤੀ।
ਸੂਰਜ ਢਾਲਿਆ ਕਿਸੇ ਨੇ ਜ਼ਾਲਮਾਂ ਦਾ,
ਐਸੀ ਤੇਜ਼ ਤਲਵਾਰ ਚਮਕਾ ਦਿੱਤੀ।
ਕਿਸੇ ਕੁੜੀ ਕੁਰਬਾਨੀ ਤੇ ਮੋਹਤ ਹੋ ਕੇ,
ਲਾਹ ਕੇ ਖੱਲੜੀ ਹੇਠਾਂ ਵਿਛਾ ਦਿੱਤੀ।
ਕਿਸੇ ਸਿਦਕ ਸ਼ਹੀਦੀ ਦੀ ਯਾਦ ਅੰਦਰ,
ਮੌਤ ਦਿਲ ਤੋਂ ਉੱਕੀ ਭੁਲਾ ਦਿੱਤੀ।

ਕਈਆਂ ਨਿੱਕਿਆਂ ਲਾਛਿਆਂ ਲਾੜਿਆਂ ਨੇ,
ਲੜਨ ਲੱਗਿਆਂ ਮੌਤ ਡਰਾ ਦਿੱਤੀ।
ਕਈ ਸੂਰਿਆਂ ਅਣਖੀਆਂ ਦੂਲਿਆਂ ਨੇ,
ਨਾਲ ਧੌਂਸ ਦੇ ਧਰਤ ਧਮਕਾ ਦਿੱਤੀ।
ਨਿੱਕੇ ਲਾਲਾਂ ਨੇ ਨੀਂਹਾਂ ਵਿੱਚ ਚਿਣੇ ਜਾ ਕੇ,
ਜ਼ਾਲਮ ਰਾਜ ਦੀ ਨੀਂਹ ਹਿਲਾ ਦਿੱਤੀ।
'ਤੀਰ' ਸਾਦਕਾਂ ਦੀਆਂ ਕੁਰਬਾਨੀਆਂ ਨੇ,
ਸਿੱਖੀ ਧਰਮ ਦੀ ਸ਼ਾਨ ਵਧਾ ਦਿੱਤੀ।

-0-

---

# ਨਾਲ ਨਾ ਜਾਣਾ ਧੇਲਾ

– ਪਰਵਿੰਦਰ ਕੌਰ ਸੁੱਖ ਲੁਧਿਆਣਾ # 81960-63335

ਕੱਲਾ ਆਇਆ ਕੱਲੇ ਜਾਣਾ, ਸਭ ਰਹਿ ਜਾਣਾ ਐਥੇ।
ਅਚਿੰਤੇ ਬਾਜ ਪਏ ਜਦ ਆ ਕੇ, ਰਹਿ ਜਾਣੇ ਸਭ ਬੈਠੇ ।
ਰੱਬ ਦਾ ਨਾਮ ਧਿਆ ਲੈ ਬੰਦਿਆ, ਕਰ ਲੈ ਜਨਮ ਸੁਹੇਲਾ।
ਜਪਿਆ ਨਾਮ ਨਾਲ ਹੈ ਜਾਣਾ, ਨਾਲ ਨਾ ਜਾਣਾ ਧੇਲਾ।

ਮੋਹ ਮਾਇਆ ਵਿੱਚ ਫਸ ਕੇ ਬੰਦਿਆ, ਧਨ ਹੈ ਬਹੁਤ ਕਮਾਇਆ।
ਖਾਲੀ ਹੱਥ ਤੂੰ ਜਾਣਾ ਬੰਦਿਆ, ਖਾਲੀ ਹੱਥ ਹੀ ਆਇਆ।
ਮੋਟਰ ਗੱਡੀਆਂ ਸੰਗ ਨਾ ਜਾਵਣ,ਨਾ ਜਾਣਾ ਨਾਲ ਹੈ ਠੇਲਾ।
ਜਪਿਆ ਨਾਮ ਨਾਲ ਹੈ ਜਾਣਾ, ਨਾਲ ਨਾ ਜਾਣਾ ਧੇਲਾ।

ਧੀਆਂ ਪੁੱਤਰ ਸਾਕ ਸਬੰਧੀ, ਕਿਸੇ ਨਾ ਸਾਥ ਨਿਭਾਉਣਾ।
ਅੰਤ ਸੰਗ ਫਿਰ ਸੋਚ ਲੈ ਬੰਦਿਆ, ਪੈ ਨਾ ਜਾਏ ਪਛਤਾਉਣਾ ।
ਲੈ ਜਾਓ ਲੈ ਜਾਓ ਕਹਿਣਾ ਸਭ ਨੇ, ਰੱਖਣ ਦਾ ਨੀ ਵੇਲਾ।
ਜਪਿਆ ਨਾਮ ਨਾਲ ਹੈ ਜਾਣਾ, ਨਾਲ ਨਾ ਜਾਣਾ ਧੇਲਾ।

ਕਰਮਾਂ ਦਾ ਫਲ ਮਿਲ ਕੇ ਰਹਿਣਾ, ਜਿਹੜੇ ਕਰਮ ਤੂੰ ਬੀਜੇ।
ਖਾਲੀ ਹੱਥ ਤੂੰ ਤੁਰ ਜਾਣਾ ਏ, ਹੁੰਦੇ ਨਾ ਕਫਨ ਨੂੰ ਗੀਝੇ।
ਕੋਈ ਆਵੇ ਕੋਈ ਜਾਵੇ ਇਥੋਂ, ਚਾਰ ਦਿਨਾਂ ਦਾ ਮੇਲਾ।
ਜਪਿਆ ਨਾਮ ਨਾਲ ਹੈ ਜਾਣਾ, ਨਾਲ ਨਾ ਜਾਣਾ ਧੇਲਾ।

ਹੁੰਦਾ ਜਿੰਨਾ ਸਬੰਧ ਕਿਸੇ ਨਾਲ, ਬੰਦਾ ਪਿਆ ਨਿਭਾਵੇ।
ਕਿਹੜੇ ਮਿਲਣੇ ਸਾਕ ਸਬੰਧੀ, ਧੁਰ ਤੋਂ ਲਿਖ ਕੇ ਆਵੇ।
ਚੰਗੇ ਕਰਮ ਕਮਾ ਲੈ ਬੰਦਿਆ, ਬਣ ਜਾ ਗੁਰੂ ਦਾ ਚੇਲਾ।
ਜਪਿਆ ਨਾਮ ਨਾਲ ਹੈ ਜਾਣਾ, ਨਾਲ ਨਾ ਜਾਣਾ ਧੇਲਾ।

ਆਇਆ ਬਣ ਮਹਿਮਾਨ ਧਰਤ 'ਤੇ, ਇਕ ਦਿਨ ਵਾਪਸ ਜਾਣਾ।
ਦੱਸ ਦੇ ਬੰਦਿਆ ਫੇਰ ਕਾਸ ਤੋਂ, ਉਲਝਾਇਆ ਤੂੰ ਤਾਣਾ।
ਸਵਾਸਾਂ ਦੀ ਜਦ ਪੂੰਜੀ ਮੁੱਕ ਗਈ, ਮੁੱਕ ਜਾਣਾ ਫਿਰ ਮੇਲਾ।
ਜਪਿਆ ਨਾਮ ਨਾਲ ਹੈ ਜਾਣਾ, ਨਾਲ ਨਾ ਜਾਣਾ ਧੇਲਾ।

ਮੇਰੀ ਮੇਰੀ ਕਰਦਾ ਫਿਰਦਾ, ਅਨੇਕਾਂ ਕਰਮ ਕਮਾਏ।
ਕਾਮ ਕ੍ਰੋਧ ਲੋਭ ਮੋਹ ਵਸ, ਬੰਦਾ ਫਸ ਰਹਿ ਜਾਏ।
'ਪਰਵਿੰਦਰ ਸੁੱਖ' ਜੀ ਗੁਰੂ ਘਰ ਜਾ ਕੇ, ਕਰ ਲਓ ਜਨਮ ਸੁਹੇਲਾ।
ਜਪਿਆ ਨਾਮ ਨਾਲ ਹੈ ਜਾਣਾ, ਨਾਲ ਨਾ ਜਾਣਾ ਧੇਲਾ।

-0-

# बाबा बंदा सिंघ बहादर

**–गुरमत विरसा ब्यूरो**

आरम्भिक जीवन और गुरू मिलापः जीवन के उदेश्य की खोज में भटकता एक सामर्थ्यवान व्यक्ति कर्म–कांडों में से निकलता हुआ जब सत्य के समीप पहुँचता है तो उसके भीतर आया अचानक परिवर्तन अपने आप में एक इन्कलाब होता है। बाबा बंदा सिंघ बहादर का जीवन मानवता के लिए प्रेरणा श्रोत है। एक मनुष्य अति बहादुर होता हुआ भी एक जानवर के शिकार से ही वैरागी बन जाता है। परन्तु जब उसका दशमेश पिता जी जैसे गुरू से मिलाप होता है तो वही विरक्त (वैरागी) इन्सान बेमिसाल बहादुरी से अत्याचारियों को सोधणे के लिए निकल पड़ता है।

बाबा बंदा सिंघ बहादर गुरू साहिवान के पश्चात सिख कौम की रक्षा करने वाली महान शख्सीयत थे। बाबा जी ने उस मुश्किल समय में धम अगुवाई बख्शिश की जब मुगल राज्य सिखों को पूरी तरह समाप्त कर देना चाहता था। इस तरह के हालात में बाबा जी ने मुगल राज्य के अजय होने के भ्रम को तोड़कर खालसे को चढ़दी कला के मार्ग पर डाला और समाज सुधार भी किये। अपना राज्य स्थापित करके लोहगढ़ को राजधानी बनाया और खालसाई निशान लगाऐ। गुरू नानक, गुरू गोबिंद सिंघ जी के नाम पर सिक्का जारी किया और सिख सम्बत चलाया।



ऐसे महान गुरसिख, सुयोग्य व्यक्ति और निडर जरनैल बाबा बंदा सिंघ बहादर जी का जन्म 16 अक्तूबर 1670 ईः को जम्मू की रियास्त पुंछ के गांव राजौरी में हुआ। उनका बचपन का नाम लक्ष्मण दास था। आप के पिता रामदेव एक राजपूत थे। इस लिए शिक्षा ग्रहण करने के अतिरिक्त आप को विरासत में घुड़ सवारी, शिकार खेलने और कुशितयां लड़ने जैसे शौक प्राप्त हुए। आपका ध्यान खेती–वाड़ी में भी था। एक बार शिकार के दौरान आपने एक हिरणी का शिकार किया तो उसके पेट में से दो बच्चे निकल कर वहीं पर ही तड़प कर मर गये। इस घटना के पश्चात आप घर बार और दुनियादारी त्याग कर अधिक से अधिक समय साधुयों के साथ रहने लगे। उन्हीं दिनों में एक बार एक विरक्त साधू जानकी दास आपको मिला। उसने आपका नाम माधोदास रख दिया। फिर एक अन्य साधू 1686 को वैसाखी पर राम दास मिला, जो कि उदासी मत का पालक था परन्तु आपके मन की भटकन ना मिटने के कारण आप जी दक्षिण की तरफ नासिक के पास आ गये। यहां पंचवटी में योगी औघड़ नाथ को मिले। आप की अनन्य सेवा भक्ति से खुश होकर योगी औघड़ नाथ ने अपनी पूरी विद्या (ज्ञान) आप जी को बता दी। योगी की मृत्यु के पश्चात माधोदास ने गोदावरी के किनारे नांदेड़ को अपना निवास बनाकर शहर से कुछ दूरी पर एक डेरा बना लिया।

औरंगज़ेब की मृत्यु के पश्चात उसके पुत्रों के बीच जंग के समय गुरू जी ने उसके बड़े बेटे शाह आलम बहादुर शाह का साथ देकर उसको गद्दी पर बैठाने में सहायता की। वह गुरू जी का पहले ही बहुत सम्मान करता था। गुरू जी ने उसको अत्याचार कर रहे नवाबों को योग्य दंढ देने के लिए कहा तो उस ने इकरार कर लिया परन्तु इन्हीं दिनों में ही छोटे भाई कामबख्श के द्वारा बगावत करने के कारण उसने गुरू जी को दक्षिण की तरफ साथ चलने की बिनती की। गुरू जी उसके साथ दक्षिण की तरफ चल पड़े। रास्ते में बातचीत चलती रही परन्तु बहादुर शाह स्वयं मौलवियों और सलाहकारों के प्रभाव में आ गया इस लिए गुरू जी उसको छोड़कर नांदेड़ की तरफ चले गये। यहां शहर के बाहर आप जी माधोदास के डेरे में आये। माधोदास आप को पहले भी हरिद्वार में 1687 में मिल चुका था क्योंकि उस समय इसका गुरू रामदास उदासी था और उदासियों का गुरू घर से आरम्भ से ही मेल–मिलाप रहा है। यहां, अपने डेरे में वह आम लोगों से अपनी पूजा करवाता था क्योंकि माधोदास जबसे औघढ़ नाथ का चेला बना था तभी से ही उसको लोगों को डराने की आदत पड़ गई थी। इसी कारण ही आम लोग उसकी पूजा करते थे। गुरू साहिबान जी का तो मिश्न ही कुराहीयों को सीधे रास्ते पर डालना था। जब गुरू जी वहां पर पहुँचे तो माधोदास अपने डेरे में नहीं था। गुरू जी जाकर उसके पलंघ (बड़ी खाट) पर विराजमान हो गये। बाकी गुरू के सिंघों ने बगीचे में लगे फलों का आहार किया और अपने घोड़े भी बगीचे में ही बांध दिये। माधोदास और उसके चेलों को सीधे मार्ग पर चलाने के लिए गुरू जी ने सिंघों को कह कर वहां पर बकरे झटकाये। माधोदास के चेले बहुत क्रोधित हुए। अंत में उन्होने माधोदास को बुलाया। माधोदास स्वयं को बहुत शक्तिमान समझता था परन्तु गुरू साहिब की शख्सीयत के आगे माधोदास

को झुकना पड़ा। गुरदेव और माधोदास के बीच उस दिन 3 सितंबर 1708 ईः को जो वार्तालाप हुई, वह कुछ इस तरह हैः

माधोदासः आप कौन हैं?

गुरू जीः वह, जिसको तुम जानते हो।

माधोदासः मैं क्या जानता हूँ?

गुरू जीः अपने मन में अच्छी तरह से सोच।

माधोदासः (सोचकर) आप गुरू गोबिन्द सिंघ जी हो?

गुरू जीः हां जी।

माधोदासः आप यहां किस तरह पधारे हैं?

गुरू जीः मैं इस लिए आया हूँ तां कि तुमको सही मार्ग पर चलाऊँ, क्योंकि तुम्हारा जीवन व्यर्थ (बेकार) जा रहा है।

माधोदासः मैं हाज़िर हूँ, हजूर! मैं आपका दास हूँ । गुरू पातशाहियों, चारों साहिबज़ादें और अनेकों शूरबीरों और शहीदों की कुर्बानीयों को सुनकर बंदा सिंघ जी का विचार एक पल में बदल गया। गुरू जी ने उसको अमृत छका कर गुरबख्श सिंघ नाम दिया। लेकिन वह बंदा सिंघ बहादर के नाम से ही जाने जाते हैं। बंदा सिंघ ने अपने भीतर अनंत शक्ति और जोश का अनुभव किया और अत्याचारियों को सख्त दंड देने का अपने मन में दृढ़ निश्चय कर लिया।

गुरू साहिब के नांदेड़ ठहराव के दौरान ही गुरू साहिब को वज़ीर खान द्वारा भेजे गये पठान ने खंजर से जख्मी कर दिया। आपने बाबा बंदा सिंघ जी को खालसे का जत्थेदार नियुक्त कर और 'बहादुर' का खिताब देकर पाँच प्यारों भाई बिनोद सिंघ, भाई काहन सिंघ, भाई भगवंत सिंघ और कोइर सिंघ की अगवाई में पंजाब भेजा। पांच तीर और साथ में 20 अन्य सिख भी भेजे। बंदा सिंघ को पांच प्यारों की रहनुमाई में चलने और चाल–चलन में परिपक्व और स्वच्छ रहने की बात भी दृढ़ करवाई गई।

समाज सुधारः बाबा बंदा सिंघ जी कई प्रकार के कष्ट सहते हुए पंजाब की तरफ बढ़ रहे थे कि रास्ते में उनको दशमेश पिता जी के ज्योति–ज्योत समाने का समाचार मिला। उनका हृदय अत्याचारियों को खत्म करने के लिए और अधिक जोश से भर गया। आप गरीबों और जरूरतमंदों के लिए बहुत ही हमदर्द सिद्ध हो रहे थे। दिल्ली के समीप पहुँचने तक वह आम लोगों में इसी हमदर्दी के कारण बहुत हरमन प्यारे हो चुके थे। वह दीन दुखियों के प्रति बहुत उदारचित थे।

दूसरा वह रास्ते में आम लोगों को चोरों और लुटेरों से रक्षा करते आ रहे थे। उन्होने एक महत्वपूर्ण घोषणा करवायी, "हम केवल पेशेवर लुटेरों और ज़ालिम हाकिमों के अत्याचारों से गरीब जनता को बचाने आये हैं। खाने पीने की वस्तुओं के अतिरिक्त हमे किसी भी वस्तु की ज़रूरत नहीं है। आप भी आयें खालसे बन जायें हम आपको देश के मालिक बना देंगे।"

बाबा जी के साथ सिंघों ने भी अपने सज्जन–मित्रों को बाबा जी को सहयोग देने के लिए पत्र लिखे। सिंघों को वज़ीर खान की गुरू जी को कत्ल करने की साजिश का पता लगा तो वह बड़ी संख्या में बाबा जी को गुरू जी का प्रतिनिधी जानकर उनके साथ आ मिले। पंजाब में सिख कीरतपुर में एकत्र होकर बाबा जी का इन्तजार करने लगे। फिर बाबा जी ने समाने शहर में रहते धनवानों, वजीरों और नौवें पातशाह तथा छोटे साहिबज़ादों को शहीद करने वाले जल्लादों को मारा। सढोरे में तो सिंघों ने पीर बुद्धू शाह जी के हत्यारे उस्मान खान को बड़ी बुरी तरह मारा। आम लोग भी इससे बहुत दुखी थे। इस लिए वह भी सिंघों के साथ मिल गये।

उधर नवाब वजीर खां ने घबराकर मलेरकोटला के नवाब को कीरतपुर के सिंघों को रोकने के लिए भेजा। परन्तु सिंघों के धर्म युद्ध के लिए अथाह जोश के आगे मलेरकोटला के नवाब शेर मुहम्मद की एक ना चली। नवाब स्वयं और उसका भतीजा रोपड़ के नज़दीक सिंघों के साथ हुए घमासान युद्ध में मारा गया। सिंघों ने उत्साहित होकर बाबा जी को मिलने के लिए कूच कर दिया। अंबाला से रोपड़ जा रही सड़क पर खरड़ और बनूड़ के मध्य दोनों दल मिले और बेअंत खुशियां मनायी गई।

दूसरी तरफ वज़ीर खां बहुत धबराया हुआ था। उसने झुंडों के झुंड गाजीयों के एकत्र कर लिए। बाबा जी ने सिंघों को कहा कि अधिक से अधिक प्रयास वज़ीर खान को जीवित पकड़ने का करना है। 12 मई को चप्पड़चिड़ी के मैदान में दोनों सैनाओं का टकराव हुआ। भीषण युद्ध के कारण बाबा जी ने स्वयं युद्ध की कमान संभाली। बाबा जी की हल्लाशेरी से सिंघ नवाबों के हाथियों के ऊपर चढ़कर वहीं पर ही उनको सोधने लगे। हाथी मुगल सरदारों समेत पीछे को वापस लौटने लगे और इस अफरातफरी कारण मुगल सेना का बहुत नुकसान हुआ। इधर बाबा बाज सिंघ जी के आगे वज़ीर खां आकर डट गया। बाबा जी ने उसका ही नेजा छीन कर उसके हाथी के माथे पे मारा। दूसरी तरफ से भाई फतह सिंघ जी ने हाथी पर चढ़कर तलवार से वज़ीर खान पर बहादरी और ताक्त से बार किया कि वह उसे कंधे से लेकर कमर तक चीरती हुई निकल गई। उस के मरते ही मुगल सेनायें मैदान से भाग खड़ी हुई।

सिंघों ने जोश में आकर सरहंद की ईंट से ईंट खड़का दी और लूटपाट शुरू कर दी। परन्तु बाबा जी ने लूट पाट से रोक दिया। स. बाज सिंघ को सरहंद का सूबेदार नियुक्त किया गया।

सरहंद की जीत से सिंघों का डर बैठ जाने के कारण कई मुसलमान अमीरों–वज़ीरों और नवाबों ने भी बाबा बंदा सिंघ से हार मान ली। अनेकों ने सिख धर्म ही धारण कर लिया और आम लोग तो वैसे ही मुगल शासकों से दुखी थे, इस लिए उन्होने सिख धर्म धारण करने में ही अपने आप को बड़ा भाग्यशाली समझा।

इस समय तक बाबा बाज सिंघ के प्रयासों के कारण संढौरे से रायकोट और माछीवाड़ा तथा लुधियाना से करनाल तक का पूरा क्षेत्र सिंघों के अधीन हो गया था। इस लिए अब बाबा बंदा सिंघ बहादर ने राज्य प्रबंध और समाज सुधार की तरफ विशेष

ध्यान देना शुरू किया। आप जी ने संढौरे और नाहन के बीच एक गांव मुखलिसगढ़ को अपनी राजधानी बनाया और इस को लोहगढ़ का नाम दिया। यहां पर महलों और बड़े मकानों का निर्माण कर लिया। यहीं पर ही गुरू नानक, गुरू गोबिन्द सिंघ के नाम का सिक्का जारी किया। बाबा बंदा सिंघ जी ने सरहंद की जीत पर नया सम्बत् भी जारी किया।

बाबा जी ने अपने राज्य में जमीन्दारी को जड़ से ही समाप्त कर दिया। जमीन्दारों को सोधकर मेहनत करने वालों और खेत मजदूरों को ज़मीनों का मालिक बनाया। गरीबों और मज़दूरों ने चैन की सांस ली और वह पूर्ण स्वाभिमान के साथ जीने लगे। इतिहासकारों के अनुसार, उस समय नीच समझा जाने वाला व्यक्ति यदि बाबा बंदा सिंघ जी के पास पहुँच जाता तो कुछ ही समय में नियुक्ति का आदेश हाथो से लेकर अपनी जन्म भूमि का मालिक बन कर वापस लौटता तो अखौती ऊँची जाति वाले उसके स्वागत के लिए एकत्र होकर आ जाते और उसके आदेश की प्रतीक्षा करते।

बाबा जी की जीतों (विजयी होना) से सिक्खों के साहस बहुत बढ़ गया। उन्होने पंजाब में जहां भी कब्जा किया अधिकारियों को बर्खास्त करके पूर्ण प्रबंध अपने हाथों में लेकर हुकूमत की। अपनी तहसीले और थाने स्थापित किये। आठ हज़ार के लगभग सिंघों ने अमृतसर में एकत्रता करके गुरमते किये और बटाला, कलानौर तथा पठानकोट तक जा कब्ज़े किये। अगर लाहौर की तरफ गये तो शालीमार बाग तक पहुँचकर शहर की हद तक मार की। इन हमलों की लपेट में ज्यादातर सिंघों ने बिगड़े हुए कर्मचारियों और मुल्लां मौलवीयों तथा पहाड़ी राजाओं पर हमला किया और आम लोगों की हमदर्दी जीती। चंबे के राजा उदय सिंघ ने राजकुमारी का विवाह बाबा जी के साथ कर दिया, जिनकी कोख से अजय सिंघ का जन्म हुआ। परन्तु अजमेर चंद जैसे गुरू ईष्यालू और अत्याचारी को बाबा जी ने अच्छी तरह सोधा। मौलवियों के द्वारा बाबा जी की चढ़त से घबरा कर धर्म युद्ध का ध्वज खड़ा कर देने के कारण आम मुसलमान भी इस लड़ाई में शामिल होने से मुगलों की सैनिक शक्ति कई गुणा बढ़ गई जिनके साथ लड़ाई के कारण बाबा जी को एक बार लोहगढ़ का किला छोड़ना पड़ा।

बाबा जी लोहगढ़ छोड़ने के लगभग तीन महीने के पश्चात पहाड़ों में से निकल आये और लाहौर में हो रही गद्दी की खानाजंगी के कारण मौका देखकर कलानौर और बटाला अपने नियन्त्रण में कर लिये। मुगल सेना के अचानक हमले के कारण गुरदासपुर के पास गुरदासपुर नंगल नाम के गांव में भाई दुनी चन्द की हवेली को किले में बदलकर सिखों ने मुगलों का मुकाबला किया। आठ महीने लगातार शाही सेना ने घेराव डाले रखा और वह भी इतना तंग कि अन्न का दाना तक भी अन्दर नहीं लेकर जाया जा सकता था। समकालीन इतिहासकार लिखते हैं कि इस मुश्किल समय में सिंघों ने पत्तों और जानवरों से पेट भरने की कोशिश की। आखिर बाबा बिनोद सिंघ और बाबा बंदा सिंघ में मतभेद पैदा हो जाने के कारण बाबा बिनोद सिंघ दुश्मन की सेना को चीरते हुए गढ़ी में से निकल गए और बाबा बंदा सिंघ कुछ साथियों समेत गढ़ी में ही रह गये। बहुत से सिंघ पेचिस जैसी बीमारियों के कारण चलने फिरने से भी लाचार हो गए। परन्तु वह अंत तक डटे रहे। आखिर 7 दिसंबर 1715 को शाही फौज़ों ने गढ़ी पर कब्ज़ा कर लिया। 300 सिंघों को गढ़ी में ही शहीद कर दिया गया। उन के पेट सोने के मोहरों के लालच में चीर दिये और शीश में घास–फूस भर कर नेजों के ऊपर टांग लिए। 200 सिंघों को लेकर जाने के लिए गिरफतार कर लिया। गुरदास नंगल का गांव और भाई दुनी चन्द की गढ़ी को नष्ट कर दिया गया। जहां पर अब एक थेह (छोटी पहाड़ी) है जिसको 'बंदे वाली थेह' कहा जाता है।

बंदी सिंघों का दिल्ली में जलूसः बंदी सिंघों को लाहौर से दिल्ली लेकर जाने की डयूटी ज़करिया खां की लगी। उसको बंदी सिंघों की संख्या बहुत कम लगी। इन्हीं में से ही हज़ारों बेगुनाह सिक्खों को कत्ल करके 700 बैलगाडियां उनके लाशों से भर ली। और 740 सिंघों को बंदी बनाकर ऊँटों पर बांध लिए। बंदी सिंघों को बाबा बंदा सिंघ की तरह पैरों, हाथों, कमर और गले से संगलों में बंधा हुआ था। इनको इसी तरह की बुरी दशा में सरहंद के बाज़ारों में से निकाला गया।

फिर इस जलूस को दिल्ली में और भी अधिक असभ्य ढंग से पेश किया गया। जलूस में सबसे आगे 2000 सिंघों के शीश नेजों पर टंगे हुए थे और उनके केश हवा में उड़ रहे थे। पीछे सिक्खों की लाशों से भरी हुई 700 बैलगाड़ियां थी। इसके बाद एक हाथी के ऊपर बाबा बंदा सिंघ बहादर जी को बंदी बनाया हुआ था। उनका हंसी मज़ाक उडाने के लिए उनके लाल रंग की शाही पौशाक (पहरावा) पहनाई हुई थी और शीश पर तिल्लेदार पगड़ी थी। पिंजरे की रक्षा एक अफसर नंगी तलवार हाथ में लेकर कर रहा था। इसके पश्चात ऊँटों पर दो दो की संख्या में 740 सिक्ख थे। उनके मुखों पर कालख (काला रंग) लगाया हुआ था। उनके शरीर पर भेड़ की खलड़ी की नोकदार टोपियां डलवाई हुई थी जिनको शीशे के मणकों से सजाया गया था। कुछ प्रसिद्ध सिंघों को भेड़ की खलड़ी पहनाई हुई थी। जिनके केश बाहर की तरफ को थे तां कि सिंघ रीछों की तरह दिखाई दें। सबसे पीछे तीनों अमीन मुहम्मद खां, कमरूदीन खान और ज़करिया खां थे। सिक्खों ने यह स्वांग व्यवहार अकाल पुरख की रज़ा समझकर श्रद्धा के साथ प्रसन्नचित होकर बर्दाश्त किया। वह ऊँठों पर बंधे हुए भी शब्द गायन कर रहे थे। उनको ज़रा भी शर्मन्दिगी / उदासी नहीं थी।

5 मार्च 1716 में दिल्ली के त्रिपोलिया दरवाज़े की तरफ चबूतरा कोतवाली के सन्मुख सरबराह खान की देखरेख में सिंघों का कत्लेआम शुरू हुआ। प्रत्येक दिन 100 सिंघ शहीद किये जाते परन्तु इनमें से किसी एक ने भी धर्म नहीं छोड़ा। बल्कि एक दूसरे से पहले शहीद होने के लिए आगे होते। इनकी शहीदियों के तीन महीने के बाद 9 जून 1716 को बाबा बंदा सिंघ जी, उनके बच्चे अजय सिंघ और साथियों स. बाज सिंघ, भाई फतह सिंघ, स. अली सिंघ, स. गुलाब **शेष पृष्ठ 39 पर**

# Guru Arjan Sahib Ji : The Crown of Martyrs



Prof. Gurmanpreet Kaur
79730 47608


**Birth and Childhood:**

Guru Arjan Sahib Ji was born on the land of Gowindwal in the house of Guru Ramdas Ji and Mata Bhani Ji on 15 April, 1563. According to Nanak Shahi Calendar, the day was 18 Vaisakh, 1620. Guru ji stayed on the land of Gowindwal for 11 years. Their wisdom for bani is said to be inherited.

Bhatt Sahib g say in their praise:

**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ (1407)**

From birth, he realized God through Guru's teachings.

Guru Sahib received the teachings of Gurbani from his maternal grandfather Guru Amar Das Ji. He also said in praise of Guru Sahib: **ਦੋਹਿਤਾ ਬਾਣੀ ਕਾ ਬੋਹਿਤਾ**

Gurgaddi {guru's throne} ceremony:

After the immersion of Guru Ram Das ji in the eternal light in September, 1581, Guru Arjan Sahib Ji sat on throne and bhatt recited in the praise of holy guru:

**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥ (1409)**

There is no difference at all between the Almighty and Guru Ji.

**Anand – Karaj Ceremony :**

At the age of 26, Guru Arjan Sahib Ji's Anand Karaj solemnized with Bibi Ganga Ji, in 1589. She was daughter of Bhai Kishan Chand Jiwho lived in Mau village at Phillaur city in Punjab. Six years later, at Wadali, in 1995, Guru Hargobind Sahib ji, the only son was born.

**Compilation of AAD GRANTH:**

In Guru Granth Sahib Ji, most of the bani is of Guru Arjan Sahib Ji. Guru ji received baani of first four Guru sahib and Bhagat baani after Gurgaddi. He initiated the compilation and editing of Guru Granth Sahib at the bank of Ramsar Sarovar. After the time period of one and half year AAD Granth opening ceremony {PRAKASH} was done at Hari Mandir and Baba Budha ji took first Hukamnama. This auspicious occasion was happened on 1604.

**Main reasons for the martyrdom of Guru:**

There were many main reasons for the martyrdom of Guru Arjan Sahib ji. We cannot consider any one reason the main one. All the reasons that you will read below are the main reasons and each reason plays an important role in the martyrdom of Guru Sahib.


**First reason:**

**To prevent adulteration in the Bani:**

The publication of Aad Bir was beyond the tolerance of the opponents of the Guru's court and the corrupt intellectuals. They were furious. With the aim of adulterating the official scriptures and the Bani, Kana, Peelu, Chhajju, Shah, Hussain came to Guru Sahib with the demand that the Bani they composed should also be included in the Adi Granth. Guru Sahib boldly rejected those compositions on the basis of truth. Guru Sahib's brother Prithi Chand also got his son Meharban to use the Nanak pada and compose many Kachi bani. Many rumors were spread such as some Bani being omitted or many extra compositions are added.

**The second reason is the Naqsh bandi order:**

Since the time of Guru Nanak Sahib, the Mughal emperor had been inclined towards the Guru's court. They also respected the Guru's court. But a large section of harsh Maulanas were always present, who saw the flourishing of Sikhism and the Guru's court as the biggest obstacle to the spread of Muslim faith. Moreover the Brahmin class, who opened the shops of various worship and falsehood, felt any threat of their shops being closed, it was from the Guru's house. In 1599, during the reign of Akbar, the Sufi order of Naqsh bandi (ਨਕਸ਼-ਬੰਦੀ) (engraved bond or engraved name) came to India. Its leader was Khwaja Muhammad Bakibillah. The way this order worked was to infiltrate the state power and use the government power for the spread of Islam and to


Gurdwara Goindwal Sahib

spread the Muslim faith by hook or crook. These people reached the court of Sheikh Bukhari. Sheikh Bukhari was the right hand man in the court. During the reign of Akbar, his court did not proceed. But he had already taken a promise from Jahangir that if he would act according to his words, he would help Jahangir in accquiring throne. This Bukhari later became Murtaza Khan. The correspondence between Sheikh Ahmed Bukhari and Sheikh Ahmed Sirhandi at that time is documented in the book Maktubat-Imam-e-Rubani. Jahangir was aware of the spiritual personality of Guru Sahib. But he did not want to lose the Raj Path he had acquired. That is why he supported him as he says. We cannot say that Jahangir was completely devoted to Guru Sahib. Some how, Jahangir also found the increasing power of Guru Sahib unbearable.

**Third reason – Sakhi Sarvariya movement:**

One of the ways of Muslims to convert Hindus to Islam was to convert them into Sakhi Sarvariyas. By establishing Tarn-Taran in their city and establishing a big center of Sikhism was against the on going Islamization policy of the government. Later, Sakhi Sarvariyas like Bhai Manjh and Bhai Langah also became followers of the Guru which was a big threat to the government. Due to this, they also started looking at Guru Sahib with the eyes of an opponent, with the eyes of an enemy.

**Fourth reason - Chandu:**

Murtaza Khan wanted to keep himself free from this black act. For this reason, he made the Hindu Diwan Chandu a pawn from the royal court. Although the story is often associated with Chandu that Guru Sahib refused to marry his daughter, so he martyred Guru Sahib. But Chandu's status is not seen to be such that he could have the power to martyr such a spiritual power. There is no historical evidence for this story. But Chandu was also among the opponents of Guru Sahib. Guru Sahib's martyrdom took place under the eyes of Chandu and Murtaza Khan.

**Then of martyrdom:**

It is recorded in the Jahangiri book Tuzke–E-Jahangiri that Guru Sahib was martyred under the Yasa law. Although this book was written after the martyrdom of Guru Sahib.

It is said that this book was written by Jahangir himself, but there is no historical evidence of who wrote. Let us know a little about the Yasa law.

**Where did the law of Yasa come from?**

Mongolia, a nation bordered by China and Russia, was meant to have tribal living back then. Often, people living in tribes had their own laws. The laws of these people in Mongolia were called shamans. Their priests were called Biki. And if a priest or a person of religious faith made mistake, they were martyred in such a way that blood should not be shed on the ground. Their thinking behind not shedding blood was that evil spirits would be born from the drops of blood. Therefore, blood should not be shed on the ground while martyring. At that time, the king of this tribe was Khabul Khan. Khabul Khan, along with his son Yasukai, subdued many tribes. After the death of his father, his son Yasukai took over the kingdom. In 1206, he adopted Islam and took his name as Genghis Khan, (changez khan). To make his Raj Path more beautiful, he wrote a book called Yasa. This book contains principles and instructions for the people or if a person of a certain class commits any mistake, then what kind of death should be given to him. So the word Yasa came from Changez Khan. This book was written in 1218. It was also called Changez Niti. On studying history we see that Babur, Humayun, Akbar and Jahangir all followed Changez Niti. Giving martyrdom to Guru Sahib under the law of Yasa was also according to Changaiz Niti.

Why is Guru Arjan Sahib called the "Crown of Martyrs"?

The word Shahadat comes from the word Shaheed which is recorded in the hadiths of Islam. Shaheed is an Arabic word.

**Shaheed means:** A person who witnesses the atrocities committed in the world and gives testimony in the court of God. The word Shaheed has appeared only twice in the Guru Granth Sahib. Once in the Bani of Guru Nanak Sahib Ji and secondly in the Bani of Bhagat Ravi Das Ji. When we study the history of other religions, we come to know that the process of martyrdom was going on since the time of Jesus Christ. But why was Guru Sahib given the title of the crown of martyrs? This does not mean that Guru Sahib was the first martyr in the Sikh community. Bhai Taru Singh Ji Guru Nanak disciple was martyred in the court of Babar. So this can't be the reason behind. All those who were martyred before Guru Sahib had no other option but to accept martyrdom or death or we can also say that death was their compulsion. But Guru Sahib had the opportunity to live life. If they had accepted Islam. If they had abandoned the preaching of Sikhism and embraced Islam and preached the faith of Islam, they could have saved themselves. But Guru Sahib remained steadfast. When we study the rest of history, we see that when Ram goes into exile, Dashrath could not bear the separation and died. When Mansoor

*Continued on Page 39*

# ਝੋਨੇ ਦੀ ਕਾਸ਼ਤ ਅਤੇ ਪਾਣੀ ਦੇ ਸੰਭਾਲ ਦੀਆਂ ਤਕਨੀਕਾਂ

ਸੁਨੀਲ ਕੁਮਾਰ/ਮਨਦੀਪ ਸਿੰਘ/ਰੁਕਿੰਦਰ ਪ੍ਰੀਤ ਸਿੰਘ ਧਾਲੀਵਾਲ*

ਪੰਜਾਬ ਰਾਜ ਲੰਬੇ ਸਮੇਂ ਤੋਂ ਝੋਨੇ-ਕਣਕ ਦੀ ਭਰਪੂਰ ਪੈਦਾਵਾਰ ਨਾਲ ਦੇਸ਼ ਦਾ ਢਿੱਡ ਭਰਦਾ ਆ ਰਿਹਾ ਹੈ। ਹਾਲਾਂਕਿ, ਝੋਨੇ ਦੀ ਕਾਸ਼ਤ ਨੇ ਰਾਜ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ 'ਤੇ ਉਲਟਾ ਅਸਰ ਪਾਇਆ ਹੈ। ਇਸ ਤੋਂ ਇਲਾਵਾ ਮੌਸਮੀ ਤਬਦੀਲੀਆਂ ਅਤੇ ਇਸ ਫ਼ਸਲ ਦੀ ਕਾਸ਼ਤ ਵਿੱਚ ਟਿਕਾਊ ਖੇਤੀਬਾੜੀ ਅਭਿਆਸਾਂ ਦੀਆਂ ਕਮੀਆਂ ਵੀ ਚੁਣੌਤੀਆਂ ਬਣੀਆਂ ਹੋਈਆਂ ਹਨ। ਸੋ, ਖੇਤੀਬਾੜੀ ਦੇ ਸੁਰੱਖਿਅਤ ਭਵਿੱਖ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਝੋਨੇ ਦੀ ਕਾਸ਼ਤ ਵਿੱਚ ਪਾਣੀ ਬਚਾਉਣ ਦੀਆਂ ਵਾਤਾਵਰਨ-ਪੱਖੀ ਤਕਨੀਕਾਂ ਨੂੰ ਵਿਆਪਕ ਪੱਧਰ 'ਤੇ ਲਾਗੂ ਕੀਤਾ ਜਾਵੇ। ਝੋਨੇ ਦੀ ਕਾਸ਼ਤ ਵਿੱਚ ਪਾਣੀ ਬਚਾਉਣ ਦੀਆਂ ਉਨ੍ਹਾਂ ਤਕਨੀਕਾਂ ਦੀ ਪੜਚੋਲ ਕਰਦੇ ਹਾਂ ਜੋ ਰਾਜ ਦੇ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ।



**ਝੋਨੇ ਅਤੇ ਬਾਸਮਤੀ ਦੀਆਂ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ ਨੂੰ ਅਪਣਾਉਣਾ:** ਝੋਨੇ ਅਤੇ ਬਾਸਮਤੀ ਦੀਆਂ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ ਨੂੰ ਅਪਣਾਉਣਾ ਝੋਨੇ ਦੀ ਕਾਸ਼ਤ ਵਿੱਚ ਪਾਣੀ ਦੀ ਬੱਚਤ ਲਈ ਸਭ ਤੋਂ ਮਹੱਤਵਪੂਰਨ ਤਰੀਕਾ ਹੈ। ਝੋਨੇ ਦੀਆਂ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਲਗਭਗ 150-160 ਦਿਨਾਂ ਵਿੱਚ ਪੱਕਦੀਆਂ ਹਨ ਜਦਕਿ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ 120-140 ਦਿਨਾਂ ਵਿੱਚ ਪੱਕ ਜਾਂਦੀਆਂ ਹਨ। ਜਿਸ ਨਾਲ ਸਿੰਚਾਈ ਦੇ ਪਾਣੀਆਂ ਦੀ ਕਾਫ਼ੀ ਬੱਚਤ ਹੋ ਜਾਂਦੀ ਹੈ। ਇਨ੍ਹਾਂ ਕਿਸਮਾਂ ਨੂੰ ਅਪਣਾ ਕੇ ਪੈਦਾਵਾਰ ਨਾਲ ਸਮਝੌਤਾ ਕੀਤੇ ਬਿਨਾਂ ਪਾਣੀ ਦੀ ਖਪਤ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਇਹ ਕਿਸਮਾਂ ਮੌਸਮੀ ਤਬਦੀਲੀਆਂ ਅਤੇ ਅਨਿਸ਼ਚਿਤਾਵਾਂ ਦਾ ਟਾਕਰਾ ਕਰਨ ਦੀ ਵੀ ਵਧੇਰੇ ਸਮਰੱਥਾ ਰੱਖਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਝੋਨੇ ਅਤੇ ਬਾਸਮਤੀ ਦੀਆਂ ਪੀ ਆਰ 126, ਪੀ ਆਰ 132, ਪੀ ਆਰ 131, ਪੀ ਆਰ 129, ਪੀ ਆਰ 128, ਪੀ ਆਰ 114, ਪੂਸਾ ਬਾਸਮਤੀ 1847, ਪੰਜਾਬ ਬਾਸਮਤੀ 7, ਪੂਸਾ ਬਾਸਮਤੀ 1718, ਪੂਸਾ ਬਾਸਮਤੀ 1121, ਪੂਸਾ ਬਾਸਮਤੀ 1509 ਆਦਿ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ ਦੀ ਕਾਸ਼ਤ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਝੋਨੇ ਦੀ ਲਵਾਈ ਨੂੰ 20 ਜੂਨ ਤੋਂ ਸ਼ੁਰੂ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਇਸ ਸਮੇਂ ਤੋਂ ਪਹਿਲਾਂ ਬੀਜੇ ਗਏ ਝੋਨੇ ਵਿੱਚ ਉੱਚ ਤਾਪਮਾਨ ਅਤੇ ਜ਼ਿਆਦਾ ਵਾਸ਼ਪੀਕਰਨ ਕਾਰਨ ਸਿੰਚਾਈ ਦੇ ਪਾਣੀ ਦੀ ਖਪਤ ਵੱਧ ਹੁੰਦੀ ਹੈ। ਜਦਕਿ ਜੇਕਰ ਝੋਨੇ ਦੀ ਲਵਾਈ 20 ਜੂਨ ਨੂੰ ਜਾਂ ਉਸ ਤੋਂ ਬਾਅਦ ਕੀਤੀ ਜਾਂਦੀ ਹੈ ਤਾਂ ਮੌਨਸੂਨ ਦੀ ਸ਼ੁਰੂਆਤ ਨਾਲ ਸਿੰਚਾਈ ਲਈ ਵਰਤੇ ਜਾਣ ਵਾਲੇ ਧਰਤੀ ਹੇਠਲੇ ਪਾਣੀ ਦੀ ਘੱਟ ਲੋੜ ਕਾਰਨ ਇਹ ਨੁਕਸਾਨ ਘੱਟ ਜਾਂਦਾ ਹੈ।



**ਝੋਨੇ ਦੀ ਤਰ-ਵੱਤਰ ਸਿੱਧੀ ਬਿਜਾਈ:** ਝੋਨੇ ਦੀ ਤਰ-ਵੱਤਰ ਸਿੱਧੀ ਬਿਜਾਈ (ਡੀ.ਐੱਸ.ਆਰ.) ਇੱਕ ਅਹਿਮ ਸਰੋਤ-ਸੰਭਾਲ ਤਕਨੀਕ ਹੈ। ਤਰ-ਵੱਤਰ ਵਿਧੀ ਰਾਹੀਂ ਸਿੱਧੇ ਬੀਜੇ ਝੋਨੇ ਦਾ ਵਾਧਾ ਅਤੇ ਵਿਕਾਸ ਬਹੁਤ ਵਧੀਆ ਹੁੰਦਾ ਹੈ, ਕਿਉਂਕਿ ਇਸ ਵਿਧੀ ਨਾਲ ਬੀਜੇ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਜ਼ਰੂਰਤ ਨਹੀਂ ਰਹਿੰਦੀ। ਇਸ ਤਰੀਕੇ ਨਾਲ ਬੀਜੇ ਝੋਨੇ ਵਿੱਚ ਪਾਣੀ ਦੀ ਖਪਤ ਨੂੰ 10-20 ਫੀਸਦੀ ਤੱਕ ਘਟਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਸਿੱਧੀ ਬਿਜਾਈ ਕਰਨ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਆਉਂਦਾ ਹੈ, ਧਰਤੀ ਹੇਠਲੇ ਪਾਣੀ ਦੇ ਰੀਚਾਰਜ ਵਿੱਚ 10-12 ਫੀਸਦੀ ਵਾਧਾ ਹੁੰਦਾ ਹੈ ਅਤੇ ਮਜ਼ਦੂਰੀ ਦਾ ਖ਼ਰਚਾ ਵੀ ਘਟਦਾ ਹੈ। ਝੋਨੇ ਦੀ ਸਿੱਧੀ ਬਿਜਾਈ ਲਈ ਲੱਕੀ ਸੀਡ ਡਰਿੱਲ ਜਾਂ ਟੇਢੀਆਂ ਪਲੇਟਾਂ ਵਾਲੇ ਪਲਾਂਟਰਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਝੋਨੇ ਨੂੰ ਪਾਣੀ ਸੁਕਾ-ਸੁਕਾ ਕੇ ਲਗਾਉਣਾ:** ਝੋਨੇ ਵਿੱਚ ਪਹਿਲੇ ਪਾਣੀ ਨੂੰ ਜ਼ੀਰਨ ਤੋਂ ਦੋ ਦਿਨ ਬਾਅਦ ਸਿੰਚਾਈ ਕਰਨ ਦੀ ਵਿਧੀ ਨਾਲ ਫ਼ਸਲ ਦੇ ਝਾੜ ਨੂੰ ਬਿਨਾਂ ਪ੍ਰਭਾਵਿਤ ਕੀਤੇ ਪਾਣੀ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ। ਝੋਨੇ ਦੀ ਲੁਆਈ ਤੋਂ ਬਾਅਦ ਖੇਤ ਵਿੱਚ ਪਹਿਲੇ 15 ਦਿਨ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਲੋੜ ਹੁੰਦੀ ਹੈ ਤਾਂ ਜੋ ਨਦੀਨਾਂ ਨੂੰ ਉੱਗਣ ਤੋਂ ਰੋਕਿਆ ਜਾ ਸਕੇ। ਇਸ ਤੋਂ ਬਾਅਦ ਪਹਿਲੇ ਪਾਣੀ ਦੇ ਜ਼ੀਰਨ ਤੋਂ ਦੋ ਦਿਨ ਬਾਅਦ ਅਗਲੀ ਸਿੰਚਾਈ ਕਰਨੀ ਚਾਹੀਦੀ ਹੈ। ਇਸ ਤਰੀਕੇ ਨਾਲ ਫ਼ਸਲ ਨੂੰ ਉੱਲੀ ਰੋਗ ਵੀ ਘੱਟ ਲੱਗਦਾ ਹੈ, ਜਿਸ ਨਾਲ ਉੱਲੀਨਾਸ਼ਕ ਸਪਰੇਆਂ ਦਾ ਖ਼ਰਚਾ ਵੀ ਘਟਦਾ ਹੈ।

**ਛੋਟੇ ਆਕਾਰ ਦੇ ਕਿਆਰੇ ਪਾਉਣਾ:** ਇਸ ਤਕਨੀਕ ਵਿੱਚ ਵੱਡੇ ਖੇਤਾਂ ਨੂੰ ਛੋਟੇ (0.2 ਤੋਂ 0.5 ਏਕੜ) ਆਕਾਰ ਦੇ ਕਿਆਰਿਆਂ ਵਿੱਚ ਵੰਡਿਆ ਜਾਂਦਾ ਹੈ ਅਤੇ ਹਰੇਕ ਕਿਆਰੇ ਦੀ ਵੱਖਰੇ ਤੌਰ 'ਤੇ ਸਿੰਚਾਈ ਕੀਤੀ ਜਾਂਦੀ ਹੈ। ਅਜਿਹਾ ਕਰਨ ਨਾਲ ਪਾਣੀ ਦੇ ਰਿਸਾਅ ਅਤੇ ਵਹਾਅ ਦੌਰਾਨ ਹੋਣ ਵਾਲੇ

ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ। ਛੋਟੇ ਕਿਆਰੇ ਕਿਸਾਨਾਂ ਨੂੰ ਹੋਰ ਫ਼ਸਲਾਂ ਵਿੱਚ ਸਿੰਚਾਈ ਦੀਆਂ ਹੋਰ ਤਕਨੀਕਾਂ ਨੂੰ ਅਪਣਾਉਣ ਦੇ ਯੋਗ ਵੀ ਬਣਾਉਂਦੇ ਹਨ, ਜਿਵੇਂ ਕਿ ਤੁਪਕਾ ਸਿੰਚਾਈ ਅਤੇ ਫੁਹਾਰਾ ਸਿੰਚਾਈ, ਜੋ ਪਾਣੀ ਦੀ ਖਪਤ ਨੂੰ ਹੋਰ ਘਟਾ ਸਕਦੀਆਂ ਹਨ। ਛੋਟੇ ਕਿਆਰਿਆਂ ਦੀ ਵਰਤੋਂ ਨਾਲ ਝੋਨੇ ਦੀ ਕਾਸ਼ਤ ਵਿੱਚ 10-15 ਫੀਸਦੀ ਤੱਕ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

**ਖੇਤਾਂ ਨੂੰ ਠੰਢਾ ਕਰਨ ਦੀ ਰਵਾਇਤ ਨੂੰ ਖ਼ਤਮ ਕਰਨਾ:** ਪੰਜਾਬ ਵਿੱਚ ਕਣਕ ਦੀ ਵਾਢੀ ਤੋਂ ਬਾਅਦ ਖਾਲੀ ਖੇਤਾਂ ਦੀ ਸਿੰਚਾਈ ਕਰਨ ਦੀ ਰਵਾਇਤੀ ਪ੍ਰਥਾ ਕਾਰਨ ਕਾਫ਼ੀ ਮਾਤਰਾ ਵਿੱਚ ਪਾਣੀ ਬਰਬਾਦ ਹੋ ਜਾਂਦਾ ਹੈ। ਇਹ ਰਵਾਇਤ, ਹਾਲਾਂਕਿ ਹਾਨੀਕਾਰਕ ਨਹੀਂ ਜਾਪਦੀ, ਪਰ ਇਸ ਦੇ ਨਤੀਜੇ ਵਜੋਂ ਪਾਣੀ ਦਾ ਕਾਫ਼ੀ ਨੁਕਸਾਨ ਹੁੰਦਾ ਹੈ, ਕਿਉਂਕਿ ਸਿੰਚਾਈ ਵਾਲੇ ਪਾਣੀ ਦੀ ਵਰਤੋਂ ਕਿਸੇ ਵੀ ਫ਼ਸਲ ਦੁਆਰਾ ਨਹੀਂ ਕੀਤੀ ਜਾਂਦੀ। ਇਸ ਪ੍ਰਥਾ ਨੂੰ ਬੰਦ ਕਰਕੇ, ਕਾਫ਼ੀ ਮਾਤਰਾ ਵਿੱਚ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਇਹ ਪ੍ਰਥਾ ਨਾ ਸਿਰਫ਼ ਪਾਣੀ ਦੀ ਬਰਬਾਦੀ ਕਰਦੀ ਹੈ, ਬਲਕਿ ਫ਼ਸਲ ਵਿੱਚ ਉੱਲੀ ਵਾਲੀਆਂ ਬਿਮਾਰੀਆਂ ਵਿੱਚ ਵੀ ਵਾਧਾ ਕਰਦੀ ਹੈ। ਕਣਕ ਤੋਂ ਬਾਅਦ ਖੇਤ ਨੂੰ ਸੁੱਕਾ ਵਾਹੁਣ ਨਾਲ ਮਈ ਮਹੀਨੇ ਵਿੱਚ ਸੂਰਜ ਦੀ ਗਰਮੀ ਅਤੇ ਤਪਸ਼ ਝੋਨੇ ਨੂੰ ਲੱਗਣ ਵਾਲੀਆਂ ਬਿਮਾਰੀਆਂ ਨੂੰ ਵੀ ਘਟਾਉਂਦੀ ਹੈ।

**ਜ਼ਮੀਨਦੋਜ਼ ਪਾਈਪਲਾਈਨ ਸਿਸਟਮ ਦੀ ਵਰਤੋਂ:** ਜ਼ਮੀਨਦੋਜ਼ ਪਾਈਪਲਾਈਨ ਸਿਸਟਮ ਦੀ ਵਰਤੋਂ ਕਰਨ ਨਾਲ ਪਾਣੀ ਦੇ ਵਾਸ਼ਪੀਕਰਨ ਅਤੇ ਰਿਸਾਅ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ। ਜ਼ਮੀਨਦੋਜ਼ ਪਾਈਪਲਾਈਨ ਸਿਸਟਮ ਪਾਣੀ ਦੀ ਚੋਰੀ ਨੂੰ ਵੀ ਘਟਾਉਂਦਾ ਹੈ ਅਤੇ ਇਸ ਦੇ ਨਾਲ ਹੀ ਜਾਨਵਰਾਂ, ਮੌਸਮ ਅਤੇ ਮਨੁੱਖੀ ਗਤੀਵਿਧੀਆਂ ਦੁਆਰਾ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਅ ਹੁੰਦਾ ਹੈ। ਜ਼ਮੀਨਦੋਜ਼ ਪਾਈਪਲਾਈਨ ਪ੍ਰਣਾਲੀ ਨੂੰ ਅਪਣਾ ਕੇ ਕਿਸਾਨ ਵੀਰ ਪਾਣੀ ਦੀ ਬੱਚਤ ਕਰ ਸਕਦੇ ਹਨ, ਊਰਜਾ ਦੀ ਖਪਤ ਨੂੰ ਘਟਾ ਸਕਦੇ ਹਨ ਅਤੇ ਫ਼ਸਲਾਂ ਦੀ ਪੈਦਾਵਾਰ ਵਿੱਚ ਸੁਧਾਰ ਕਰ ਸਕਦੇ ਹਨ।

**ਸਿੰਚਾਈ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ:** ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨਾ ਵੀ ਇੱਕ ਮਹੱਤਵਪੂਰਨ ਤਰੀਕਾ ਹੈ। ਨਹਿਰੀ ਪਾਣੀ ਦੀ ਪੂਰੀ ਸਮਰੱਥਾ ਨਾਲ ਵਰਤੋਂ ਕਰਕੇ, ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਨੂੰ ਘਟਾਇਆ ਜਾ ਸਕਦਾ ਹੈ। ਨਹਿਰੀ ਪਾਣੀ ਦੀ ਵਰਤੋਂ ਧਰਤੀ ਹੇਠਲੇ ਪਾਣੀ ਦੇ ਮੁਕਾਬਲੇ ਵਧੇਰੇ ਟਿਕਾਊ ਅਤੇ ਨਵਿਆਉਣਯੋਗ ਵਿਕਲਪ ਹੈ। ਇਸ ਤੋਂ ਇਲਾਵਾ, ਨਹਿਰੀ ਪਾਣੀ ਦੀ ਵਰਤੋਂ ਕਰਨ ਲਈ ਘੱਟ ਊਰਜਾ ਦੀ ਜ਼ਰੂਰਤ ਪੈਂਦੀ ਹੈ, ਕਿਉਂਕਿ ਇਸ ਨੂੰ ਧਰਤੀ ਹੇਠਲੇ ਪਾਣੀ ਦੇ ਬਰਾਬਰ ਪੰਪਿੰਗ ਦੀ ਜ਼ਰੂਰਤ ਨਹੀਂ ਪੈਂਦੀ। ਨਹਿਰੀ ਪਾਣੀ ਦੀ ਵੰਡ ਪ੍ਰਣਾਲੀ ਵਿੱਚ ਨਿਵੇਸ਼ ਕਰਕੇ ਅਤੇ ਨਹਿਰੀ ਪਾਣੀ ਦੀ ਵਰਤੋਂ ਦੇ ਫਾਇਦਿਆਂ ਬਾਰੇ ਕਿਸਾਨਾਂ ਵਿੱਚ ਜਾਗਰੂਕਤਾ ਪੈਦਾ ਕਰਕੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਬਾਖੂਬੀ ਸੰਭਾਲ ਕੀਤੀ ਜਾ ਸਕਦੀ ਹੈ।

-0-

**ਸਿਹਤ ਸੰਭਾਲ**

# ਖਾਣ ਪੀਣ ਦੇ ਵਿਗਾੜ ਨਾਲ ਵਧ ਰਹੀਆਂ ਬਿਮਾਰੀਆਂ

**ਅਨਿਲ ਧੀਰ (ਡਾ.)**

**ਖਾਣ-ਪੀਣ ਦੇ ਵਿਗਾੜ ਬਾਰੇ ਜਾਗਰੂਕਤਾ ਹਫ਼ਤਾ (ਈਟਿੰਗ ਡਿਸਆਰਡਰ ਅਵੇਅਰਨੈੱਸ ਵੀਕ- 24 ਫਰਵਰੀ ਤੋਂ 2 ਮਾਰਚ) ਹਫਤਾ-2025 ਦਾ ਥੀਮ ਹੈ- ਕੀ ਕੋਈ ਵੀ ਖਾਣ-ਪੀਣ ਦੇ ਵਿਗਾੜ ਨਾਲ ਪ੍ਰਭਾਵਿਤ ਹੋ ਸਕਦਾ ਹੈ? ਖਾਣ-ਪੀਣ ਦੇ ਵਿਗਾੜ ਵਾਲੇ ਲੋਕ ਆਮ ਨਾਲੋਂ 5 ਗੁਣਾ ਵੱਧ ਅਲਕੋਹਲ ਅਤੇ ਨਾਜਾਇਜ਼ ਦਵਾਈਆਂ ਦਾ ਇਸਤੇਮਾਲ ਕਰ ਰਹੇ ਹਨ। ਡਾਇਬਟੀਜ਼ ਦੇ ਰੋਗੀ ਜੋ ਖਾਣ-ਪੀਣ ਵਿਗਾੜ ਦੇ ਸ਼ਿਕਾਰ ਹਨ, ਨੂੰ ਸ਼ੂਗਰ ਕੰਟਰੋਲ ਕਰਦਿਆਂ ਸ਼ੂਗਰ ਦੀਆਂ ਪੇਚੀਦਗੀਆਂ, ਭਾਵ, ਦਿਲ ਦੇ ਰੋਗ, ਸਟ੍ਰੋਕ, ਨਿਊਰੋਪੈਥੀ, ਅੱਖਾਂ ਦੀ ਘਟ ਰਹੀ ਰੋਸ਼ਨੀ ਅਤੇ ਗੁਰਦੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।**

ਸੰਸਾਰ ਭਰ ਵਿੱਚ ਖਾਣ-ਪੀਣ ਦੇ ਵਿਗਾੜ ਬਾਰੇ ਜਾਗਰੂਕਤਾ ਹਫ਼ਤੇ ਦੌਰਾਨ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੂੰ ਖਾਣ-ਪੀਣ ਦੇ ਵਿਹਾਰ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਮਾੜਾ ਖਾਣ-ਪੀਣ ਸਰੀਰ ਅਤੇ ਮਨ ਨੂੰ ਬਿਮਾਰ ਕਰ ਰਿਹਾ ਹੈ। ਐਨੋਰੈਕਸੀਆ ਨਰਵੋਸਾ (anorexia nervosa), ਬੁਲੀਮੀਆ ਨਰਵੋਸਾ (bulimia nervosa) ਅਤੇ ਬਿੰਜ ਈਟਿੰਗ (binge eating) ਵਗੈਰਾ ਦਾ ਆਮ ਅਸਰ ਦੇਖਿਆ ਜਾਂਦਾ ਹੈ। ਸੰਸਾਰ ਭਰ ਵਿੱਚ ਭੋਜਨ ਦਾ ਹਰ ਆਦਮੀ ਨਾਲ ਵੱਖਰਾ ਰਿਸ਼ਤਾ ਹੁੰਦਾ ਹੈ। ਜ਼ਿੰਦਗੀ ਵਿੱਚ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਗ਼ਲਤ ਖਾਣਾ ਪੀਣਾ, ਨਕਾਰਾਤਮਕ ਸੋਚ, ਸਦਮਾ, ਗ਼ੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਅਮਰੀਕਾ ਵਿੱਚ ਤਕਰੀਬਨ 3 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ ਵਿੱਚ ਅਤੇ 10 ਮਿਲੀਅਨ ਆਦਮੀ, ਇਹ ਬਿਗਾੜ ਦੇ ਅਸਰ ਹੇਠ ਹਨ। ਸੰਸਾਰ ਭਰ ਵਿੱਚ ਤਕਰੀਬਨ 7.20 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿੱਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਖ਼ਤਰਨਾਕ ਮਾਨਸਿਕ ਬਿਮਾਰੀ ਐਨੋਰੈਕਸੀਆ ਨਰਵੋਸਾ ਕਾਰਨ ਆਤਮ-ਹੱਤਿਆਵਾਂ ਦਾ ਅੰਕੜਾ ਵਧਿਆ ਹੈ।

ਖਾਣ-ਪੀਣ ਦੇ ਵਿਗਾੜ ਦੌਰਾਨ ਕਈ ਤਰ੍ਹਾਂ ਦੇ ਲੱਛਣ ਪ੍ਰਗਟ ਹੁੰਦੇ ਹਨ। ਇਨ੍ਹਾਂ ਵਿੱਚ ਮਾਹਵਾਰੀ ਦਾ ਬੰਦ ਹੋ ਜਾਣਾ, ਡੀਹਾਈਡ੍ਰੇਸ਼ਨ ਕਾਰਨ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਹੁੰ, ਅਸਹਿਣਸ਼ੀਲਤਾ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਗੁਰਦਿਆਂ ਦੇ ਰੋਗ, ਹੱਡੀਆਂ ਦੀ ਘਣਤਾ (ਓਸਟੀਓਪੇਨੀਆ ਤੇ ਓਸਟੀਓਪੋਰੋਸਿਸ), ਉਦਾਸੀ, ਚਿੜਚਿੜਾਪਨ, ਥਕਾਵਟ, ਇਕਾਗਰਤਾ ਭੰਗ ਹੋਣਾ ਆਦਿ ਸ਼ਾਮਿਲ ਹਨ।

ਐਨੋਰੈਕਸੀਆ ਨਰਵੋਸਾ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਹੈ। ਬੁਲੀਮੀਆ ਨਰਵੋਸਾ ਵਿੱਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਵਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਨ ਆਦਮੀ ਭੁੱਖ ਤੋਂ ਵੱਧ ਖਾਣ-ਪੀਣ ਬਾਰੇ ਖੁਦ ਨੂੰ ਕੰਟਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁਝ ਲੋਕ ਰੁਕ-ਰੁਕ ਕੇ ਖਾਂਦੇ ਹਨ।

ਪਿਕਾ (ਪਚਿਓ) ਖਾਣ-ਪੀਣ ਦਾ ਅਜਿਹਾ ਵਿਗਾੜ ਹੈ ਜਿਸ ਵਿੱਚ ਪੀੜਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ ਜਿਸ ਵਿੱਚ ਕੋਈ ਪੋਸ਼ਕ ਤੱਤ ਨਹੀਂ ਹੁੰਦੇ। ਅਜਿਹਾ ਵਿਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮ ਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਨਾਲ ਬਦਲਦੇ ਰਹਿੰਦੇ ਹਨ ਅਤੇ ਇਸ ਵਿੱਚ ਕਾਗਜ਼, ਪੇਂਟ ਚਿਪਸ, ਸਾਬਣ, ਕੱਪੜਾ, ਵਾਲ, ਚਾਕ, ਕੰਕਰ, ਕੋਲਾ, ਮਿੱਟੀ ਆਦਿ ਹੋ ਸਕਦੇ ਹਨ। ਪਿਕਾ ਵਿਗਾੜ ਛੋਟੀ ਉਮਰ ਵਿੱਚ ਹੋ ਸਕਦਾ ਹੈ। ਉਗਾਲੀ (rumination disorder) ਵਿੱਚ ਖਾਣਾ ਖਾਣ ਤੋਂ ਬਾਅਦ ਭੋਜਨ ਬਾਹਰ ਕੱਢਣਾ ਤੇ ਇਸ ਨੂੰ ਦੁਬਾਰਾ ਚਬਾਉਣਾ ਅਤੇ ਥੁੱਕਣ ਦੀ ਕਿਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥਾ ਵਿੱਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਨ ਵਾਰ-ਵਾਰ ਹੋ ਸਕਦਾ ਹੈ।

ਇਨ੍ਹਾਂ ਵਿਗਾੜਾਂ ਤੋਂ ਬਚਾਓ ਖਾਸ ਦੇਖਭਾਲ ਦੀ ਲੋੜ ਹੁੰਦੀ ਹੈ:

-ਸਰੀਰ ਅਤੇ ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਦੇ ਮਾਨਸਿਕ ਇਲਾਜ ਦੇ ਨਾਲ-ਨਾਲ ਪੋਸ਼ਣ ਸਬੰਧੀ ਸੈਸ਼ਨ ਅਤੇ ਕਦੇ-ਕਦੇ ਸਾਈਕੋ-ਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।

-ਐਨੋਰੈਕਸੀਆ ਨਰਵੋਸਾ ਪੀੜਤਾਂ ਦੇ ਖਾਣ-ਪੀਣ ਅਤੇ ਵਜ਼ਨ ਕੰਟਰੋਲ ਕਰਨ ਦੇ ਵਿਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

-ਮਾਂ ਬਾਪ ਦੀ ਜ਼ਿੰਮੇਵਾਰੀ ਬਚਪਨ ਵਿੱਚ ਵੱਡੇ ਹੋ ਰਹੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਬਾਰੇ ਜਾਗਰੂਕ ਕਰਨ ਦੀ ਹੈ। ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ-ਮਸ਼ਵਰਾ ਕਰਦੇ ਰਹਿਣਾ ਚਾਹੀਦਾ ਹੈ।

-ਕੌਮਾਂਤਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਤਾਂ ਦਾ ਵਜ਼ਨ ਬਹਾਲ ਕਰਨ ਅਤੇ ਖਾਣ-ਪੀਣ ਦਾ ਵਿਹਾਰ ਆਮ ਬਣਾਉਣ ਵਿੱਚ ਵਿਸ਼ੇਸ਼ ਪ੍ਰੋਗਰਾਮ ਹਨ।

-ਬਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ ਵੱਲ ਧਿਆਣ ਦੇਣ ਦੀ ਲੋੜ ਹੈ ਕਿਉਂਕਿ ਪ੍ਰਭਾਵਿਤ ਆਦਮੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਉਤੇਜਨਾ ਨਾਲ ਪਰਿਵਾਰ ਲਈ ਮੁਸ਼ਕਿਲਾਂ ਵਧ ਵੀ ਜਾਂਦੀਆਂ ਹਨ।

-ਬੁਲੀਮੀਆ ਨਰਵੋਸਾ ਵਾਲੇ ਫੀੜਤ ਆਮ ਤੌਰ 'ਤੇ ਬਦਲਵੀਂ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲਾ ਸੁਰੱਖਿਅਤ ਭੋਜਨ ਲੈਂਦੇ ਹਨ ਅਤੇ ਵਰਜਿਤ ਉੱਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਵਾਰ ਗੰਭੀਰ ਹਾਲਤ ਵਿੱਚ ਈਸੋਫੇਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦਾ ਖ਼ਦਸ਼ਾ ਹੋ ਸਕਦਾ ਹੈ। ਇਸ ਸੂਰਤ ਵਿਚ ਮਾਹਿਰ ਵੱਲੋਂ ਮੁਆਇਨਾ (ਡਾਇਗਨੋਜ਼) ਅਤੇ ਇਲਾਜ ਜ਼ਰੂਰੀ ਹੋ ਜਾਂਦਾ ਹੈ।

ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿੱਚ ਬਿਨਾਂ ਦੇਰੀ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਇਲਾਜ ਦੌਰਾਨ ਲਾਪ੍ਰਵਾਹੀ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿੱਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਇਮਦਾਦ ਕਰ ਸਕਦਾ ਹੈ।

-0-

**Continuing from Page 36**

is crucified, he says, “Oh God, I did not know that before offering the prayer of love, one has to perform ablution with blood.” When Abhimanyu dies in the battlefield of Kurukshetra, Arjun throws down his weapon. Guru Arjan Sahib Ji is being martyred. How beautiful was his face at the time of martyrdom. Bhai GurdasJi describes the brilliance of Guru Arjan Ji in this way in his Vaar 24:

**ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ॥**
**ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥**
**ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ॥**
**ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ॥**
**ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ॥**
**ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ॥**
**ਗੁਰ ਅਰਜਨ ਵਿਟਹੁ ਕੁਰਬਾਣੀ॥**

Guru Ramdas has stated in their bani:

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ (757)**

What is written in the Bani , Guru Arjan Sahib ji has shown us by wearing on himself.

**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ (757)**

**What kind of chhabeel panth requires?**

On the day of Guru Arjan Sahib Ji's martyrdom, we will have to think about what kind of water we need today. Let's use the sweet water. But how will the beloved and truthful history of Guru Arjan Sahib Ji reach the world by using only the sweet water ? Today, we need to use the water of Bani. Where we use the sweet water, we should also use the water of Bani to tell people how unique the martyrdom of Guru Arjan Sahib Ji is. -0-

**पृष्ठ 34 का बाकी**

सिंह आदि समेत दिल्ली के लाल किले में से निकालकर सरबराह खान कोतवाल और ईबराहीमुदीन खान मीरि–आतिश की निगरानी में जलूस की शक्ल में कुतुबमीनार के पास खवाज़ा कुतबदीन बखतियार काकी के रोज़े के पास पहूँचाया गया। उस समय बाबा बंदा सिंह जी को ज़ंजीरों से ज़कड़ कर, तिल्ले से निकली लाल पगड़ी और तिल्लेदार पौशाक पहनाई हुई थी और हाथी पर चढ़ाया हुआ था। अन्य 26 सिंह संगलों के साथ जकड़े हुये उनके साथ थे। बाबा जी को हाथी से उतार कर ज़मीन पर बिठा दिया गया। बाबा जी ने सिदकी सिंघों की तरह मौत को खुशी–खुशी कबूल किया।

उनको कहा गया कि वह अपने चार वर्ष के बच्चे अजय सिंह को कत्ल करें। बाबा जी ने इन्कार कर दिया। फिर क्या था जल्लाद ने एक लम्बे छुरे (चाकू) से बच्चे के टुकड़े–टुकड़े कर दिये और उसका तड़पता दिल निकाल कर बंदा सिंह जी के मुख में डाल दिया। धन्य है बंदा सिंह के कि वह यह सभी कुछ अडोल रहकर वाहिगुरू की रज़ा समझ कर सहन कर गये।

अब मुगलों को विश्वास हो गया था कि बाबा जी को किसी तरह भी धर्म से नहीं गिराया जा सकेगा इस लिए उनको कष्ट देने शुरू कर दिये गये। जल्लाद ने सब से पहले उनकी दाई आंख निकाली और फिर बाईं। फिर पैरों को काट दिया और दोनों हाथ भी शरीर से अलग कर दिये। जलते हुए लाल गर्म लोहे के चिमटों से उनके शरीर की बोटीओं को खींच–खींच कर तोडा गया और अंत में उनका सिर शरीर से अलग कर दिया और टुकड़े–टुकड़े कर दिए। इन सभी कष्टों के समय बाबा जी बिल्कुल अडोल और शान्तचित रहे और इस तरह सिक्ख इतिहास में सिदकदिली से शहीदों की कतार में शामिल हो गये।

—0—

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



## ਲਾੜੀ ਦੀ ਲੋੜ

**ਫਾਰਮ ਨੰ. 303**
ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

-0-

## ਲਾੜੇ ਦੀ ਲੋੜ

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

-0-

# ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਤਰਨਤਾਰਨ (97812-94959)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਕੈਰੋਂ ਵੱਲੋਂ 5 ਪਿੰਡਾਂ ਵਿੱਚ ਅਤੇ ਬਾਬਾ ਦੀਪ ਸਿੰਘ ਬੇਗੇਪੁਰ ਸਕੂਲ, ਹਰੀ ਸਿੰਘ ਸੀਨੀਅਰ ਸੈਕੰਡਰੀ ਸਕੂਲ ਨੰਦਪੁਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ, ਗੁਰਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**2. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਅਤੇ ਇਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਵਿਸਾਖੀ (ਖਾਲਸਾ ਸਾਜਨਾ ਦਿਵਸ) ਨੂੰ ਸਮਰਪਿਤ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵਲੋਂ ਕਰਵਾਏ ਗਏ ਅੰਮ੍ਰਿਤ ਸੰਚਾਰ ਵਿਚ ਕੇਂਦਰ ਦੇ 11 ਬੱਚਿਆਂ ਨੇ ਅੰਮ੍ਰਿਤ ਪਾਨ ਕੀਤਾ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**3. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**ਮਾਲਵਾ:-**

**4. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਦੀ ਦੇਖ ਰੇਖ ਵਿੱਚ ਸਵੇਰ ਦੀ ਸਭਾ ਸਮੇਂ ਬੱਚੇ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। 58 ਬੱਚੇ ਸਹਿਜ ਪਾਠ ਕਰ ਰਹੇ ਹਨ, 18 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 9 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹਰ ਰੋਜ ਬੱਚਿਆਂ ਵਲੋਂ ਸ਼ਾਮ ਦੇ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸ ਸਾਹਿਬ ਦਾ ਪਾਠ, ਅਰਦਾਸ, ਹੁਕਮਨਾਮਾ ਸਾਹਿਬ ਤੇ ਸੁਖਆਸਨ ਦੀ ਸੇਵਾ ਹੁੰਦੀ ਹੈ। ਬੱਚਿਆਂ ਨੂੰ ਦਸਤਾਰ ਸਿਖਲਾਈ ਅਤੇ ਸਮਾਜਿਕ ਸਿਖਿਆ ਦੀਆਂ ਫ੍ਰੀ ਕਲਾਸਾਂ ਦਿੱਤੀਆਂ ਜਾਂਦੀਆਂ ਹਨ।

**6. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਬੱਲਰਾਂ ਜ਼ਿਲ੍ਹਾ ਸੰਗਰੂਰ ਵਿਖੇ ਹਰ ਰੋਜ਼ ਸਵੇਰੇ ਅਤੇ ਸ਼ਾਮ ਦੇ ਦੀਵਾਨਾਂ ਦੀ ਹਾਜਰੀ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ, ਜਿਸ ਵਿੱਚ ਪ੍ਰਕਾਸ਼, ਨਿਤਨੇਮ, ਅਰਦਾਸ, ਹੁਕਮਨਾਮਾ ਸਾਹਿਬ, ਰਹਿਰਾਸ ਸਾਹਿਬ ਤੇ ਸੁਖਆਸਣ ਦੀ ਸੇਵਾ ਕੀਤੀ ਜਾਂਦੀ ਹੈ। ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਕੀਰਤਨ ਅਤੇ ਦਸਤਾਰ ਦੀ ਸਿਖਲਾਈ ਦਿੱਤੀ ਜਾਂਦੀ ਹੈ।

**7. ਵਜੀਦ ਕੇ ਖੁਰਦ (75268-46700)-** ਪ੍ਰਚਾਰਕ ਭਾਈ ਲਖਵਿੰਦਰ ਸਿੰਘ ਰਾਈਆ ਵਲੋਂ 4.30 ਤੋਂ 6 ਵਜੇ ਤੱਕ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੱਚਿਆਂ ਦੀ ਸੰਥਿਆ ਦੀ ਕਲਾਸ ਵੀ ਲਗਾਈ ਗਈ ਅਤੇ ਹਫਤੇ ਦੇ 2 ਦਿਨ ਬੱਚਿਆਂ ਦੀ ਗੁਰਮਤਿ ਸੰਗੀਤ ਦੀ ਕਲਾਸ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਹਰਮੋਨੀਅਮ ਅਤੇ ਤਬਲੇ ਦੀ ਤਿਆਰੀ ਕਰਵਾਈ ਜਾਂਦੀ ਹੈ।

**8. ਰਤਨਗੜ੍ਹ ਸਿੰਧੜਾ (95177-54531)-** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ 3 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਸੰਗੀਤ ਦੀ ਕਲਾਸ ਵੀ ਲਗਾਈ ਜਾਂਦੀ ਹੈ।

**9. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਸਵੇਰੇ 11 ਤੋਂ 12.30 ਵਜੇ ਤੱਕ ਮਾਤਾਵਾਂ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 4 ਤੋਂ 5 ਵਜੇ ਤੱਕ ਛੋਟੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਤੋਂ 6 ਵਜੇ ਤੱਕ ਵੱਡੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੱਚੇ ਸਹਿਜ ਪਾਠ ਕਰ ਰਹੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**10. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 6 ਸਕੂਲਾਂ ਵਿੱਚ ਤੇ 4 ਪਿੰਡਾਂ ਵਿੱਚ ਗੁਰਮਤਿ ਤੇ ਨੈਤਿਕ ਸਿੱਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰੂ ਨਾਨਕ ਪਬਲਿਕ ਸਕੂਲ ਬੱਸੀਆਂ ਵਿਖੇ ਵਿਦਿਆਰਥੀਆਂ ਦੇ ਦਸਤਾਰ ਅਤੇ ਦੁਮਾਲਾ ਸਜਾਉਣ ਦੇ ਮੁਕਾਬਲੇ ਕਰਵਾਏ ਗਏ। 150 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਪੁਜੀਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। 13 ਅਪ੍ਰੈਲ ਨੂੰ ਰਾਏਕੋਟ ਵਿਖੇ ਦਸਤਾਰ ਮੁਕਾਬਲੇ ਕਰਵਾਏ ਗਏ। ਕੇਂਦਰ ਲਤਾਲਾ ਦੇ 7 ਬੱਚਿਆਂ ਨੇ ਇਨਾਮ ਜਿੱਤੇ। ਪਬਲਿਕ ਲਾਇਬ੍ਰੇਰੀ ਕਾਲਖ ਵਿਖੇ ਕਲਾਸ ਦੇ ਬੱਚਿਆਂ ਦੇ ਲਿਖਤੀ ਪੇਪਰ ਮੁਕਾਬਲੇ ਕਰਾਵਏ ਗਏ। ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਪਿੰਡ ਹਿੱਸੋਵਾਲ ਵਿਖੇ ਦਸਤਾਰ ਮੁਕਾਬਲੇ ਦੌਰਾਨ ਕੇਂਦਰ ਲਤਾਲਾ ਦੇ ਅਰਵਿੰਦਰਪਾਲ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ। 15 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**11. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ 3 ਸਕੂਲਾਂ ਵਿੱਚ ਹਫਤਾਵਾਰੀ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਕੇਂਦਰ ਵਿਖੇ ਰੋਜਾਨਾ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 6 ਸਕੂਲਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ ਹਨ ਅਤੇ ਮਈ ਮਹੀਨੇ ਵਿੱਚ ਵੀ ਕੈਂਪ ਲਗਾਤਾਰ ਜਾਰੀ ਹਨ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**12. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 7 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸ੍ਰੀ ਦਸ਼ਮੇਸ਼ ਕਾਨਵੈਂਟ ਹਾਈ ਸਕੂਲ ਪਿੰਡ ਅੱਟੀ ਵਿਖੇ ਨੈਤਿਕ ਸਿਖਿਆ ਕੈਂਪ ਲਗਾਇਆ ਗਿਆ। ਧਾਰਮਿਕ ਪ੍ਰੀਖਿਆ ਲਈ ਗਈ, ਜਿਸ ਵਿੱਚ ਅਵੱਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਪਿੰਡ ਰਟੈਂਡਾ ਵਿਖੇ ਇੱਕ ਪਰਿਵਾਰ ਵਲੋਂ ਸਹਿਜ ਪਾਠ ਦੀ ਸਮਾਪਤੀ ਅਤੇ ਆਰੰਭਤਾ ਕੀਤੀ ਗਈ। ਪਿੰਡ ਥਲਾ

ਵਿਖੇ ਕਲਾਸ ਵਿੱਚ ਹਾਜਰੀ ਭਰਦੇ ਇੱਕ ਪਰਿਵਾਰ ਵਲੋਂ ਖੰਡੇ ਬਾਟੇ ਦੀ ਪਾਹੁਲ ਛਕੀ ਗਈ। 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 4 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**13. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ (ਸ਼ੰਕਰ) ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਕੇਂਦਰ ਦੇ ਦੋ ਗੁਰਦੁਆਰਿਆਂ (ਗੁ: ਸਿੰਘ ਸਭਾ ਤੇ ਗੁ: ਸਾਹਿਬ ਫਲਾਹੀ ਵਾਲਾ) ਵਿਖੇ ਗੁਰਮਤਿ ਦੀਆਂ ਕਲਾਸ ਤੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕਲਾਸ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਨਾਲ ਨਾਲ ਬੱਚਿਆਂ ਦੀਆਂ ਕੀਰਤਨ ਕਲਾਸ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੇਂਦਰ ਵਿਖੇ ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। ਵੀਰਵਾਰ ਨੂੰ ਬੀਬੀਆਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਵਿਸਾਖੀ ਮੌਕੇ ਕੇਂਦਰ ਵਿਖੇ ਤੇ ਗੁਰਦੁਆਰਾ ਪਾਤਸ਼ਾਹੀ ਸਤਵੀਂ ਨੂਰਮਹਿਲ ਵਿਖੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। 18 ਅਪ੍ਰੈਲ ਨੂੰ ਪਿੰਡ ਹੇਰਾਂ ਵਿਖੇ ਵਿਸਾਖੀ ਮੌਕੇ ਹੋਏ ਗੁਰਮਤਿ ਸਮਾਗਮਾਂ ਵਿੱਚ ਬੱਚਿਆਂ ਵਲੋਂ ਕੀਰਤਨ, ਕਥਾ, ਲੈਕਚਰ, ਕਵਿਤਾਵਾਂ ਤੇ ਕਵੀਸ਼ਰੀ ਰਾਹੀ ਸੰਘਤ ਨੂੰ ਨਿਹਾਲ ਕੀਤਾ ਗਿਆ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤਾ ਹੈ।

**14. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਅਤੇ ਕਥਾ-ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਰੋਜ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਰ ਵੀਰਵਾਰ ਨੂੰ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**15. ਕਾਲੇਵਾਲ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ਼ਹੀਦਾਂ ਸਿੰਘਾਂ ਵਿਖੇ ਰੋਜਾਨਾ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਕਥਾ ਕੀਤੀ ਜਾਂਦੀ ਹੈ। ਐਸ.ਬੀ.ਐਚ.ਐਸ. ਸਕੂਲ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**16. ਇੰਦਣਾ ਕਲਾਸਕੇ (98151-07941)-** ਪ੍ਰਚਾਰਕ ਭਾਈ ਸਤਿਨਾਮ ਸਿੰਘ ਵਲੋਂ ਕੇਂਦਰ ਵਿਖੇ ਸਵੇਰੇ ਸ਼ਾਮ ਨਿਤਨੇਮ ਅਤੇ ਸਵੇਰੇ ਆਸਾ ਦੀ ਵਾਰ ਲੜੀਵਾਰ ਕਥਾ ਵੀਚਾਰ ਦੀ ਸੇਵਾ ਨਿਭਾਈ ਜਾਂਦੀ ਹੈ। 14 ਅਪ੍ਰੈਲ ਨੂੰ ਵਿਸਾਖੀ ਦਾ ਇਤਿਹਾਸਕ ਦਿਹਾੜਾ ਮਨਾਇਆ ਗਿਆ। ਗੁਰੂ ਦੀ ਸੰਗਤ ਨਾਲ ਖਾਲਸਾ ਪ੍ਰਗਟ ਦਿਹਾੜੇ ਸੰਬੰਧੀ ਵੀਚਾਰਾਂ ਸਾਂਝੀਆਂ ਕੀਤੀਆਂ ਗਈਆਂ। ਕੇਂਦਰ ਵਿਖੇ ਹਰ ਐਤਵਾਰ ਨੂੰ ਬੱਚਿਆਂ ਅਤੇ ਸੰਗਤ ਦੀ ਗੁਰਮਤਿ ਕਲਾਸ ਆਰੰਭ ਕੀਤੀ ਗਈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**17. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**18. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 11 ਵਜੇ ਤੋਂ 12.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 2.30 ਵਜੇ ਤੋਂ 4.00 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਗੁਰਮਤਿ ਦੀ ਸਭਾ ਲਗਾਈ ਗਈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**19. ਜਰਮਨ (0049163189 2161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**20. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**21. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

**ਸਫਾ 21 ਦਾ ਬਾਕੀ**

ਦਿੱਲੀ ਦਰਬਾਰ ਦੀ ਇੱਟ ਨਾਲ ਇੱਟ ਖੜਕਾ ਦਿਆਂ ? ਪਰ ਗੁਰੂ ਜੀ ਕਹਿ ਰਹੇ ਹਨ ਕਿ ਇੱਥੇ ਦੁਸ਼ਮਣ ਕਿਹੜਾ ਹੈ। ਉਨ੍ਹਾਂ ਫੁਰਮਾਇਆ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

ਫਿਰ ਉਸਨੇ ਕਿਹਾ ਕਿ ਪਾਤਸ਼ਾਹ, ਦਰਦ ਹੁੰਦਾ ਹੋਣਾ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਭਾਣੇ ਵਿੱਚ ਕੈਸਾ ਦਰਦ ਹੁੰਦਾ ਹੈ, ਗੁਰੂ ਸਾਹਿਬ ਜੀ ਨੇ ਫੁਰਮਾਇਆ:

ਤੇਰਾ ਕੀਆ ਮੀਠਾ ਲਾਗੈ॥<br>ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

ਕਈ ਦਿਨਾਂ ਦੇ ਕਠੋਰ ਤਸੀਹਿਆਂ ਤੋਂ ਬਾਅਦ, ਗੁਰੂ ਜੀ ਦੇ ਸਰੀਰ ਨੂੰ ਰਾਵੀ ਵਿੱਚ ਰੋੜਿਆ ਗਿਆ ਅਤੇ ਗੁਰੂ ਸਾਹਿਬ ਜੀ ਜੋਤੀ ਜੋਤ ਸਮਾ ਗਏ।

ਹੁਣ ਅਸੀਂ ਜਾਣਾਂਗੇ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਦੇ ਕਾਰਨ ਕੀ ਸੀ। ਕਿਉਂ ਗੁਰੂ ਸਾਹਿਬ ਨੂੰ, ਇੱਕ ਪੈਗੰਬਰ ਨੂੰ ਸਮੇਂ ਦੀ ਹਕੂਮਤ ਨੇ ਸ਼ਹੀਦ ਕਰ ਦਿੱਤਾ।

ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਪਹਿਲਾ ਕਾਰਨ ਉਹ ਲੋਕ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪਣੀ ਬਾਣੀ ਦਰਜ ਕਰਵਾਉਣਾ ਚਾਹੁੰਦੇ ਸਨ। ਚਾਰ ਕਵੀ ਕਾਨ੍ਹਾ, ਪੀਲੂ, ਛੱਜੂ ਅਤੇ ਹਸਨ ਪਾਤਸ਼ਾਹ ਕੋਲ ਆ ਕੇ ਕਹਿੰਦੇ ਹਨ ਕਿ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰ ਰਹੇ ਹੋ। ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਖਿਲਾਫ ਕਾਨ੍ਹਾ, ਪੀਲੂ, ਛੱਜੂ ਅਤੇ ਹਸਨ ਦੀ ਚੁੱਕ ਵਿੱਚ ਆ ਕੇ ਬੀਰਬਲ ਨੇ ਗੁਰੂ ਸਾਹਿਬ ਨੂੰ ਮਾਰਨ ਦੀ ਧਮਕੀ ਦਿੱਤੀ ਸੀ। ਪਰ ਯੂਸਫਜ਼ਈਆਂ ਨੇ ਬੀਰਬਲ ਨੂੰ ਅਫਗਾਨਿਸਤਾਨ ਦੀ ਸਰਹੱਦ 'ਤੇ ਕਤਲ ਕਰ ਦਿੱਤਾ ਸੀ।

ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਦੂਜਾ ਕਾਰਨ ਸੀ ਸਖੀ ਸਰਵਰ ਮੱਤ। ਸਖੀ ਸਰਵਰ ਮੱਤ ਆਮ ਭੋਲੇ-ਭਾਲੇ ਹਿੰਦੂ ਅਤੇ ਹੋਰ ਧਰਮਾਂ ਦੇ ਲੋਕਾਂ ਨੂੰ ਇਸਲਾਮ ਧਰਮ ਵਿੱਚ ਲੈ ਕੇ ਆਉਂਦਾ ਸੀ। ਪਰ ਗੁਰੂ ਸਾਹਿਬ ਜੀ ਦੇ ਸਿੱਖੀ ਪ੍ਰਚਾਰ ਨੇ ਇਸ ਮੱਤ ਨੂੰ ਕਾਫੀ ਹਦ ਤਕ ਖਤਮ ਕਰ ਦਿੱਤਾ ਸੀ।

ਅਖੀਰ ਜਹਾਂਗੀਰ ਨੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਸ਼ਹੀਦੀ ਸਮੇਂ ਗੁਰੂ ਸਾਹਿਬ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਸੀਸ 'ਤੇ ਗਰਮ ਰੇਤ ਪਾਈ ਗਈ। ਕਈ ਤਸੀਹਿਆਂ ਤੋਂ ਬਾਅਦ 1606 ਈਸਵੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾ ਗਏ, ਲਾਸਾਨੀ ਸ਼ਹਾਦਤ ਨੂੰ ਕੋਟਾਨ ਕੋਟ ਪ੍ਰਣਾਮ ਕਰਦੇ ਹਾਂ

ਵੈੱਬਸਾਈਟ 'ਦਾ ਖਾਲਸ' ਵਿਚੋਂ ਧੰਨਵਾਦ ਸਹਿਤ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਤਰਨਤਾਰਨ ਵਲੋਂ ਹਰੀ ਸਿੰਘ ਸੀ.ਸੈ. ਸਕੂਲ ਨੰਦਪੁਰ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਮਹਾਂਸਿੰਘਨਗਰ ਲੁਧਿਆਣਾ ਵਲੋਂ ਸਾਈਂ ਪਬਲਿਕ ਸਕੂਲ ਵਿਖੇ ਗੁਰਮਤਿ ਕੈਂਪ ਦੀ ਸਮਾਪਤੀ ਉਪਰੰਤ ਕੌਂਸਲਰ ਸਰੋਜ ਮੰਨਣ ਨੂੰ ਸਨਮਾਨਤ ਕੀਤਾ ਗਿਆ



ਕੇਂਦਰ ਰਤਨਗੜ੍ਹ ਸਿੰਧੜਾ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ ਪ੍ਰਬੰਧ ਵੀਰਾਂ ਨਾਲ।



ਬੀਬੀ ਰਵਿੰਦਰ ਕੌਰ ਡੀ.ਈ.ਓ. ਪ੍ਰਾਇਮਰੀ ਲੁਧਿਆਣਾ ਨੂੰ ਕਾਲਜ ਆਉਣ 'ਤੇ ਸਨਮਾਨਤ ਕੀਤਾ ਗਿਆ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਚੱਕ ਕਲਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਭੁੱਚਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਬੀਬੀਆਂ ਦੀ ਗੁਰਮਤਿ ਕਲਾਸ



ਸਰਕਾਰੀ ਸੀ.ਸੈ. ਸਕੂਲ ਡੇਹਲੋਂ ਵਿਖੇ ਭਾਈ ਅਮਰਪ੍ਰੀਤ ਸਿੰਘ ਗੁਰਮਤਿ ਕਲਾਸ ਲਗਾਉਂਦੇ ਹੋਏ।



ਕੇਂਦਰ ਜੰਮੂ ਦੇ ਗੁ: ਗੁਰੂ ਸਿੰਘ ਸਭਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

### ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਇਕ ਸੁਹਿਰਦ ਉਪਰਾਲਾ

# ਅੰਤਰਰਾਸ਼ਟਰੀ ਸਿੱਖ ਯੂਥ ਅਸੈਂਬਲੀ 2025













